# ਸਤਿਗੁਰੂ ਜਗਜੀਤ ਸਿੰਘ

# ਉਸਤਤਿ ਕਾਵਿ



ਪ੍ਰੋ. ਹਰਮਿੰਦਰ ਸਿੰਘ ਬੇਦੀ
ਪ੍ਰੋ. ਕੁਲਦੀਪ ਸਿੰਘ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ
# ਉਸਤਤਿ ਕਾਵਿ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ ਉਸਤਤਿ ਕਾਵਿ

ਸੰਪਾਦਕ

**ਪ੍ਰੋ. ਹਰਮਿੰਦਰ ਸਿੰਘ ਬੇਦੀ**
**ਪ੍ਰੋ. ਕੁਲਦੀਪ ਸਿੰਘ**

**UNiSTAR**

Sri Satguru Jagjit Singh Ji eLibrary NamdhariElibrary@gmail.com

**INTERNATIONAL PUBLISHERS**

**REPRESENTATION OFFICES**

• 596 Street, Madera, California-93638

• 8 Automatic Rd, Unit 2C, Brampton L6S 3N5, Canada

©

**Baba Satguru Ram Singh Chair**

**Central University of Punjab**

**Bathinda-151001**

ISBN: 978-93-5205-381-0

**Satguru Jagjit Singh Ustat Kav**

*Edited by :*

**Prof. Harminder Singh Bedi**

Chancellor

Central University, Himachal Pardesh

**Prof. Kuldip Singh**

**Chair Professor, Baba Satguru Ram Singh Chair &**

**Head Deptt. of History**

**Central University of Punjab, Bathinda**

**Mob : 94632-55697**

**E-mail : profkuldip@gmail.com**

2021

Published by

Unistar Books Pvt. Ltd.

Printed & bound at

301, Industrial Area, Phase-9,

S.A.S. Nagar, Mohali-Chandigarh (India)

email : unistarbooks@gmail.com

website : www.unistarbooks.com

Ph. +91-172-5027427, 5027429, 4027552

*©2021*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**ਸਮਰਪਣ**

ਨਾਮਧਾਰੀ ਸੰਪਰਦਾ ਦੇ ਵਰਤਮਾਨ ਰਹਿਨੁਮਾ

**ਸਤਿਗੁਰੂ ਉਦੇ ਸਿੰਘ ਜੀ**

ਨੂੰ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਤਤਕਰਾ


- ਭੂਮਿਕਾ
  –ਪ੍ਰੋ. ਹਰਮਿੰਦਰ ਸਿੰਘ ਬੇਦੀ, ਪ੍ਰੋ. ਕੁਲਦੀਪ ਸਿੰਘ 9
- ਧੰਨ ਧੰਨ ਸਤਿਗੁਰ 23
  –ਸ੍ਰੀਮਤੀ ਸਰਦਾਰਨੀ ਲੀਲਾਵੰਤੀ ਜੀ ਦਿੱਲੀ
- ਅਸਾਂ ਹੈ ਨਭੌਣਾ ਗੁਰੂ ਸਿੱਖ ਵਾਲੀ ਪਰੀਤ ਨੂੰ 25
- ਚਰਨਾਂ ਵਿਚ ਸੀਸ ਝੁਕਾ ਲਈਏ
  –ਬੀਬੀ ਜਗੀਰ ਕੌਰ ਸੰਧੂ ਮੋਰੀ ਵਾਲਾ 27
- ਸਤਿਗੁਰੂ ਜਗਜੀਤ ਸਿੰਘ ਜੀ !
  –ਪੂਰਨ ਸਿੰਘ ਰਾਏ ਕਲਕਤਾ 29
- ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ
  –ਕਵੀ ਸੁਖਦੇਵ ਸਿੰਘ ਜੀ 'ਦੇਵ' ਨੈਰੋਬੀ, ਅਫ਼ਰੀਕਾ 30
- ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ
  –ਸ੍ਰੀ ਦਰਸ਼ਨ ਸਿੰਘ ਜੀ 'ਦਰਸ਼ਨ' ਨੈਰੋਬੀ 33
- ਆਪਣੀ ਆਪ ਪਰਤੀਤ ਬਖਸ਼ੋ
  –ਸ੍ਰੀਮਤੀ ਬੀਬੀ ਗੁਰਬਚਨ ਕੌਰ ਜੀ ਬੈਂਕੋਕ ਸਿਆਮ 35
- ਬਖਸ਼ਣ ਹਾਰ ਸਤਿਗੁਰ
  –ਸੰਤ ਨਿਰੰਜਣ ਸਿੰਘ ਜੀ 'ਕੰਗ' ਟਮਕੌਡੀ 36
- ਗੁਰੂ ਨਾਮਧਾਰੀਆਂ
  –ਸ੍ਰੀ ਗੁਰਮੁਖ ਸਿੰਘ ਜੀ ਫਕਰ' ਸਰਹੰਦ ਸਿਟੀ 37
- ਮਹਾਨ ਹੈਂ ਆਪ
  –ਮਨਜੀਤ ਸਿੰਘ ਜੀ ਡੰਗ ਮੁਕਾਮਾ 38
- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਤ
  –ਸ੍ਰੀ ਸਤਿਨਾਮ ਸਿੰਘ ਜੀ ਦਿਲੀ 40


Sri Satguru Jagjit Singh Ji eLibrary NamdhariElibrary@gmail.com

• ਗੁਰੂ ਜਗਜੀਤ 'ਚ ਰੱਬ ਦਾ ਦੀਦਾਰਾ ਏ
–ਬੀਬੀ ਬਲਵਿੰਦਰ ਕੌਰ ਭੁਰਜੀ ਕਾਦੀਆਂ 43

• ਗੁਰੂ ਜਗਜੀਤ ਪਿਆਰਾ
–ਆਤਮਾ ਸਿੰਘ ਸਨਖਤ੍ਰਵੀ 45

• 'ਨਾਮ' ਨਾਲ ਜਿਤਿਆ ਜਹਾਨ 'ਜਗਜੀਤ ਗੁਰ'
–ਆਤਮਾ ਸਿੰਘ ਸਨਖਤ੍ਰਵੀ 46

• ਵਡ ਪਰਤਾਪੀ ਜੀ ਦੀ ਅੱਖੀਆਂ ਦੇ ਤਾਰਿਆ
–ਹਰਜਿੰਦਰ ਕੌਰ ਰਾਣੀ ਕੈਨੇਡਾ 49

• ਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ
–ਗੁਰਦੀਪ ਸਿੰਘ ਨਾਮਧਾਰੀ 51

• ਮਿਹਰਬਾਨ ਸਤਿਗੁਰ
–ਪੂਰਨ ਸਿੰਘ ਨਿਰਾਲਾ 53

• ਆਈਆਂ ਅੱਜ ਸਰਕਾਰਾਂ ਨੇ
–ਰਣਜੀਤ ਕੌਰ ਜੀਤ 55

• ਸਤਿਗੁਰੂ ਜਗਜੀਤ ਸਿੰਘ ਜੀ ਮ੍ਰਿਦੁਲੀ ਮੁਸਕਾਣ
–ਡਾ ਆਤਮ ਹਮਰਾਹੀ 56

• ਮੂਰਤਿ ਤੁਮਰੀ ਜਬੈ ਨਿਹਾਰੀ
–ਗੁਰਸੇਵਕ ਸਿੰਘ ਕਵੀਸ਼ਰ 58

• ਅੱਜ ਦੂਸਰੀ ਵਾਰ ਮਿਲਾਪ ਡਿੱਠਾ
–ਸ੍ਰ. ਸੋਹਣ ਸਿੰਘ ਜੀ ਠੇਕੇਦਾਰ (ਢੋਟੀਆਂ) 59

• ਜਗਜੀਤ ਹੈ ਤੂੰ
–ਸ੍ਰੀ ਮੁਖਤਿਆਰ ਸਿੰਘ ਜੀ ਜਲਾਲਾਬਾਦ 61

• ਵਡ ਪਰਤਾਪ ਤੇਰਾ
–ਸੰਤ ਸੁੰਦਰ ਸਿੰਘ ਜੀ ਸੇਵਕ ਸੇਖਵ ਬੈਂਕੌਕ 62

• ਵੈਸਾ ਮਿਲ ਗਿਆ ਏ
–ਸੰਤ ਆਤਮਾ ਸਿੰਘ ਜੀ ਸਨਖਤ੍ਰਵੀ 60


Sri Satguru Jagjit Singh Ji eLibrary NamdhariElibrary@gmail.com

• ਨਾਮਧਾਰੀ ਪੰਥ ਸਾਰੇ ਜਗ ਤੋਂ ਨਿਆਰਾ ਏ
–ਸਰਦਾਰ ਤੇਜ ਸਿੰਘ ਜੀ ਤੇਜ 63

• ਸਤਿਗੁਰ ਸ਼ੋਭਾ
–ਸ੍ਰੀ ਨਿਰੰਜਨ ਸਿੰਘ ਜੀ 'ਕੰਗ' ਟਮਕੌਡੀ 65

• ਇਹ ਕੂਕਾ ਪੰਥ ਨਿਆਰਾ
–ਸ੍ਰੀ ਪ੍ਰੀਤਮ ਸਿੰਘ ਜੀ 'ਦੀਪਕ' 66

• ਲੋੜ ਹੈ
–ਪ੍ਰੀਤਮ ਸਿੰਘ ਕਵੀ 68

• ਬਹਾ ਦੇ ਮਿਹਰ ਕੇ ਦਰਯਾ
–ਸੰਤ ਦੁਆਰਕਾ ਸਿੰਘ ਜੀ (ਕੂਕਾ) ਦਿੱਲੀ 70

• ਜੇ ਪਾਣਾ ਈ ਕੁਛ ਦੁਨੀਆਂ ਤੇ
–ਸ੍ਰੀਮਤੀ ਬੀਬੀ ਲੀਲ੍ਹਾਵਤੀ ਜੀ ਦਿੱਲੀ 71

• ਐਸੇ ਸਤਿਗੁਰੂ
–ਬਿਸ਼ਨ ਸਿੰਘ ਜੋਸ਼ 72

• ਜਗਜੀਤ ਦੀਆਂ ਮੁਸਕਾਨਾਂ ਦਾ
–ਸ੍ਰੀ ਰਣਧੀਰ ਸਿੰਘ ਜੀ 'ਤੀਰ' 73

• ਜਗਜੀਤ ਪਿਆਰਾ
–ਹਰਭਜਨ ਸਿੰਘ 'ਪ੍ਰਵਾਨਾ' 74

• ਰੋਗ ਸੋਗ ਦੂਰ ਹੋਵੇ ਸਭ ਸੰਸਾਰ ਦਾ
–ਸੰਤ ਸਰਧਾ ਸਿੰਘ ਜੀ ਨਿਮਾਣਾ ਕਰੀਵਾਲਾ 75

• ਤੇਰੇ ਚਰਨਾਂ ਨਾਲ ਪਿਆਰ ਹੋਵੇ
–ਜਗੀਰ ਕੌਰ ਸੰਧੂ 77

• ਗੁਰੂ ਜਗਜੀਤ ਸਾਡਾ
–ਬਲਬੀਰ ਸਿੰਘ ਢਿੱਲੋਂ 79

• ਧੰਨ ਸਤਿਗੁਰ ਜਗਜੀਤ ਪਿਆਰਾ
–ਜੁਗਿੰਦਰ ਸਿੰਘ ਮੁਕਤਾ 81

Sri Satguru Jagjit Singh Ji eLibrary NamdhariElibrary@gmail.com

• ਬਾਰ ਬਾਰ ਸਜਦੇ ਕਰਾਂ
-ਸਰਵਜੀਤ ਸਿੰਘ ਭੁੰਤਰ 82

• ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਿਤ-ਕਰਮ
-ਕਿਰਪਾਲ ਸਿੰਘ ਕਸੇਲ 83

• ਉਸਤਤਨਾਮਾ
-ਸ਼ਰਨਪਾਲ ਸਿੰਘ ਰੰਧਾਵਾ 85

• ਮਿਹਰਬਾਨੀ ਸਾਰੀ ਸਤਿਗੁਰੂ ਜਗਜੀਤ ਜੀ ਦੀ
-ਜੁਗਿੰਦਰ ਸਿੰਘ ਮੁਕਤਾ 87

• ਪਾਤਸ਼ਾਹ
-ਸੁਰਜੀਤ ਆਰਟਿਸਟ 90

• ਗੁਰੂ ਜਗਜੀਤ ਸਿੰਘ ਜੋਤਿ ਅਕਾਲ ਹੈ
-ਜਸਬੀਰ ਸਿੰਘ ਸਿੱਧੂ 91

• ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਿਮਾ
-ਨਿਸ਼ਾਨ ਸਿੰਘ ਜੌਹਲ 93

• ਬਦ-ਹਾਲਾਂ ਖੁਸ਼ਹਾਲ ਕਰੇ
-ਮਾ. ਅਮਰੀਕ ਸਿੰਘ 95

• ਜਿਨੂੰ ਗੁਰੂ ਜਗਜੀਤ ਦਾ ਪਿਆਰ ਮਿਲ ਜਾਏ
-ਬਲਬੀਰ ਸਿੰਘ ਢਿਲੋਂ 97

• ਗੁਰੂ ਜਗਜੀਤ ਪਿਆਰਿਆ
-ਮਾਸਟਰ ਅਮਰੀਕ ਸਿੰਘ 100

• ਪੂਰਨੇ ਪਾਈ ਜਾਂਦੇ
-ਡਾ. ਬਲਵੰਤ ਸਿੰਘ ਦਰਦੀ 101

• ਗੁਰ ਜਗਜੀਤ ਸਹਾਰਾ ਏ
-ਬਲਦੇਵ ਸਿੰਘ ਵੜੈਚ 103

• ਸ਼ਾਹ ਰਗ ਦੇ ਨੇੜੇ ਹੈਂ ਤੂੰ
-ਸੂਬਾ ਸੁਰਿੰਦਰ ਕੌਰ ਖਰਲ 104

Sri Satguru Jagjit Singh Ji eLibrary NamdhariElibrary@gmail.com

• ਗੁਰ ਜਗਜੀਤ ਪਿਆਰੇ ਨੇ
–ਡਾ. ਬਲਵੰਤ ਸਿੰਘ ਦਰਦੀ 106

• ਗੁਰੂ ਜਗਜੀਤ ਸਿੰਘ
–ਕੁਲਦੀਪ ਸਿੰਘ ਕੋਮਲ 107

• ਜਗਜੀਤ ਜਗ ਜਿੱਤਿਆ
–ਹਰਭਜਨ ਸਿੰਘ ਰਤਨ 109

• ਬੱਸ ਇਕੋ ਦੀਦਾਰ ਦੀ ਲੋੜ ਸਾਨੂੰ
–ਪ੍ਰਿੰਸੀਪਲ ਅਜੀਤ ਸਿੰਘ ਚੀਮਾ 111

• ਮਰਿਆਦਾ ਦੇ ਪੱਕੇ
–ਲਖਵਿੰਦਰ ਸਿੰਘ ਬਾਜਵਾ 114

• ਸਤਿਗੁਰੂ ਜਗਜੀਤ ਸਿੰਘ
–ਕਰਮ ਸਿੰਘ ਬਾਲਮ 116

• ਬਸ ਤੂੰ ਹੀ ਤੂੰ
–ਸੂਬਾ ਸੁਰਿੰਦਰ ਕੌਰ ਖਰਲ 117

• ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ
–ਕਿਰਪਾਲ ਸਿੰਘ ਸੋਹਲ 118

• ਮੇਰਾ ਰਹਿਬਰ
–ਅਜੀਤ ਸਿੰਘ ਲਾਇਲ 120

• ਅਸਾਡੀ ਤੁਹਾਡੀ ਮੁਲਾਕਾਤ ਹੋਈ
–ਸੁਰਜੀਤ ਪਾਤਰ 122

• ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ
–ਜੋਗਿੰਦਰ ਸਿੰਘ ਕੰਗ 125

• ਜਗਜੀਤ ਕਹਾਇਆ
–ਸੰਤ ਨਿਸ਼ਾਨ ਸਿੰਘ ਕਥਾਕਾਰ 128

• ਮਹਿਕਿਆ ਪੁਸ਼ਪ
–ਪ੍ਰੀਤਮ ਸਿੰਘ ਕਵੀ 129

Sri Satguru Jagjit Singh Ji eLibrary NamdhariElibrary@gmail.com

- ਗੁਰੂ ਜਗਜੀਤ ਪਿਆਰਾ
  -ਬੀਬੀ ਸਿੰਦਰ ਕੌਰ 130
- ਗੁਰੂ ਜਗਜੀਤ ਪਿਆਰੇ
  -ਜੇ. ਕੇ. ਸੰਧੂ 131
- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
  -ਨਰਿੰਦਰ ਕੌਰ ਦਿੱਲੀ 133
- ਅਨੋਖਾ ਯਾਰ ਮਿਲਾਇਆ ਏ
  -ਹਰਭਜਨ ਸਿੰਘ ਪ੍ਰਵਾਨਾ 134
- ਰਹਿਮਤ ਦੇ ਭੰਡਾਰ
  -ਜੋਗਿੰਦਰ ਸਿੰਘ ਕੰਗ 136
- ਜਾਗਤਿ ਜੋਤਿ
  -ਹਰਪਾਲ ਸਿੰਘ ਸੇਵਕ 138
- ਪੂਰਨ ਪ੍ਰਤਾਪ ਜਗਜੀਤ ਮਹਿ ਸਮਾਇ ਹੈਂ
  -ਲਾਭ ਸਿੰਘ ਜੀ ਅਮੋਲਕ ਨਾਭਾ 139
- ਕਾਫ਼ੀ
  -ਮਾ. ਅਮਰੀਕ ਸਿੰਘ 141
- ਸਤਿਗੁਰੂ ਜਗਜੀਤ ਸਿੰਘ ਜੀ ਬਸ ਇਕੋ ਦੀਦਾਰ ਦੀ ਲੋੜ ਸਾਨੂੰ
  -ਪ੍ਰਿੰਸੀਪਲ ਅਜੀਤ ਸਿੰਘ ਚੀਮਾ 143
- ਗੁਰੂ ਜਗਜੀਤ ਸਿੰਘ ਜੀ ਤੇਰੇ ਦਰਸ਼ਨਾਂ ਦੀ ਲੋੜ ਏ
  -ਕੁਲਦੀਪ ਸਿੰਘ ਦੀਪ 146
- ਜਗਜੀਤ ਗੁਰੂ ਤੇਰੀ ਉਪਮਾ ਹਰ ਥਾਂ ਭਾਰੀ ਏ
  -ਕੁਲਦੀਪ ਸਿੰਘ ਦੀਪ 147
- ਸਤਿਗੁਰੂ ਜਗਜੀਤ ਸਿੰਘ
  -ਨਿਸ਼ਾਨ ਸਿੰਘ ਕਥਾਵਾਚਕ 148
- ਹੈ ਸਿੱਖੀ ਦੀ ਸ਼ਾਨ ਗੁਰ ਜਗਜੀਤ ਸਿੰਘ
  -ਅਜੀਤ ਸਿੰਘ ਲਾਇਲਪੁਰੀ 149


Sri Satguru Jagjit Singh Ji eLibrary NamdhariElibrary@gmail.com

• ਗੁਰੂ ਜਗਜੀਤ ਸਿੰਘ
–ਸੰਤ ਨਿਸ਼ਾਨ ਸਿੰਘ 151

• ਸਿੱਖ ਹਾਂ ਗੁਰੂ ਜਗਜੀਤ ਦਾ
–ਸੇਵਕ ਹਰਪਾਲ ਸਿੰਘ 152

• ਗੁਰ ਜਗਜੀਤ ਸਿੰਘ
–ਅਜੀਤ ਸਿੰਘ ਲਾਇਲ 154

• 'ਜੈਸਾ ਸਤਿਗੁਰ ਸੁਣੀਦਾ'—ਸ਼ਤਵਾਰਾ
–ਪ੍ਰੋ. ਕਿਰਪਾਲ ਸਿੰਘ ਕਸੇਲ 155

• ਪਹਿਰੇ
–ਪ੍ਰੋ. ਕਿਰਪਾਲ ਸਿੰਘ ਕਸੇਲ 158

• ਧੰਨ ਗੁਰੂ ਜਗਜੀਤ
–ਰਾਗੀ ਮਨਜੀਤ ਸਿੰਘ ਦਿੱਲੀ 159

• ਪੂਰਨ ਪੁਰਖ ਅਕਾਲ
–ਸੁਵਰਨ ਸਿੰਘ ਵਿਰਕ 160

• ਸੌਣ ਤੋਂ ਪਹਿਲੋਂ
–ਅਜੀਤ ਸਿੰਘ ਲਾਇਲ 162

• ਹੇ ਬੇਅੰਤ ਅਨੰਤ ਗੁਰੂ
–ਹਰਪਾਲ ਸਿੰਘ ਸੋਧੀ 163

• ਤੂੰ ਹੀ ਤੂੰ
–ਸਾਧੂ ਸਿੰਘ ਕਿਸਾਨ 164

• ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ
–ਅਮਰੀਕ ਸਿੰਘ 167

• ਸਾਨੂੰ ਜਿਊਣ ਦੀ ਜਾਚ ਸਿਖਾ ਗਏ
–ਬਲਵੰਤ ਸਿੰਘ ਸਨੇਹੀ 169

• ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਵਿਚ
–ਲਖਵਿੰਦਰ ਸਿੰਘ ਬਾਜਵਾ 172


Sri Satguru Jagjit Singh Ji eLibrary NamdhariElibrary@gmail.com

• ਉਦੈ ਪ੍ਰਕਾਸ਼ ਹੋ ਗਿਆ
-ਕਰਨੈਲ ਸਿੰਘ ਅਸਪਾਲ 174

• ਯਾਦ ਰਹਿਣਗੇ ਸਦਾ ਉਪਕਾਰ ਤੇਰੇ
-ਹਜ਼ਾਰਾ ਸਿੰਘ 176

• ਸਭੇ ਕਲਾ ਸਮਰੱਥ ਸੈਂ ਤੂੰ
-ਲਖਵਿੰਦਰ ਸਿੰਘ ਬਾਜਵਾ 182

• ਗੁਰੂ ਜਗਜੀਤ ਸਿੰਘ ਮੀਤ ਸਨ ਸਭਨਾਂ ਦੇ
-ਹਰਭਜਨ ਸਿੰਘ ਰਾਜਾ 184

• ਯਾਦਾਂ ਗੁਰੂ ਜਗਜੀਤ ਸਿੰਘ ਦੀਆਂ
-ਪੂਰਨ ਸਿੰਘ ਨਿਰਾਲਾ 186

• ਕਾਵਿ-ਸ਼ਰਧਾਜਲੀ
-ਗੁਰਭਜਨ ਸਿੰਘ ਗਿੱਲ 187

• ਸਾਨੂੰ ਜਿਊਣ ਦੀ ਜਾਚ ਸਿਖਾ ਗਏ ਓ
-ਫਕੀਰ ਚੰਦ ਤੁਲੀ 190

• ਸਾਨੂੰ ਮਾਣ ਸੀ ਗੁਰੂ ਜਗਜੀਤ ’ਤੇ
-ਸੋਹਲ 193

• ਮਹਿਰਮ ਦਿਲਾਂ ਦਾ ਸਾਨੂੰ ਛੱਡ ਤੁਰਿਆ
-ਗੁਰਮੀਤ ਕੌਰ ਮੀਤ 194

• ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ
-ਗੁਰਮੁਖ ਸਿੰਘ ਰਤਨ 196

• ਬੋਲ ਵੀ ਉਸਦੇ ਹਾਣ ਦੇ ਨਹੀਂ
-ਸਤਨਾਮ ਸਿੰਘ ਕੋਮਲ 199


Sri Satguru Jagjit Singh Ji eLibrary , NamdhariElibrary@gmail.com

# ਭੂਮਿਕਾ

ਆਧੁਨਿਕ ਪੰਜਾਬੀ ਕਵਿਤਾ ਦੇ ਸਮਾਨੰਤਰ ਚੱਲਣ ਵਾਲੀਆਂ ਕਈ ਧਾਰਮਿਕ ਤੇ ਸਮਾਜਿਕ ਲਹਿਰਾਂ, ਸੰਸਥਾਵਾਂ, ਵਿਅਕਤੀਆਂ ਅਤੇ ਘਟਨਾਵਾਂ ਨੇ ਪੰਜਾਬੀ ਕਵਿਤਾ ਉਪਰ ਕਈ ਅਹਿਮ ਪ੍ਰਭਾਵ ਪਾਏ। ਆਧੁਨਿਕ ਪੰਜਾਬੀ ਕਵਿਤਾ ਦਾ ਪਾਸਾਰ ਰਾਜਨੀਤਿਕ, ਸਭਿਆਚਾਰਕ ਤੇ ਅੰਤਰ-ਰਾਸ਼ਟਰੀ ਪ੍ਰਭਾਵਾਂ ਨੂੰ ਵੀ ਗ੍ਰਹਿਣ ਕਰਨ ਵਾਲਾ ਸੀ। ਰੂਸ ਦੀ ਕ੍ਰਾਂਤੀ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਪ੍ਰਭਾਵਿਤ ਕੀਤਾ। ਧਰਮ ਅਤੇ ਵਿਗਿਆਨ ਦੇ ਖੇਤਰ ਵਿਚ ਆਏ ਪਰਿਵਰਤਨਾਂ ਤੋਂ ਵੀ ਆਧੁਨਿਕ ਪੰਜਾਬੀ ਕਵਿਤਾ ਨੇ ਪੜਾਅ-ਦਰ ਪੜਾਅ ਬਹੁਤ ਕੁਝ ਪ੍ਰਾਪਤ ਕੀਤਾ। ਇਸੇ ਸਦਕਾ ਸਿੰਘ ਸਭਾ ਲਹਿਰ ਵੀ ਸਭਿਆਚਾਰਕ ਅੰਦੋਲਨ ਦੇ ਰੂਪ ਵਿਚ ਆਪਣਾ ਮੁਹਾਦਰਾਂ ਸਾਡੇ ਸਾਹਮਣੇ ਪੇਸ਼ ਕਰਦੀ ਹੈ। ਜਿਹੜੀਆਂ ਰਾਜਨੀਤਿਕ ਲਹਿਰਾਂ ਆਜ਼ਾਦੀ ਦੀ ਲੜਾਈ ਵਿਚ ਸਿੱਧੇ ਢੰਗ ਨਾਲ ਆਪਣਾ ਯੋਗਦਾਨ ਪਾ ਰਹੀਆਂ ਸਨ, ਉਸ ਯੋਗਦਾਨ ਵਿਚ ਗਦਰੀ ਬਾਬਿਆ, ਅਕਾਲੀ ਮੋਰਚਿਆਂ ਨੇ ਵੀ ਭਰਵਾਂ ਯੋਗਦਾਨ ਪਾਇਆ। ਉਸ ਦੇ ਨਾਲ ਨਾਲ ਵਿਦੇਸ਼ਾਂ ਵਿਚ ਹੋ ਰਹੇ ਕਾਮਾਗਾਟਾ ਮਾਰੂ ਵਰਗੇ ਯਤਨ ਸਨ ਉਨਾਂ ਤੋਂ ਵੀ ਆਧੁਨਿਕ ਪੰਜਾਬੀ ਕਵਿਤਾ ਕੇਵਲ ਪ੍ਰਭਾਵਿਤ ਨਹੀਂ ਹੋਈ, ਬਲਕਿ ਬਹੁਤ ਸਾਰੇ ਰਾਜਨੀਤਿਕ, ਸਭਿਆਚਾਰਕ, ਧਾਰਮਿਕ ਖੇਤਰਾਂ ਵਿਚ ਕੰਮ ਕਰਨ ਵਾਲੇ ਵਿਅਕਤੀਆਂ ਨੇ ਪੰਜਾਬੀ ਕਵਿਤਾ, ਨਾਵਲ, ਕਹਾਣੀ, ਨਿਬੰਧ ਅਤੇ ਪੱਤਰਕਾਰੀ ਦੇ ਨਾਲ ਆਪਣੇ ਇਨ੍ਹਾਂ ਪ੍ਰਯਤਨਾਂ ਨੂੰ ਪਾਰਦਰਸ਼ੀ ਬਣਾਇਆ। ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢ ਭਾਈ ਵੀਰ ਸਿੰਘ ਜੀ ਨੇ ਬੰਨ੍ਹਿਆ। ਪ੍ਰੋਫੈਸਰ ਪੂਰਨ ਸਿੰਘ ਨੇ ਇਸ ਕਵਿਤਾ ਦੇ ਆਰੰਭਕ ਦੌਰ ਨੂੰ ਕਈ ਤਰ੍ਹਾਂ ਦੀਆਂ ਨਵੀਆਂ ਕਲਾਤਮਕ ਜੁਗਤਾਂ ਦੇ ਨਾਲ ਜੋੜਿਆ। ਇਹੋ ਕਾਰਨ ਹੈ ਕਿ 20 ਵੀਂ ਸਦੀ ਦੇ ਜਿਹੜੇ ਅਰੰਭਿਕ ਯਤਨ ਪੰਜਾਬੀ ਸਮਾਜ ਅਤੇ ਸਭਿਆਚਾਰ ਨੂੰ, ਨਵੀਆਂ ਲੀਹਾਂ ਉਤੇ ਤੋਰਦੇ ਹਨ ਉਨ੍ਹਾਂ ਦਾ ਪਿਛੋਕੜ ਇਨਾਂ ਲਹਿਰਾਂ ਦੇ ਨਾਲ ਜੁੜਿਆ ਹੋਇਆ ਹੈ। ਇਸ ਪੂਰੇ ਪ੍ਰਵੇਸ਼ ਦੇ ਵਿਚ ਨਾਮਧਾਰੀ ਲਹਿਰ ਨੇ ਵੀ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।

ਨਾਮਧਾਰੀ ਲਹਿਰ ਦੀ ਕਵਿਤਾ ਦਾ ਆਰੰਭ ਕਾਫੀ ਮੁਸ਼ਕਲ ਪਰਸਥਿਤੀਆਂ ਵਿਚ ਹੋਇਆ ਕਿਉਕਿ ਅੰਗਰੇਜ਼ੀ ਸਰਕਾਰ ਦੇ ਵਿਰੋਧ ਕਾਰਨ ਦੇਸ਼-ਭਗਤੀ ਦੀ ਕਵਿਤਾ ਦਾ ਟਿਕੇ ਰਹਿਣਾ ਸੰਭਵ ਨਹੀਂ ਸੀ।ਇਹ ਕਹਿ ਸਕਦੇ ਹਾਂ ਕਿ ਇਸ ਲਹਿਰ ਦੀ ਕਵਿਤਾ ਦਾ ਆਰੰਭ ਪ੍ਰਤਿਕੂਲ ਹਾਲਾਤਾਂ ਵਿਚ ਹੋਇਆ। ਨਾਮਧਾਰੀ ਲਹਿਰ ਨਾਲ ਸੰਬੰਧਿਤ ਕਵਿਤਾ ਦੇ ਮੁੱਢਲੇ ਗ੍ਰੰਥ ਹੱਥ-ਲਿਖਤ ਖਰੜਿਆਂ ਦੇ ਰੂਪ ਵਿਚ ਪ੍ਰਾਪਤ



Sri Satguru Jagjit Singh Ji eLibrary NamdhariElibrary@gmail.com

ਹੁੰਦੇ ਹਨ। ਇਸ ਲਹਿਰ ਦੇ ਮੁਢਲੇ ਦੌਰ ਦੀਆਂ ਕਾਵਿ-ਰਚਨਾਵਾਂ ਨੂੰ ਸਰਕਾਰ ਜ਼ਬਤ ਵੀ ਕਰਦੀ ਰਹੀ। ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੀ ਕਵਿਤਾ ਨਾਮਧਾਰੀ ਲਹਿਰ ਦੇ ਧਾਰਮਿਕ, ਸਮਾਜ-ਸਭਿਆਚਾਰਕ, ਇਤਿਹਾਸਕ ਅਤੇ ਰਾਸ਼ਟਰਵਾਦੀ ਉਦੇਸ਼ਾਂ ਨੂੰ ਉਜਾਗਰ ਕਰਦੀ ਹੋਈ ਜਨ ਸਾਧਾਰਨ ਨੂੰ ਇਸ ਲਹਿਰ ਵੱਲ ਪ੍ਰੇਰਿਤ ਕਰਨ ਦਾ ਕਾਰਜ ਨਿਭਾਉਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਰਚੀ ਗਈ ਕਵਿਤਾ ਗਿਣਨਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਕਾਫੀ ਅਮੀਰ ਕਹੀ ਜਾ ਸਕਦੀ ਹੈ।

ਸਤਿਗੁਰੂ ਰਾਮ ਸਿੰਘ ਤੋਂ ਲੈ ਕੇ ਹੁਣ ਤੱਕ ਪੰਜਾਬੀ ਸਾਹਿਤ ਅਤੇ ਪੰਜਾਬੀਅਤ ਦੇ ਨਾਲ ਸੰਬੰਧਤ ਕਈ ਨਵੇਂ ਸੰਕਲਪ ਨਾਮਧਾਰੀ ਲਹਿਰ ਦੇ ਮੁੱਢਲੇ ਪ੍ਰਭਾਵ ਤੋਂ ਕੇਵਲ ਪ੍ਰਭਾਵਿਤ ਨਹੀਂ ਹੋਏ ਬਲਕਿ ਉਨ੍ਹਾਂ ਨੇ ਲਿਖਤਾਂ ਦੇ ਰੂਪ ਵਿਚ ਇਤਿਹਾਸ ਦੀਆਂ ਨਵੀਆਂ ਪੈੜਾਂ ਵੀ ਸਿਰਜੀਆਂ ਹਨ। ਇਨ੍ਹਾਂ ਪੈੜਾਂ ਦਾ ਖੇਤਰ ਬਹੁਤ ਵਿਸ਼ਾਲ ਹੈ। ਇੰਦਰ ਸਿੰਘ ਚੱਕ੍ਰਵਰਤੀ ਵਰਗੇ ਨਾਮਧਾਰੀ ਲਹਿਰ ਨਾਲ ਜੁੜੇ ਹੋਏ, ਵੱਡੇ ਸਹਿਤਕਾਰਾਂ ਨੇ ਉਪਨਿਆਸ ਵੀ ਲਿਖੇ। ਪਾਕਿਸਤਾਨੀ ਕਹਾਣੀਕਾਰ ਅਫ਼ਜਲ ਅਹਿਸਨ ਰੰਧਾਵਾ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਪ੍ਰਭਾਵਿਤ ਹੋ ਕੇ ਕਈ ਕਹਾਣੀਆਂ ਦੀ ਰਚਨਾ ਕੀਤੀ। ਇਸ ਸਮੇਂ ਦੀ ਪੰਜਾਬੀ ਕਵਿਤਾ ਦੇ ਮੁਹਾਂਦਰੇ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਮੇਂ ਵਿਸ਼ੇਸ਼ ਦੀਆਂ ਲਹਿਰਾਂ ਦੇ ਪ੍ਰਭਾਵ ਨੂੰ ਸਮੁੱਚੇ ਤੌਰ 'ਤੇ ਵੇਖਣਾ ਲਾਜ਼ਮੀ ਹੋ ਜਾਂਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਵਿਅਕਤਿਤਵ ਨੂੰ ਲੈ ਕੇ ਬਹੁਤ ਸਾਰੇ ਕਵੀਆਂ ਨੇ ਉਨ੍ਹਾਂ ਦੇ ਗੁਣਾਂ ਨੂੰ ਆਪਣੀਆਂ ਕਾਵਿ ਰਚਨਾਵਾਂ ਦਾ ਹਿੱਸਾ ਬਣਾਇਆ। ਨਾਮਧਾਰੀ ਲਹਿਰ ਤੋਂ ਪ੍ਰਭਾਵਿਤ ਪੰਜਾਬੀ ਕਾਵਿ ਦਾ ਮੁੱਢਲਾ ਦੌਰ ਉਹ ਹੈ ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ ਇਕ ਨਾਇਕ ਵਜੋਂ ਉਭਰਦੇ ਹਨ, ਇਥੋਂ ਤੱਕ ਕਿ ਸਤਿਗੁਰੂ ਰਾਮ ਸਿੰਘ ਜੀ ਦੀਆਂ ਘੋੜੀਆਂ ਅਤੇ ਪਹਿਰਾਵੇ ਦਾ ਜ਼ਿਕਰ ਪੰਜਾਬੀ ਕਵੀਆਂ ਨੇ ਆਪਣੀ ਕਵਿਤਾ ਵਿਚ ਕੀਤਾ। ਗੁਰੂ ਜੀ ਦੀ ਜੀਵਨ-ਸ਼ੈਲੀ ਦਾ ਆਪਣੀਆਂ ਕਾਵਿ ਰਚਨਾਵਾਂ ਵਿਚ ਵਰਨਣ ਕੀਤਾ। ਇਸ ਤਰ੍ਹਾਂ ਮੁੱਢਲਾ ਦੌਰ ਸਤਿਗੁਰੂ ਰਾਮ ਸਿੰਘ ਜੀ ਦੇ ਵਿਅਕਤਿਤਵ ਨੂੰ ਚਿਤਰਦਾ ਦੌਰ ਹੈ। ਸਤਿਗੁਰੂ ਰਾਮ ਸਿੰਘ ਜੀ ਨਾਲ ਸੰਬੰਧਿਤ ਅਨੇਕਾਂ ਸਾਖੀਆਂ ਦਾ ਜ਼ਿਕਰ ਵੀ ਇਨ੍ਹਾਂ ਕਵਿਤਾਵਾਂ ਵਿਚ ਹੋਇਆ। ਨਾਮਧਾਰੀ ਇਤਿਹਾਸ ਨਾਲ ਸਬੰਧਤ ਵੱਡੀਆਂ ਰਾਜਨੀਤਿਕ ਘਟਨਾਵਾਂ ਦਾ ਜ਼ਿਕਰ ਵੀ ਇਨ੍ਹਾਂ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਵਿਸਥਾਰ ਸਹਿਤ ਕੀਤਾ। ਕੇਵਲ 'ਖੰਡ-ਕਾਵਿ' ਹੀ ਨਹੀਂ ਸਗੋਂ ਮਹਾਂ-ਕਾਵਿ ਵੀ ਰਚੇ ਗਏ। ਗੀਤ ਵੀ ਰਚੇ ਗਏ। ਇਥੋਂ ਤੱਕ ਕਿ ਪੰਜਾਬੀ ਕਵਿਤਾ ਦੇ ਵੱਡਿਆਂ ਕਵੀਆਂ ਵੱਲੋਂ ਜਿਹੜੀਆਂ ਕਵਿਤਾਵਾਂ ਲਿਖੀਆਂ ਗਈਆਂ ਉਹ ਲੋਕ-ਕਾਵਿ ਦਾ ਰੂਪ ਵੀ ਧਾਰਨ ਕਰ ਗਈਆਂ। ਬਹੁਤ



Sri Satguru Jagjit Singh Ji eLibrary NamdhariElibrary@gmail.com

ਸਾਰੇ ਨਾਮਧਾਰੀ ਬੋਲੇ, ਮੁਹਾਵਰੇ, ਲੋਕੋਕਤੀਆਂ, ਉਕਤੀਆਂ ਆਮ ਨਾਮਧਾਰੀ ਜੀਵਨ ਦਾ ਹਿੱਸਾ ਬਣ ਗਈਆਂ। ਨਾਮਧਾਰੀ ਬਾਬਿਆਂ ਅਤੇ ਸੰਤਾਂ ਦੇ ਜੀਵਨ ਨਾਲ ਜੁੜੇ ਹੋਏ ਕਿੱਸੇ ਅਤੇ ਸਾਖੀਆਂ ਦਾ ਵਰਨਣ ਵੀ ਕੀਤਾ ਗਿਆ। ਇਥੋਂ ਤੱਕ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਪੰਜਾਬੀਅਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦੇ ਪ੍ਰਤੀ ਦ੍ਰਿਸ਼ਟੀਕੋਣ ਨੂੰ ਇਸ ਸਮੇਂ ਦੀਆਂ ਕਵਿਤਾਵਾਂ ਵਿਚ ਬਹੁਤ ਵਡਿਆਇਆ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਖੁਦ ਗੁਰਮੁਖੀ ਅੱਖਰਾਂ ਵਿਚ ਹੁਕਮਨਾਮੇ ਲਿਖੇ ਜਿਨ੍ਹਾਂ ਦਾ ਸੰਪਾਦਨ ਜਸਵਿੰਦਰ ਸਿੰਘ ਅਤੇ ਪੰਜਾਬੀ ਦੇ ਪ੍ਰਸਿੱਧ ਆਲੋਚਕ ਸਤਿੰਦਰ ਸਿੰਘ ਨੂਰ ਨੇ ਕੀਤਾ ਹੈ। ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਨਾਲ ਪੰਜਾਬੀ ਗਦ ਦੇ ਖੇਤਰ ਵਿਚ ਵਿਕਾਸ ਹੋਇਆ। ਨਾਮਧਾਰੀ ਕਵੀਆਂ ਨੇ ਪੰਜਾਬੀ ਕਵਿਤਾ ਦਾ ਪਿਛੋਕੜ ਤੇ ਕਵਿਤਾ ਦੀ ਅਮੀਰੀ ਨੂੰ ਨਵੇਂ ਮੁਹਾਵਰੇ ਰਾਹੀਂ ਪਾਠਕਾਂ ਸਨਮੁਖ ਰੱਖਿਆ। ਇਸ ਲਈ ਨਾਮਧਾਰੀ ਲਹਿਰ ਦੇ ਮੁੱਢਲੇ ਦੌਰ ਦੀ ਪੰਜਾਬੀ ਕਵਿਤਾ ਦੇ ਇਤਿਹਾਸਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਯੋਗਦਾਨ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਹਿੱਸਾ ਬਣਾਉਣ ਦੀ ਲੋੜ ਹੈ।

ਪੰਜਾਬੀ ਕਵਿਤਾ ਦਾ ਦੂਜਾ ਦੌਰ ਉਦੋਂ ਮੰਨਿਆ ਜਾਂਦਾ ਹੈ, ਜਦੋਂ ਆਜ਼ਾਦੀ ਦੀ ਲਹਿਰ ਪੂਰੇ ਭਾਰਤ ਵਿਚ ਆਪਣੇ ਜੋਬਨ 'ਤੇ ਸੀ। ਇਸ ਸਮੇਂ ਕੂਕਾ ਅੰਦੋਲਨ ਵੱਲੋਂ ਕੁਝ ਉਚੇਰੇ ਸੁਧਾਰ ਕੀਤੇ ਗਏ ਜਿਨ੍ਹਾਂ ਵਿਚ ਇਸਤ੍ਰੀਆਂ ਪ੍ਰਤੀ ਤੰਗ ਨਜ਼ਰੀਏ ਦਾ ਤਿਆਗ, ਧਾਰਮਿਕ ਰਹੁ-ਰੀਤਾਂ ਪ੍ਰਤੀ ਜਾਗ੍ਰਤੀ ਅਤੇ ਆਜ਼ਾਦੀ ਦੇ ਸੰਗਰਾਮ ਵਿਚ ਭਰਪੂਰ ਯੋਗਦਾਨ ਪਾਉਣਾ ਸੀ। ਇਹ ਤਿੰਨ ਵੱਡੀਆਂ ਖ਼ੂਬੀਆਂ ਇਸ ਦੌਰ ਵਿਚ ਪੰਜਾਬੀ ਕਵਿਤਾ ਦਾ ਅਟੁੱਟ ਹਿੱਸਾ ਬਣਦੀਆਂ ਹਨ। ਪੰਜਾਬੀ ਧਾਰਮਿਕ ਕਾਵਿ ਵਿਚ ਕੂਕਾ ਲਹਿਰ ਨੇ ਧਾਰਮਿਕ ਆਜ਼ਾਦੀ, ਧਾਰਮਿਕ ਸੂਝ-ਬੂਝ ਅਤੇ ਧਰਮ ਪ੍ਰਤੀ ਗਿਆਨ ਅਤੇ ਵਿਗਿਆਨ ਦਾ ਦ੍ਰਿਸ਼ਟੀਕੋਣ ਅਪਣਾਇਆ।

ਇਸ ਪੁਸਤਕ ਵਿਚ ਸੰਕਲਿਤ ਕਵੀਆਂ ਦੀਆਂ ਕਵਿਤਾਵਾਂ ਵਿਚੋਂ ਪਾਠ ਕਰਨ, ਨਾਮ ਜੱਪਣ ਤੇ ਨਿੱਤ ਕ੍ਰਿਆਵਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਂਦੇ ਸੰਕਲਪਾਂ ਦੀ ਵਿਵਹਾਰਕ ਪੱਖੋਂ ਚਰਚਾ ਹੋਈ ਮਿਲਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਔਰਤ-ਮਰਦ ਦੀ ਬਰਾਬਰੀ ਦੇ ਸਮਾਜਿਕ ਪੱਖ ਨੂੰ ਭਰਪੂਰ ਰੂਪ ਵਿਚ ਉਘਾੜਿਆ ਗਿਆ ਹੈ। ਔਰਤਾਂ ਨੂੰ ਮਰਦ ਦੇ ਬਰਾਬਰ ਅੰਮ੍ਰਿਤ ਛਕਣ ਅਤੇ ਆਪਣੇ ਪਤੀ, ਭਰਾ ਅਤੇ ਪਿਤਾ ਵਾਂਗ ਨਾਧਮਾਰੀ ਭਾਈਚਾਰੇ ਵਿਚ ਵਿਹਾਰਕ ਰੂਪ ਵਿਚ ਕਾਰਜਸ਼ੀਲ ਹੋਣ ਦੀ ਚੇਤਨਾ ਦਿੱਤੀ। ਉਨਾਂ ਦੇ ਬਰਾਬਰ ਸਤਿਗੁਰੂ ਰਾਮ ਸਿੰਘ ਦੀ ਸਿੱਖਿਆ ਗ੍ਰਹਿਣ ਕਰਕੇ ਔਰਤਾਂ ਨੇ ਆਪਣੀ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਭੂਮਿਕਾ ਨਿਭਾਈ।

ਪੰਜਾਬੀ ਕਵਿਤਾ ਦੇ ਦੂਜੇ ਦੌਰ ਨੂੰ ਕਾਲ ਵੰਡ ਕਰੀਏ ਤਾਂ ਇਹ ਸਮਾਂ ਪਹਿਲੇ ਵਿਸ਼ਵ ਯੁੱਧ ਲਗਭਗ 1920 ਈ. ਤਕ ਆਉਂਦਾ ਹੈ ਅਤੇ ਇਸ ਤੋਂ ਬਾਅਦ



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਕਵਿਤਾ ਰਾਜਨੀਤਕ ਸੁਰ ਤਿੱਖੇ ਕਰਕੇ ਨਵੀਂ ਕਰਵਟ ਲੈਂਦੀ ਹੈ। ਇਕ ਪਾਸੇ ਮਹਾਤਮਾ ਗਾਂਧੀ ਦਾ ਅਸਹਿਯੋਗ ਅੰਦੋਲਨ ਤੇ ਦੂਜੇ ਪਾਸੇ ਕੂਕਿਆਂ ਨੇ ਆਪਣਾ ਰਾਜਨੀਤਕ ਢਾਂਚਾ ਤਿਆਰ ਕਰ ਲਿਆ ਸੀ। ਉਨ੍ਹਾਂ ਨੇ ਅੰਗਰੇਜ਼ੀ ਸਰਕਾਰ ਦੁਆਰਾ ਬਣਾਏ ਗਏ ਕਿਸੇ ਵੀ ਪ੍ਰਬੰਧ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਇਥੋਂ ਤਕ ਨਰਾਜ਼ਗੀ ਜ਼ਾਹਰ ਕੀਤੀ ਕਿ ਲਾਇਲਪੁਰ (ਪਾਕਿਸਤਾਨ) ਨਹਿਰ ਦੇ ਕੰਢਿਆਂ 'ਤੇ ਉੱਗੇ ਹੋਏ ਰੁੱਖਾਂ ਦੀਆਂ ਦਾਤਨਾਂ ਕਰਨ ਤੋਂ ਪਰਹੇਜ਼ ਕੀਤਾ। ਉਨ੍ਹਾਂ ਨੇ ਕਿਹਾ ਕਿ ਅੰਗਰੇਜ਼ਾਂ ਦੁਆਰਾ ਵਿਵੱਸਥਿਤ ਕੀਤੇ ਪਾਣੀ ਨਾਲ ਸਿੰਜੇ ਗਏ ਬੂਟਿਆਂ ਦੀਆਂ ਅਸੀਂ ਦਾਤਣਾ ਨਹੀਂ ਕਰਾਗੇ ਕਿਉਂਕਿ ਇਹ ਵਿਦੇਸ਼ੀ ਬਦਬੂ ਮਾਰਦੇ ਹਨ। ਮਹਾਤਮਾ ਗਾਂਧੀ ਨੇ ਸਵਦੇਸ਼ੀ ਅੰਦੋਲਨ ਲਾਗੂ ਕਰਨ ਤੋਂ ਪਹਿਲਾਂ ਨਾਮਧਾਰੀਆਂ ਦੁਆਰਾ ਚਲਾਏ ਜਾ ਰਹੇ ਅਸਹਿਯੋਗ ਅਤੇ ਸਵਦੇਸ਼ੀ ਅੰਦੋਲਨ ਦਾ ਜ਼ਿਕਰ ਨਾ ਕੀਤਾ। ਨਾਮਧਾਰੀਆਂ ਦੀਆਂ ਉਸ ਸਮੇਂ ਦੀਆਂ ਕਵਿਤਾਵਾਂ ਵਿਚੋਂ ਸਵਦੇਸੀ ਅੰਦੋਲਨ ਦੀਆਂ ਜੜ੍ਹਾਂ ਵੇਖੀਆਂ ਜਾ ਸਕਦੀਆਂ ਹਨ। ਨਾਮਧਾਰੀ ਕਵੀਆਂ ਨੇ ਡਾਕ ਦੀ ਵਿਵਸਥਾ ਅਤੇ ਰੇਲਾਂ ਦੇ ਪ੍ਰਬੰਧ ਨੂੰ ਨਾ ਇਸਤੇਮਾਲ ਕਰਨ ਦਾ ਜ਼ਿਕਰ ਵੀ ਕੀਤਾ। ਉਹ ਆਪਣੇ ਘੋੜਿਆਂ ਦੀ ਵਰਤੋਂ ਕਰਦੇ ਸਨ ਤੇ ਵਿਦੇਸ਼ੀ ਵਸਤਰਾਂ ਨੂੰ ਵੀ ਧਾਰਨ ਨਹੀਂ ਕਰਦੇ ਸਨ।

ਇਨ੍ਹਾਂ 1920 ਈ. ਤੋਂ ਲੈ ਕੇ 1940 ਈ. ਦੇ ਸਮੇਂ ਵਿਚ ਹੀ ਅਜਿਹਾ ਪਹਿਰਾਵਾ ਪਾਇਆ ਜਿਸ ਵਿਚ ਸਵਦੇਸੀਪਨ ਸਾਫ਼ ਝਲਕਦਾ ਸੀ। ਇਹ ਉਹ ਦੌਰ ਸੀ ਜਦੋਂ ਇਲਾਹਾਬਾਦ ਤੋਂ ਇਕ ਬਹੁਤ ਵੱਡਾ 'ਹਿੰਦੀ ਸਾਹਿਤ ਸੰਮੇਲਨ ਪ੍ਰਯਾਗ' ਅਦਾਰਾ ਸੀ, ਜਿਥੋਂ ਅੱਜ ਵੀ 'ਰਾਸ਼ਟਰ ਭਾਸ਼ਾ ਸੰਦੇਸ਼' ਮੈਗਜ਼ੀਨ ਨਿਕਲਦਾ ਹੈ। ਉਸ ਮੈਗਜ਼ੀਨ ਵਿਚ ਕੂਕਾ ਲਹਿਰ ਦੀਆਂ ਕਵਿਤਾਵਾਂ ਦਾ ਦੇਵਨਾਗਰੀ ਲਿਪੀ ਵਿਚ ਰੂਪਾਂਤਰਣ ਕਰਕੇ ਛਾਪੀਆਂ ਜਾਂਦੀਆਂ ਸਨ। ਇਸ ਸੰਪਰਕ ਦਾ ਪ੍ਰਭਾਵ ਇਹ ਹੋਇਆ ਕਿ 1942 ਈ. ਦੇ ਭਾਰਤ ਛੱਡੋ ਅੰਦੋਲਨ ਦੌਰਾਨ ਹਿੰਦੀ ਸਾਹਿਤ ਸੰਮੇਲਨ ਦਾ ਸਾਲਾਨਾ ਸਮਾਗਮ ਕਰਨ ਲਈ ਕਿਤੇ ਵੀ ਜਗ੍ਹਾ ਨਹੀਂ ਮਿਲ ਰਹੀ ਸੀ, ਅੰਗਰੇਜ਼ਾਂ ਨੇ ਕਿਸੇ ਜਗ੍ਹਾ ਵੀ ਸਮਾਗਮ ਕਰਨ ਲਈ ਜਗ੍ਹਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਸਮੇਂ ਭੈਣੀ ਸਾਹਿਬ ਨੇ ਇਹ ਸਮਾਗਮ ਕਰਨ ਲਈ ਜਗ੍ਹਾ ਅਤੇ ਪੂਰਨ ਸਹਿਯੋਗ ਦਿੱਤਾ—ਕਿਉਂਕਿ ਭੈਣੀ ਸਾਹਿਬ ਉਨ੍ਹਾਂ ਦੇ ਸੰਪਰਕ ਵਿਚ ਸੀ। ਭਾਵੇਂ ਕਿ ਭਾਰਤ ਛੱਡੋਂ ਅੰਦੋਲਨ ਅਤੇ ਹੋਰ ਕਈ ਕਾਰਨਾਂ ਕਰਕੇ ਉਸ ਸਾਲ ਵਿਚ ਹਿੰਦੀ ਸਾਹਿਤ ਸੰਮੇਲਨ ਪ੍ਰਯਾਗ ਦਾ ਸਾਲਾਨਾ ਸਮਾਗਮ ਅਯੋਜਿਤ ਨਾ ਹੋ ਸਕਿਆ। ਹਿੰਦੀ ਸਾਹਿਤ ਸੰਮੇਲਨ ਪ੍ਰਯਾਗ ਦਾ ਉਹ ਪੱਤਰ ਜੋ ਅੱਜ ਵੀ ਪ੍ਰਕਾਸ਼ਿਤ ਹੁੰਦਾ ਹੈ—ਉਸ ਰਾਹੀਂ ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੰਬੰਧਿਤ ਕਵਿਤਾਵਾਂ ਪ੍ਰਕਾਸ਼ਤ ਕਰਕੇ ਬਹੁਤ ਵੱਡਾ ਯੋਗਦਾਨ ਦਿੱਤਾ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਹਿੰਦੀ ਦੇ ਰਾਸ਼ਟਰ-ਕਵੀਂ ਮੈਥਲੀ ਸ਼ਰਨ ਗੁਪਤ ਜੀ ਨੇ ਆਜ਼ਾਦੀ ਦੇ ਅੰਦੋਲਨ



Sri Satguru Jagjit Singh Ji eLibrary NamdhariElibrary@gmail.com

ਦੌਰਾਨ ਵਿਸ਼ੇਸ਼ ਭੂਮਿਕਾ ਨਿਭਾਈ, ਉਨ੍ਹਾਂ ਨੂੰ ਆਜ਼ਾਦੀ ਦੇ ਸੰਘਰਸ਼ ਵਿਚ ਯੋਗਦਾਨ ਪਾਉਣ ਲਈ ਹੀ ਰਾਸ਼ਟਰ-ਕਵੀਂ ਮੰਨਿਆ ਜਾਂਦਾ ਹੈ। ਜਦੋਂ ਮੈਥਲੀ ਸ਼ਰਨ ਗੁਪਤ ਨੇ ਲੰਮੇਰੀ ਰਚਨਾ 'ਗੁਰੂ-ਕੁਲ' ਨਾਮ ਦੇ ਮਹਾਂ-ਕਾਵਿ ਦੀ ਰਚਨਾ ਕੀਤੀ। ਇਸ ਕਵਿਤਾ ਵਿਚ ਉਨ੍ਹਾਂ ਨੇ ਕੂਕਾ ਲਹਿਰ ਦਾ ਸਭਿਆਚਾਰਕ, ਸਾਹਿਤਕ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਰਾਜਨੀਤਿਕ ਸੰਘਰਸ਼ ਦਾ ਵਿਸ਼ੇਸ ਤੌਰ ਤੇ ਜ਼ਿਕਰ ਕੀਤਾ।ਮੈਥਲੀ ਸ਼ਰਨ ਗੁਪਤ ਲਿਖਦੇ ਹਨ ਕਿ ਗੁਰੂ ਕੁਲ ਦਾ ਅੰਤਮ ਪੜਾਅ ਸਤਿਗੁਰੁ ਰਾਮ ਸਿੰਘ ਜੀ ਦਾ ਯੋਗਦਾਨ ਹੈ।ਝਾਂਸੀ ਦੇ ਨਜ਼ਦੀਕ ਚਿਰਗਾਂਉ ਨਾਮੀ ਇਕ ਪਿੰਡ ਵਿਖੇ ਰਾਸ਼ਟਰ-ਕਵੀ ਮੈਥਲੀ ਸ਼ਰਨ ਗੁਪਤ ਜੀ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੰਵਾਦ ਹੋਇਆ। ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਉਸ ਇਲਾਕੇ ਦੀਆਂ ਯਾਤਰਾਵਾਂ ਤੇ ਸਨ। ਇਹ ਮੁਲਾਕਾਤ ਭਾਰਤ ਦੀ ਆਜ਼ਾਦੀ ਲਈ, ਭਾਰਤੀ ਜਾਗਰੂਕਤਾ ਲਈ, ਕੀਤੇ ਜਾ ਰਹੇ ਯਤਨਾਂ ਦਾ ਸਿੱਟਾ ਸੀ। ਇਹ ਲੇਖਕਾਂ ਨਾਲ ਅੰਤਰ ਸੰਵਾਦ ਭਾਰਤੀ ਕਵਿਤਾ ਦੇ ਮੀਲ ਪੱਥਰ ਵਿਚ ਮਹੱਤਵਪੂਰਨ ਪੜਾਅ ਸਨ।

ਕੂਕਾ ਲਹਿਰ ਦਾ ਤੀਜੇ ਪੜਾਅ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਕਾਲ ਮੁੱਖ ਤੌਰ ਤੇ ਆਉਦਾ ਹੈ। ਇਹ ਸਮਾਂ ਉਹ ਸੀ ਕਿ ਆਜ਼ਾਦੀ ਪ੍ਰਾਪਤ ਹੋ ਚੁੱਕੀ ਸੀ ਤੇ ਦੇਸ਼ ਵਿਕਾਸ ਦੇ ਪੜਾਵਾਂ 'ਤੇ ਚੱਲਣ ਨੂੰ ਤਿਆਰ ਬੈਠਾ ਸੀ। ਖਾਸ ਕਰਕੇ ਪੰਜ-ਸਾਲਾ ਯੋਜਨਾਵਾਂ ਮੁੱਖ ਤੌਰ ਤੇ ਖੇਤੀ ਉਦਯੋਗ ਦੇ ਖੇਤਰ ਵਿਚ, ਇਕ ਨਵੀਂ ਸਭਿਆਚਾਰਕ ਕ੍ਰਾਂਤੀ ਲਿਆਉਣ ਲਈ ਬਹੁਤ ਸਾਰੇ ਯਤਨ ਕੀਤੇ ਜਾ ਰਹੇ ਸਨ। ਦੇਸ਼ ਦਾ ਭਵਿੱਖ ਪੂਰੇ ਵਿਸ਼ਵ ਦੇ ਸਾਹਮਣੇ ਇਕ ਨਵੇਂ ਰੂਪ ਵਿਚ ਪ੍ਰਦਰਸ਼ਿਤ ਹੋ ਰਿਹਾ ਸੀ। ਇਸ ਖੇਤਰ ਵਿਚ ਭਾਰਤੀ ਸਾਹਿਤ ਅਤੇ ਵਿਸ਼ੇਸ਼ ਕਰਕੇ ਪੰਜਾਬੀ ਕਵਿਤਾ ਨੇ ਮਹੱਤਪੂਰਨ ਯੋਗਦਾਨ ਪਾਇਆ। ਸਤਿਗੁਰੂ ਜਗਜੀਤ ਸਿੰਘ ਦੇ ਕਾਲ ਦੌਰਾਨ ਪੰਜਾਬੀ ਕਵੀਆਂ ਨੇ ਤਿੰਨ ਤਰ੍ਹਾਂ ਦੇ ਪ੍ਰਯਤਨ ਕੀਤੇ। (ੳ) ਨਾਮਧਾਰੀ ਲਹਿਰ ਦੀ ਪੰਜਾਬੀ ਕਵਿਤਾ ਦੇ ਪਿਛੋਕੜ ਨੂੰ ਅਜ਼ਾਦੀ ਤੋਂ ਬਾਅਦ ਦੀ ਪੰਜਾਬੀ ਕਵਿਤਾ ਨਾਲ ਜੋੜਨ ਦਾ ਪ੍ਰਯਤਨ ਕੀਤਾ। ਖਾਸ ਕਰਕੇ ਇੰਦਰ ਸਿੰਘ ਚਕ੍ਰਵਰਤੀ ਜੀ ਦਾ ਇਸ ਵਿਚ ਰੋਲ ਅਹਿਮ ਸੀ। (ਅ) ਦੂਜਾ ਯਤਨ ਇਹ ਸੀ ਕਿ ਇੰਨੇ ਲੰਬੇ ਸੰਘਰਸ਼ ਤੋਂ ਬਾਅਦ ਨਾਮਧਾਰੀ ਚਿੰਤਨ ਦੇ ਨਾਲ ਜੁੜੇ ਹੋਏ ਕਵੀਆਂ, ਲਿਖਾਰੀਆਂ ਅਤੇ ਚਿੰਤਕਾਂ ਨੇ ਆਪਣੀ ਇਕ ਵੱਖਰੀ ਸੋਚ ਵੀ ਪੰਜਾਬੀ ਕਵਿਤਾ ਦੇ ਇਸ ਦੌਰ ਵਿਚ ਉਭਾਰੀ। ਇਸ ਦੌਰ ਦੀਆਂ ਜੇ ਕਵਿਤਾਵਾਂ ਵੇਖੀਆਂ ਜਾਣ ਤਾਂ ਨਾਮਧਾਰੀਆਂ ਦੇ ਖੇਡਾਂ ਦੇ ਖੇਤਰ ਵਿਚ, ਸੰਗੀਤ ਦੇ ਖੇਤਰ ਵਿਚ, ਖੇਤੀ ਦੇ ਖੇਤਰ ਵਿਚ ਅਤੇ ਸਨਅਤੀ ਦੁਨੀਆਂ ਦੀ ਪਹਿਚਾਣ ਨੂੰ ਸਵੀਕਾਰ ਕਰਨ ਦੇ ਰੂਪ ਵਿਚ ਅਤੇ ਪੰਜਾਬੀ ਸਭਿਆਚਾਰ ਦੇ ਵਿਸ਼ਵ ਪੱਧਰੀ ਮੁਹਾਂਦਰੇ ਨੂੰ ਪਾਰਦਰਸ਼ੀ ਬਣਾਉਣ ਦੇ ਵਿਚ ਅਹਿਮ ਭੂਮਿਕਾ ਨਿਭਾਈ। ਸਾਡੇ ਸਾਹਮਣੇ ਵਿਸ਼ਵ ਪੰਜਾਬੀ ਸੰਮੇਲਨ, ਹਾਕੀ ਨੂੰ ਕੌਮੀ ਪੱਧਰ ਉੱਤੇ ਇਕ



Sri Satguru Jagjit Singh Ji eLibrary NamdhariElibrary@gmail.com

ਨਵੀਂ ਸੇਧ ਦੇਣਾ, ਖੇਤੀ ਦੇ ਖੇਤਰ ਵਿਚ ਨਵੇ ਬੀਜਾਂ ਦਾ ਉਤਪਾਦਨ ਕਰਨਾ, ਨੌਜਵਾਨ ਪੀੜ੍ਹੀ ਨੂੰ ਖੇਡਾਂ ਦੇ ਖੇਤਰ ਵਿਚ ਨਵੀਆਂ ਪ੍ਰੇਰਨਾਵਾਂ ਦੇਣਾ ਮਹੱਤਵਪੂਰਨ ਸੀ। ਇਸ ਦੌਰ ਦੀਆਂ ਕਵਿਤਾਵਾਂ ਵਿਚ ਇਨ੍ਹਾਂ ਸਭ ਖੇਤਰਾਂ ਦਾ ਜ਼ਿਕਰ ਕੀਤਾ ਗਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਨਾਲ ਜੁੜੀਆਂ ਕਵਿਤਾਵਾਂ ਵਿਚ ਇਕ ਸਭਿਆਚਾਰਕ ਕ੍ਰਾਂਤੀ ਦੀ ਝਲਕ ਨਜ਼ਰ ਆਉਂਦੀ ਹੈ। ਇਸ ਸਮੇਂ ਦੀਆਂ ਕਵਿਤਾਵਾਂ ਵਿਚ ਇਕ ਸਮਾਜਿਕ ਪਰਿਵਰਤਨ ਅਤੇ ਸਮਾਜਿਕ ਸੂਝ-ਬੂਝ ਦਿਖਾਈ ਦੇਂਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਦੇ ਬਾਰੇ ਕਈ ਬਾਹਰੀ ਤੇ ਅੰਤਰਮੁਖੀ ਹਵਾਲੇ ਇਸ ਪੰਜਾਬੀ ਕਵਿਤਾ ਵਿਚੋਂ ਮਿਲਦੇ ਹਨ। ਜਿਵੇਂ ਉਨ੍ਹਾਂ ਦੇ ਪਹਿਰਾਵੇ ਬਾਰੇ, ਉਨ੍ਹਾਂ ਦੀ ਚਾਲ-ਢਾਲ ਬਾਰੇ; ਸੰਗੀਤ ਸੰਮਲੇਨਾ ਦਾ ਆਯੋਜਨ ਅਤੇ ਨਾਮ ਸਿਮਰਨ ਦੇ ਅਭਿਆਸ ਬਾਰੇ ਵਰਨਣ ਮਿਲਦਾ ਹੈ। ਉਨ੍ਹਾਂ ਦੁਆਰਾ ਰੋਜ਼ਾਨਾ ਕੀਤੇ ਜਾਣ ਵਾਲੇ ਕਾਰਜ, ਗਤੀਵਿਧੀਆਂ ਤੇ ਕਿਰਿਆਵਾਂ ਬਾਰੇ ਹਵਾਲੇ ਕਵੀਆਂ ਨੇ ਆਪਣੀਆਂ ਲਿਖਤਾਂ ਵਿਚ ਦਿੱਤੇ ਹਨ।

ਨਾਮਧਾਰੀ ਲਹਿਰ ਨਾਲ ਸੰਬੰਧਿਤ ਵੱਡੀ ਗਿਣਤੀ ਵਿਚ ਕਵਿਤਾਵਾਂ ਪੱਤਰ-ਪੱਤਰਕਾਵਾਂ ਅਤੇ ਪ੍ਰਬੰਧ ਕਾਵਿ ਰੂਪ ਵਿਚ ਇਸ ਸਮੇਂ ਪ੍ਰਕਾਸ਼ਿਤ ਹੋਏ ਮਿਲਦੇ ਹਨ। ਇਨ੍ਹਾਂ ਕਵਿਤਾਵਾਂ ਵਿਚੋਂ ਕੁਝ ਪੰਜਾਬੀ ਦੇ ਵਿਸ਼ਿਸ਼ਟ ਕਵੀਆਂ ਵੱਲੋਂ ਲਿਖੀਆਂ ਗਈਆਂ ਹਨ, ਜਿਨ੍ਹਾਂ ਵਿਚ ਹਰਿਭਜਨ ਸਿੰਘ, ਵਿਧਾਤਾ ਸਿੰਘ ਤੀਰ, ਗੁਰਮੁਖ ਸਿੰਘ ਮੁਸਾਫਰ, ਧਨੀ ਰਾਮ ਚਾਤ੍ਰਿਕ, ਸੰਤੋਖ ਸਿੰਘ ਧੀਰ ਆਦਿ ਕਵੀਆਂ ਦੇ ਨਾਮ ਵਰਨਣਯੋਗ ਹਨ। ਸਤਿਗੁਰੂ ਜਗਜੀਤ ਸਿੰਘ ਦੇ ਗੁਰੂ ਕਾਲ ਦੇ ਸਮੇ ਨਾਲ ਸੰਬੰਧਿਤ ਲਿਖੀ ਗਈ ਕਵਿਤਾ ਵਿਚ ਦਲਬੀਰ ਸਿੰਘ ਤਰਸ, ਸੂਬਾ ਸੁਰਿੰਦਰ ਕੌਰ ਖਰਲ, ਜਸਵੰਤ ਸਿੰਘ ਮਸਤ, ਕਥਾਕਾਰ ਨਿਸ਼ਾਨ ਸਿੰਘ, ਤਾਰਾ ਸਿੰਘ ਅਨਜਾਣ, ਪ੍ਰੀਤਮ ਸਿੰਘ ਪੰਛੀ, ਕਿਰਪਾਲ ਸਿੰਘ ਕਸੇਲ, ਮਾਸਟਰ ਅਮਰੀਕ ਸਿੰਘ, ਗੁਰਦੇਵ ਸਿੰਘ ਅਤੇ ਪ੍ਰਿੰਸੀਪਲ ਅਜੀਤ ਸਿੰਘ ਆਦਿ ਦੇ ਨਾਮ ਖਾਸ ਤੌਰ ਤੇ ਜ਼ਿਕਰ ਯੋਗ ਹਨ। ਇਸ ਤੋਂ ਇਲਾਵਾ ਜੋਗਿੰਦਰ ਸਿੰਘ ਮੁਕਤਾ, ਜਵਾਲਾ ਸਿੰਘ ਸੇਵਕ, ਸੁਖਵੰਤ ਸਿੰਘ ਕੰਗ, ਜੋਗਾ ਸਿੰਘ, ਨਿਰੰਜਨ ਸਿੰਘ ਨੂਰ, ਜੋਗਿੰਦਰ ਸਿੰਘ ਕੰਗ, ਸੁਰਜੀਤ ਪਾਤਰ, ਗੁਰਭਜਨ ਗਿੱਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸਤਨਾਮ ਸਿੰਘ ਕੋਮਲ ਤੇ ਅਜੀਤ ਸਿੰਘ ਲਾਇਲ ਆਦਿ ਦੀਆਂ ਕਵਿਤਾਵਾਂ ਵੱਖ-ਵੱਖ ਸਮੇਂ ਛਪਦੀਆਂ ਰਹੀਆਂ ਹਨ। ਇਸ ਪ੍ਰਕਾਰ ਗੁਰੂ ਉਸਤਤਿ ਵਿਚ ਲਿਖੀ ਗਈ ਕਵਿਤਾ ਦਾ ਸਫਰ ਨਿਰੰਤਰ ਜਾਰੀ ਹੈ ਜਿਸ ਵਿਚ ਇਸ ਦੀਆਂ ਨਵੀਆਂ ਸੰਭਾਵਨਾਵਾਂ ਉਜਾਗਰ ਹੋ ਰਹੀਆਂ ਹਨ।

ਨਾਮਧਾਰੀ ਲਹਿਰ ਦੀ ਇਸ ਦੌਰ ਦੀ ਜ਼ਿਆਦਤਰ ਕਵਿਤਾ ਸਮਾਜਕ, ਰਾਸ਼ਟਰਵਾਦੀ ਅਤੇ ਇਤਿਹਾਸਕ ਪਰਿਪੇਖਾਂ ਨਾਲ ਜੁੜੀ ਹੋਈ ਹੈ ਪਰੰਤੂ, ਇਸ ਦਾ



Sri Satguru Jagjit Singh Ji eLibrary NamdhariElibrary@gmail.com

ਮੁਖ ਸਰੋਕਾਰ ਧਰਮ ਅਤੇ ਧਾਰਮਿਕਤਾ ਹੀ ਹੈ। ਨਾਮਧਾਰੀ ਕਵੀਆਂ ਦੀ ਕਵਿਤਾ ਉਨ੍ਹਾਂ ਦੀ ਸਿੱਖ ਧਰਮ, ਸਿੱਖ ਗੁਰੂ ਸਹਿਬਾਨ, ਨਾਮਧਾਰੀ ਗੁਰੂਆਂ ਅਤੇ ਉਨ੍ਹਾਂ ਦੁਆਰਾ ਨਿਰਧਾਰਿਤ ਰਹਿਤ-ਮਰਿਯਾਦਾ ਪ੍ਰਤੀ ਸ਼ਰਧਾਮੂਲਕ ਭਾਵਨਾਵਾਂ ਅਤੇ ਧਾਰਮਿਕ ਵਿਚਾਰਾ ਦੀ ਪੇਸ਼ਕਾਰੀ ਹੈ।

20ਵੀਂ ਅਤੇ 21ਵੀਂ ਸਦੀ ਵਿਚ ਵਿਸ਼ਵ ਨਾਲ ਸਭ ਤੋਂ ਵੱਧ ਸਾਂਝ ਪੰਜਾਬੀ ਭਾਈਚਾਰੇ ਨੇ ਪਾਈ। ਇਹ ਸਾਂਝ ਵਿਚਾਰਾਂ ਅਤੇ ਚਿੰਤਨ ਦੀ ਸੀ, ਉਸ ਦੇ ਨਾਲ-ਨਾਲ ਇਹ ਸਾਂਝ ਭੂਗੋਲਿਕ ਵੀ ਸੀ। ਪੰਜਾਬੀ ਸਮਾਜ ਆਜ਼ਾਦੀ ਤੋਂ ਬਾਅਦ ਅਤੇ ਖਾਸ ਕਰਕੇ 1960 ਤੋਂ ਬਾਅਦ ਪੂਰੇ ਵਿਸ਼ਵ ਵਿਚ ਆਪਣੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਲਈ ਗਿਆ। ਨਾਮਧਾਰੀ ਭਾਈਚਾਰੇ ਨੇ ਵੀ ਦੇਸ਼ਾਂ-ਵਿਦੇਸ਼ਾਂ ਵਿਚ ਆਪਣੇ ਟਿਕਾਣੇ ਬਣਾਏ ਅਤੇ ਆਪਣੀ ਮਿਹਨਤ ਨਾਲ ਆਪਣਾ ਨਾਮ ਕਮਾਇਆ ਤੇ ਨਾਲ ਨਾਲ ਨਾਮਧਾਰੀ ਲਹਿਰ ਅਤੇ ਚਿੰਤਨ ਦਾ ਫੈਲਾਅ ਵੀ ਕੀਤਾ। ਅੱਜ ਬਹੁਤ ਸਾਰੇ ਦੇਸ਼ਾ ਵਿਚ ਵੱਸੇ ਹੋਏ ਨਾਮਧਾਰੀ ਵੀਰਾਂ ਨੇ, ਸਾਹਿਤਕਾਰਾਂ ਨੇ ਉਥੇ ਦੀ ਧਰਤੀ ਉਤੇ ਵੱਸ ਕੇ ਵੀ ਪੰਜਾਬੀ ਸਭਿਆਚਾਰ ਦੇ ਪ੍ਰਤੀ ਆਪਣਾ ਯੋਗਦਾਨ ਪਾਇਆ ਅਤੇ ਪਾ ਰਹੇ ਹਨ। ਉਨ੍ਹਾਂ ਨੇ ਪਰਾਈ ਧਰਤੀ ਤੇ ਜਾ ਕੇ ਨਾਮਧਾਰੀ ਲਹਿਰ ਦੀਆਂ ਪ੍ਰਾਪਤੀਆਂ ਅਤੇ ਸਿੱਖਿਆਵਾਂ ਨੂੰ ਉਪਨਿਆਸਾ, ਕਹਾਣੀਆਂ ਤੇ ਕਵਿਤਾਵਾਂ ਦੇ ਰੂਪ ਵਿਚ ਰੂਪਮਾਨ ਕਰਕੇ, ਸਤਿਗੁਰੂ ਰਾਮ ਸਿੰਘ, ਸਤਿਗੁਰੂ ਪ੍ਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਅਤੇ ਵਰਤਮਾਨ ਗੁਰੂ ਠਾਕੁਰ ਉਦੇ ਸਿੰਘ ਜੀ ਦੀਆਂ ਪ੍ਰਾਪਤੀਆਂ ਪ੍ਰਤੀ ਆਪਣੀ ਪ੍ਰਤੀਬੱਧਤਾ ਦਿਖਾਈ। ਅੱਜ ਨਾਮਧਾਰੀ ਭਾਈਚਾਰਾ ਜਿਸ ਇਤਿਹਾਸਕ ਅਤੇ ਵਿਸ਼ਵਪੱਧਰ ਤੇ ਆਪਣੀ ਪਹਿਚਾਣ ਬਣਾ ਰਿਹਾ ਹੈ, ਉਸ ਪਹਿਚਾਣ ਵਿਚ ਸਤਿਗੁਰੂ ਜਗਜੀਤ ਸਿੰਘ ਅਤੇ ਸਤਿਗੁਰੂ ਉਦੇ ਸਿੰਘ ਜੀ ਦਾ ਬਹੁਤ ਵੱਡਾ ਯੋਗਦਾਨ ਹੈ।

ਬੰਗਲੌਰ ਵਿਚ ਏਸ਼ੀਆਂ ਦਾ ਸਭ ਤੋਂ ਵੱਡਾ ਨਾਮਧਾਰੀ ਬੀਜ ਉਤਪਾਦਨ, ਫਾਰਮ ਹਾਊਸ ਬਣਿਆ ਹੋਇਆ ਹੈ, ਇਸ ਰਾਹੀ ਦੱਖਣੀ-ਏਸ਼ੀਆਂ ਦੇ ਦੇਸ਼ਾ ਨੂੰ ਬੀਜ ਸਪਲਾਈ ਕੀਤੇ ਜਾਂਦੇ ਹਨ। ਬੰਗਲੌਰ ਬੀਜ ਫਾਰਮ ਸਤਿਗੁਰੂ ਉਦੇ ਸਿੰਘ ਦੀ ਰਹਿਨੁਮਾਈ ਅਧੀਨ ਵਿਸ਼ਵ ਪੱਧਰ ਤੇ ਆਪਣਾ ਯੋਗਦਾਨ ਦੇ ਰਿਹਾ ਹੈ। ਅੱਜ ਸਤਿਗੁਰੂ ਉਦੇ ਸਿੰਘ ਜੀ ਪੂਰੇ ਭਾਈਚਾਰੇ ਦੀ ਰਹਿਨੁਮਾਈ ਕਰ ਰਹੇ ਹਨ। ਸੱਚੇ ਅਰਥਾਂ ਵਿਚ ਉਹ ਨਾਮਧਾਰੀ ਪਰਿਵਾਰ, ਭਾਈਚਾਰੇ ਤੇ ਪੰਜਾਬੀਅਤ ਨੂੰ ਅੱਗੇ ਲਿਜਾਣ ਲਈ ਯਤਨ ਕਰ ਰਹੇ ਹਨ। ਭਵਿੱਖ ਵਿਚ ਉਨ੍ਹਾਂ ਦੇ ਬੜੇ ਹਾਂ ਪੱਖੀ ਸਿੱਟੇ ਸਾਡੇ ਸਾਹਮਣੇ ਆਉਣਗੇ। ਇਕ ਉਦਹਾਰਣ ਦੇ ਤੌਰ ਤੇ ਲੁਧਿਆਣੇ ਬੁੱਢੇ ਨਾਲੇ ਦੀ ਸਫਾਈ ਦਾ ਇਤਿਹਾਸਕ ਕਾਰਜ ਵੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਹੋ ਰਿਹਾ ਹੈ। ਵਾਤਾਵਰਨ ਦੀ ਸੰਭਾਲ, ਗਊ ਸੁਰੱਖਿਆ ਨੂੰ ਇਕ ਨਵੇ ਚਿੰਤਨ



Sri Satguru Jagjit Singh Ji eLibrary NamdhariElibrary@gmail.com

ਨਾਲ ਜੋੜ ਕੇ ਕੀਤੇ ਜਾ ਰਹੇ ਯਤਨ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਉਤੇ ਸਵੀਕਾਰ ਕੀਤੇ ਗਏ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ 100 ਸਾਲਾ ਪ੍ਰਕਾਸ਼ ਸ਼ਤਾਬਦੀ ਮੌਕੇ ਇਹ ਵੱਖ-ਵੱਖ ਕਵੀਆਂ ਦੁਆਰਾ ਪ੍ਰਕਾਸ਼ਿਤ ਕਵਿਤਾਵਾਂ ਦਾ ਸੰਗ੍ਰਹਿ, ਗੁਰੂ ਜੀ ਨੂੰ ਸਮਰਪਿਤ ਛੋਟਾ ਜਿਹਾ ਯਤਨ ਹੈ। ਜਿਨ੍ਹਾਂ ਕਵੀਆਂ ਦੀਆਂ ਕਵਿਤਾਵਾਂ ਨੂੰ ਸੰਕਲਿਤ ਕੀਤਾ ਗਿਆ ਹੈ- ਉਨ੍ਹਾਂ ਦਾ ਚਿੰਤਨ,ਉਨ੍ਹਾਂ ਦੀ ਲਿਖਣ ਸੋਝੀ ਸਮੁੱਚੀ ਪੰਜਾਬੀ ਕਵਿਤਾ ਦੀ ਪ੍ਰਤੀਨਿਧ ਕਵਿਤਾਵਾਂ ਦੇ ਨਾਲ ਜੁੜੀ ਹੋਈ ਹੈ। ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਤਿਗੁਰੂ ਉਦੇ ਸਿੰਘ ਜੀ ਦੇ ਯਤਨ ਪੰਜਾਬ, ਪੰਜਾਬੀਅਤ, ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਨਵੇਂ ਦਿਸਹੱਦਿਆਂ ਤੱਕ ਲੈ ਜਾਣਗੇ।

**ਪ੍ਰੋ. ਕੁਲਦੀਪ ਸਿੰਘ**
**ਚੇਅਰ ਪ੍ਰੋਫ਼ੈਸਰ, ਸਤਿਗੁਰੂ ਰਾਮ ਸਿੰਘ ਚੇਅਰ**
**ਸੈਂਟਰਲ ਯੂਨੀਵਰਸਿਟੀ, ਪੰਜਾਬ, ਬਠਿੰਡਾ**
**ਮੋਬਾ. 94632-55697**

**ਪ੍ਰੋ. ਹਰਮਿੰਦਰ ਸਿੰਘ ਬੇਦੀ**
**ਚਾਂਸਲਰ**
**ਸੈਂਟਰਲ ਯੂਨੀਵਰਸਿਟੀ, ਹਿਮਾਚਲ ਪ੍ਰਦੇਸ਼**
**ਮੋਬਾ. 93561-33665**



Sri Satguru Jagjit Singh Ji eLibrary NamdhariElibrary@gmail.com

## ਧੰਨ ਧੰਨ ਸਤਿਗੁਰ

**–ਸ੍ਰੀਮਤੀ ਸਰਦਾਰਨੀ ਲੀਲਾਵੰਤੀ ਜੀ ਦਿੱਲੀ**

ਧੰਨ ਧੰਨ ਸਤਿਗੁਰੂ ਜਗਜੀਤ ਸਿੰਘ ਅਜ ਤਖ਼ਤ ਸੁਹਾਏ ਹੈਂ।
ਨਿਰਗੁਨ ਤੋਂ ਸਰਗੁਨ ਹੋ ਕੇ ਆਕਾਲ ਹੀ ਆਏ ਹੈਂ। ਧੰਨ ਧੰਨ...

ਜਦੋਂ ਹਸਦਾ ਵੇਹੜੇ ਵੜਿਆ, ਚੰਨ 'ਚੰਦ ਕੌਰ' ਨੂੰ ਚੜ੍ਹਿਆ,
'ਦਲੀਪ' ਜਾਏ ਬਲਿਹਾਰ, ਮਾਨੋਂ ਪ੍ਰਤਾਪ ਹੀ ਆਏ ਹੈਂ। ਧੰਨ ਧੰਨ...

ਮਾਤਾ ਭੂਪਿੰਦਰ ਜਾਏ, ਵਡ 'ਪ੍ਰਤਾਪੀ' ਨੇ ਲਾਡ ਲਡਾਏ,
'ਜੀਵਨ' ਜੀ ਨੇ ਗੋਦ ਖਿਲਾਏ, 'ਹਰੀ' ਨੇ ਆਪ ਸਜਾਏ ਹੈਂ। ਧੰਨ ਧੰਨ...

'ਫਤਹ ਕੌਰ' ਮਾਤਾ ਜੀ ਬੋਲੀ, ਤੁਹਾਡੇ ਉਤੋਂ ਜਾਵਾਂ ਘੋਲੀ,
ਉਸ ਕੇਸਰ ਕੌਲੀ ਡੋਹਲੀ, ਜਦੋਂ ਤੁਸਾਂ ਤਿਲਕ ਲਗਾਏ ਹੈਂ। ਧੰਨ ਧੰਨ...

ਫੁੱਲ ਦੇਵਤਿਆਂ ਵਰੋਸਾਏ, ਦੇਵਾਂ ਨੇ ਮਿਲ ਮੰਗਲ ਗਾਏ,
ਅਰਸ਼ਾਂ ਉਤੇ ਜੈ ਜੈ ਹੋਈ, ਇੰਦ੍ਰ ਵੀ ਚੜ੍ਹ ਚੜ੍ਹ ਆਏ ਹੈਂ। ਧੰਨ ਧੰਨ...

ਦੇਸਾਂ ਤੋਂ ਚਲ ਸੰਗਤ ਆਈ, ਅਤੇ ਪ੍ਰਦੇਸਾਂ ਤੋਂ ਵੀ ਆਈ,
ਅਜ ਧੰਨ ਉਨ੍ਹਾਂ ਦੇ ਭਾਗ, ਜਿਨ੍ਹਾਂ ਨੇ ਦਰਸ਼ਨ ਪਾਏ ਹੈਂ। ਧੰਨ ਧੰਨ...

ਨਿਰਮਲੇ ਸੰਤ ਮਹਾਤਮਾ ਆਏ, ਉਦਾਸੀ ਸਾਧੂਆਂ ਨਾਦ ਵਜਾਏ,
ਅਕਾਲੀ ਲੀਡਰ ਵੀ ਚਲ ਆਏ, ਸੇਵਾ ਪੰਥੀ ਵੀ ਆਏ ਹੈਂ। ਧੰਨ ਧੰਨ...

ਵੀਰ ਕਾਂਗ੍ਰਸੀਏ ਵੀ ਆਏ, ਤੇ ਜਨ ਸੰਗੀਆਂ ਦਰਸ ਦਿਖਾਏ,
ਸਭ ਭੇਖਾਂ ਦੇ ਸਾਧੂ ਆਏ, ਨਾਨਕ ਬਾਗ ਸਜਾਏ ਹੈਂ। ਧੰਨ ਧੰਨ...

ਰਾਜੇ ਮਹਾਰਾਜੇ ਪਧਾਰੇ, ਤੇ ਵਜ਼ੀਰ ਵੀ ਆਏ ਸਾਰੇ,
ਕਵੀਆਂ ਨੇ ਮਿਲ ਕਵਿਤਾ ਗਾਈਆਂ, ਰਾਗੀਆਂ ਰਾਗ ਅਲਾਏ ਹੈਂ। ਧੰਨ...

ਸੋਹਣੇ ਬੀਰ ਸਿੰਘ ਮਹਾਰਾਜੇ, ਤੁਹਾਡੇ ਤਖ਼ਤ ਦੇ ਨਾਲ ਬਿਰਾਜੇ,
ਇਹ ਜੁਗਾਂ ਜੁਗਾਂ ਤੋਂ ਵੀਰ ਤੁਹਾਡੇ ਨਾਲ ਹੀ ਆਏ ਹੈਂ। ਧੰਨ ਧੰਨ...



Sri Satguru Jagjit Singh Ji eLibrary NamdhariElibrary@gmail.com

ਸੁੰਦਰ ਜੋੜੀ ਤੋਂ ਜਾਂ ਵਾਰੀ, ਠਾਕੁਰ ਜੀ ਦੀ ਮਹਿਮਾ ਭਾਰੀ,
ਪਈ ਲੀਲਾ ਜਾਏ ਬਲਿਹਾਰੀ, ਸਦਕੇ ਘੋਲ ਘੁਮਾਏ ਹੈਂ।
ਧੰਨ ਧੰਨ ਸਤਿਗੁਰੂ ਜਗਜੀਤ ਸਿੰਘ ਅੱਜ ਤਖਤ ਸੁਹਾਏ ਹੈਂ।

◆

**(ਸਤਿਜੁਗ, ੨੫ ਮਘਰ ਵੀਰਵਾਰ ਸੰ: ੨੦੧੬, ੧੦ ਦਸੰਬਰ ੧੯੫੯ ਈ: ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੪)**



Sri Satguru Jagjit Singh Ji eLibrary NamdhariElibrary@gmail.com

## ਅਸਾਂ ਹੈ ਨਭੌਣਾ ਗੁਰੂ ਸਿੱਖ ਵਾਲੀ ਪਰੀਤ ਨੂੰ

ਕਰ ਪਰਕਰਮਾ ਤੇ ਚਰਨਾਂ 'ਤੇ ਸੀਸ ਧਰ,
ਰਖ ਨਜ਼ਰਾਨਾ ਏ ਦਿਲ ਮਹਾਰਾਜਂ ਜਗਜੀਤ ਨੂੰ।
ਬਾਂਹ ਹੈ ਫੜਾਈ ਮਹਾਰਾਜ ਪ੍ਰਤਾਪ ਆਪ,
ਰੱਖਣੇ ਲਈ ਕਾਇਮ ਇਸ ਧਰਮ ਵਾਲੀ ਰੀਤ ਨੂੰ।

ਜਿਥੇ ਹੈ ਪਿਆਰ ਸਦਾ ਓਥੇ ਇਤਬਾਰ ਹੁੰਦਾ,
ਅਸਾਂ ਹੈ ਨਭੌਣਾ ਗੁਰੂ ਸਿੱਖ ਵਾਲੀ ਪਰੀਤ ਨੂੰ।
ਤਨ ਮਨ ਧਨ ਅਸਾਂ ਵਾਰਿਆ ਸਿਦਕ ਨਾਲ,
ਲਭਿਆ ਜਹਾਨ ਵਿਚ ਤੇਰੇ ਜੇਹੇ ਮੀਤ ਨੂੰ।

ਗੁਰਗੱਦੀ ਸੌਂਪੀ ਮਹਾਰਾਜ ਪ੍ਰਤਾਪ ਆਪ,
ਤੇਰੇ ਜੇਹੇ ਵਾਲੀ ਅੱਜ ਸੋਂਹਦੇ ਨੇ ਤਖਤ 'ਤੇ।
ਜਿਗਾ ਕਲਗੀ ਪਹਿਨੋਂ ਅੱਜ ਮਸਤਕ ਲਵਾਓ ਟਿੱਕਾ,
ਧੁਰ ਦਰਗਾਹੋਂ ਆਪ ਉਚੇ ਜੇ ਬਖਤ 'ਤੇ।

ਦਿੱਤੀ ਹੈ ਜੇ ਗੱਦੀ ਭਲਾ ਕੀਤਾ ਹੈ ਅਹਿਸਾਨ ਕੁਝ ?
ਹਾਂ, ਗੁਰ ਗੱਦੀ ਮਿਲੀ ਤੇਰੀ ਭਲੀ ਨੀਤ ਨੂੰ।
ਇਕੋ ਹੀ ਬ੍ਰਹਮ ਜਾਤਾ ਕੁਲ ਜੀਵ ਜੰਤ ਵਿਚ,
ਛੱਡ ਦਿੱਤੀ ਹੰਗਤਾ ਤੇ ਢਾਇਆ ਦੂਈ ਭੀਤ ਨੂੰ।

ਪ੍ਰੇਮ ਸਹਿਨ ਸ਼ੀਲਤਾ ਸੇਵਾ ਦਾ ਉਦੇਸ਼ ਦੇ ਕੇ,
ਗਿਰਜਾ ਤੇ ਇਕ ਜਾਤਾ ਮੰਦਰ ਮਸੀਤ ਨੂੰ।
ਬਾਨਿਆਂ ਦੇ ਭੇਖ ਵਿਚੋਂ ਵੇਖਿਆ ਪ੍ਰਭੂ ਏਕ,
ਸਨਾਤਨੀ, ਸਮਾਜੀ ਤੇ ਬਿਹੰਗਮ ਅਤੀਤ ਨੂੰ।

ਨਿਰਮਲ ਚਿਤ ਨਿਤ ਸ਼ਾਂਤੀ ਸਰੂਪ ਦਿਸੇ,
ਭਾਈਵਾਲ ਬਣੇ ਨਹੀਂ ਜੇ ਮਰਦ ਸਖ਼ਤ ਦੇ।
ਸਖਾਇਆ ਪ੍ਰੇਮ ਭਾਓ ਪਰਾਨੀਆਂ ਨੂੰ ਲਗ ਅੱਗੇ,
ਕਰ ਲੀਤਾ ਨਰਮ ਮਥੇ ਲਗੇ ਜੇ ਕੁਰਖਤ ਦੇ।



Sri Satguru Jagjit Singh Ji eLibrary NamdhariElibrary@gmail.com

ਸੇਵਾ ਦਿਨੇ ਰਾਤ ਕੀਤੀ ਪੰਥ ਦੀ ਪਰੇਮ ਨਾਲ,
ਵਿਚਾਰਿਆ ਨਹੀਂ ਦਿਲ ਵਿਚ ਗਰਮੀ ਤੇ ਸੀਤ ਨੂੰ।
ਹਾਂ, ਭਲੇ ਪੁਰਸ਼ ਨਾਲ ਸੰਗਤ ਜ਼ਰੂਰ ਕੀਤੀ,
ਕੋਲ ਨਹੀਂ ਬਹਿਣ ਦਿਤਾ ਮਰਦ ਪਲੀਤ ਨੂੰ।

ਸਿਮਰਨ ਭਜਨ ਕਰੋ ਜਿਨ ਕਲਿਆਣ ਦੇਣੀ,
ਰਲ ਮਿਲ ਗਾਈਏ ਗੋਬਿੰਦ ਵਾਲੇ ਗੀਤ ਨੂੰ।
ਸ਼ਬਦ ਨਿਗਾਹ ਵਿਚ ਰੱਖੀਏ ਪ੍ਰੇਮ ਨਾਲ,
ਸੁਰਤੀ ਨੂੰ ਸੋਧ ਕਰ ਮਾਂਜੋ ਮਨਚੀਤ ਨੂੰ।

ਮਨ ਦ੍ਰਿਸ਼ਟੀ ਉੱਚੀ ਵਿਚ ਦਿਲ ਦਿੱਤਾ ਪੰਥ ਤਾਈ,
ਨਿਗਹ ਨਹੀਂ ਜਮਾਈ ਸੀ ਪਰਾਈ ਮਾਲੋ ਰਖਤ ਤੇ।
ਮਹਾਰਾਜਾ ਜਗਜੀਤ ਸਮਰਥਾ ਯੋਗ ਗੁਰੂ ਪੂਰਾ,
ਸ਼ਮਸ਼ੇਰ ਬੈਠਾ ਅੱਜ ਸੂਰਾ ਵੇਖੋ ਤਾਜੋ ਤਖ਼ਤ ’ਤੇ।

◆

**(ਸਤਿਜੁਗ, ੨ ਪੋਹ ਵੀਰਵਾਰ ਸੰ: ੨੦੧੬, ੧੭ ਦਸੰਬਰ ੧੯੫੯ ਈ: ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੪)**



Sri Satguru Jagjit Singh Ji eLibrary NamdhariElibrary@gmail.com

## ਚਰਨਾਂ ਵਿਚ ਸੀਸ ਝੁਕਾ ਲਈਏ

**–ਬੀਬੀ ਜਗੀਰ ਕੌਰ ਸੰਧੂ ਮੋਰੀ ਵਾਲਾ**

ਆਓ ਸਤਿਗੁਰੂ ਸ੍ਰੀ ਜਗਜੀਤ ਦਿਆਂ,
ਚਰਨਾਂ ਤੇ ਸੀਸ ਝੁਕਾ ਲਈਏ।
ਇਸ ਡਗ ਮਗ ਕਰਦੀ ਕਿਸ਼ਤੀ ਨੂੰ,
ਸਹਿਜੇ ਹੀ ਪਾਰ ਲਗਾ ਲਈਏ।

ਉਹ ਸੱਚਾ ਰਹਿਬਰ ਦੁਨੀਆਂ ਦਾ,
ਬਣ ਆਇਆ ਰੂਪ ਮਨੁੱਖ ਦਾ ਏ।
ਇਹ ਮਸਤੀ ਚਾੜ੍ਹੇ ਭਗਤੀ ਦੀ,
ਭੰਡਾਰਾ ਸੱਚੇ ਸੁਖ ਦਾ ਏ।

ਜਾਏ ਜਨਮ ਅਮੋਲਕ ਬਿਰਥਾ ਨਾ,
ਆਓ ਨਾਮ ਦੀ ਪਾਨ ਚੜ੍ਹਾ ਲਈਏ।
ਆਓ ਸਤਿਗੁਰੂ ਸ੍ਰੀ ਜਗਜੀਤ ਜੀ ਦੇ,
ਚਰਨਾਂ ਵਿਚ ਸੀਸ ਝੁਕਾ ਲਈਏ।

ਮੀਂਹ ਮਿਹਰਾਂ ਦਾ ਵਰਸਾਏ ਪਿਆ,
ਮੁੱਖੜੇ ਤੋਂ ਸਦਕੇ ਜਾਂਦੇ ਏ ਜੀਅ।
ਜੋ ਸ਼ਰਨ ਇਹਦੀ ਵਿਚ ਆ ਜਾਏ,
ਕੱਟ ਗੇੜ ਚੁਰਾਸੀ ਜਾਂਦਾ ਏ ਜੀਅ।

ਆਓ ਰਹਿਮ ਭਰੇ ਪ੍ਰਿਯ ਮੁੱਖੜੇ ਦਾ,
ਰੱਜ ਰੱਜ ਕੇ ਦਰਸ਼ਨ ਪਾ ਲਈਏ।
ਆਓ ਸਤਿਗੁਰ ਸ੍ਰੀ ਜਗਜੀਤ ਜੀ ਦੇ,
ਚਰਨਾਂ ਵਿਚ ਸੀਸ ਝੁਕਾ ਲਈਏ।

ਜਗਜੀਤ ਜਿੱਤਣਗੇ ਜੱਗ ਇਕ ਦਿਨ
ਹਰ ਦਿਲ ਤੇ ਰਾਜ ਕਮਾਵਣਗੇ।



Sri Satguru Jagjit Singh Ji eLibrary NamdhariElibrary@gmail.com

ਲੈ ਝੰਡਾ ਸਾਂਝੀਵਾਲਤਾ ਦਾ,
ਘਰ ਘਰ ਦੇ ਵਿਚ ਝੁਲਾਵਣਗੇ।

ਆਓ ਇਸ ਅਨੋਖੇ ਪਾਂਧੀ ਦਾ,
ਰਲ ਮਿਲ ਕੇ ਸਾਥ ਨਿਭਾ ਲਈਏ।
ਆਓ ਸਤਿਗੁਰ ਸ੍ਰੀ ਜਗਜੀਤ ਜੀ ਦੇ,
ਚਰਨਾਂ ਵਿਚ ਸੀਸ ਝੁਕਾ ਲਈਏ।

◆

**(ਸਤਿਜੁਗ, ੧੭ ਭਾਦ੍ਰੋਂ ਵੀਰਵਾਰ ਸੰ: ੨੦੧੭, ੧ ਸਤੰਬਰ ੧੯੬੦ ਈ: ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੫)**



Sri Satguru Jagjit Singh Ji eLibrary NamdhariElibrary@gmail.com

## ਸਤਿਗੁਰੂ ਜਗਜੀਤ ਸਿੰਘ ਜੀ !

### –ਪੂਰਨ ਸਿੰਘ ਰਾਏ ਕਲਕਤਾ

ਬਾਲੀ ਉਮਰ ਇਕਠਿਆਂ ਖੇਡ ਖੇਡੀ,
ਤੈਨੂੰ ਯਾਰ ਆਖਾਂ, ਕਿ ਦਿਲਦਾਰ ਆਖਾਂ।
ਦੀਨਾਂ ਬੰਧੂ, ਅਨਾਥਾਂ ਦਾ ਨਾਥ ਆਖਾਂ,
ਕਿ ਸ਼ਹਿਨਸ਼ਾਹਾਂ ਦੀ ਤੈਨੂੰ ਸਰਕਾਰ ਆਖਾਂ।

ਵੈਰੀ ਮੀਤ ਨੂੰ ਇਕੋ ਹੀ ਨਜ਼ਰ ਵੇਖੇਂ,
ਗ਼ਮਖ਼ਾਰ ਆਖਾਂ ਕਿ ਅੰਮ੍ਰਿਤ ਧਾਰ ਆਖਾਂ।
ਜਾਣੀ ਜਾਣ ਤੂੰ ਦਿਲਾਂ ਦੀਆਂ ਬੁੱਝਦਾ ਏਂ,
ਨਿਰਾ ਨੂਰ ਤੈਨੂੰ ਕਿ ਦਾਤਾਰ ਆਖਾਂ।

ਹੇ ! ਸਤਿਗੁਰੂ, ਗੁਰੂ ਜਗਜੀਤ ਸਿੰਘ ਜੀ,
ਤੁਸਾਂ ਪ੍ਰੇਮ ਦਾ ਜਾਦੂੜਾ ਪਾਲਿਆ ਏ।
ਰਾਏ ਜਿਹੇ ਪਾਪੀ ਗੁਨਾਹਗਾਰ ਨੂੰ ਭੀ,
ਆਪਣੇ ਚਰਨਾਂ ਦਾ ਭੌਰਾ ਬਣਾ ਲਿਆ ਏ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੫
੧੭ ਮਘਰ ਵੀਰਵਾਰ ਸੰ: ੨੦੧੭, ੧ ਦਸੰਬਰ ੧੯੬੦ ਈ: )



Sri Satguru Jagjit Singh Ji eLibrary NamdhariElibrary@gmail.com

## ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ

**-ਕਵੀ ਸੁਖਦੇਵ ਸਿੰਘ ਜੀ 'ਦੇਵ' ਨੈਰੋਬੀ, ਅਫ਼ਰੀਕਾ**

ਪੱਲਾ ਤੁਸਾਂ ਦਾ ਗਏ ਫੜਾ ਮੈਨੂੰ,
ਸਾਂਝ ਤੁਸਾਂ ਨਾਲ ਗੁਰੂ 'ਜਗਜੀਤ' ਨਿਭਜੈ।
ਰਾਜ਼ੀ ਰਹਾਂ ਮੈਂ ਤੇਰੀ ਰਜ਼ਾ ਦੇ ਵਿਚ,
ਤੇਰੇ ਬਚਨ ਤੇ ਮੇਰੀ ਪ੍ਰਤੀਤ ਨਿਭਜੈ।

ਹੋਰ ਚਾਹੀਦਾ ਕੀ ਮੇਰੀ ਜ਼ਿੰਦਗੀ ਜੇ,
ਗਾਉਂਦੀ ਤੇਰੇ ਪਿਆਰ ਦੇ ਗੀਤ ਨਿਭਜੈ।
ਜੀਣਾ ਸਫਲ ਹੋ ਜਾਊ ਮਰਦੇ ਦਮ ਤੋੜੀ,
ਬਣ ਕੇ ਮਾਲਕਾ ਤੇਰੀ ਮਲਕੀਤ ਨਿਭਜੈ।

ਮੇਰੇ ਜਹੇ ਅਪਰਾਧੀ ਦੇ ਨਾਲ ਦਾਤਾ,
ਗੁਰੂ ਚੇਲੇ ਦੀ ਤੇਰੀ ਇਹ ਰੀਤ ਨਿਭਜੈ।
ਮੇਰੇ ਪ੍ਰੀਤਮਾ ਇਹੋ ਅਰਦਾਸ ਮੇਰੀ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

ਹੋਵੇ ਕਦੇ ਨਾ ਹੁਕਮ ਅਦੂਲ ਮੈਥੋਂ,
ਸਦਾ ਰਹਾਂ ਤੇਰਾ ਆਗਿਆਕਾਰ ਹੋ ਕੇ।
ਬਖ਼ਸ਼ ਦੇਈਂ ਦਾਤਾ ਬਖਸ਼ਣਹਾਰ ਏਂ ਤੂੰ,
ਢੱਠਾ ਦੁਆਰ ਤੇਰੇ ਗੁਨਾਹਗਾਰ ਹੋ ਕੇ।

ਮਹਿਕਾਂ ਫੁੱਲ ਬਣ ਕੇ ਤੇਰੇ ਚਮਨ ਅੰਦਰ,
ਜੁਭਾਂ ਕਦੀ ਨਾ ਕਿਸੇ ਨੂੰ ਖਾਰ ਹੋ ਕੇ।
ਜਦੋਂ ਜਾਏਂ ਤਾਂ ਜਾਵਾਂ ਮੈਂ ਨਾਲ ਤੇਰੇ,
ਆਵਾਂ ਨਾਲ ਜਦ ਆਵੇਂ ਅਵਤਾਰ ਹੋ ਕੇ।

ਬਾਜੀ ਪਰੇਮ ਦੀ ਪ੍ਰੀਤਮਾਂ ਨਾਲ ਤੇਰੇ,
ਜਾਵਾਂ ਹਾਰ ਨਾ ਮੈਂ ਹੋ ਕੇ ਜੀਤ ਨਿਭਜੈ।
ਜਿਵੇਂ ਨਿਭ ਗਈ ਗੁਰੂ ਪ੍ਰਤਾਪ ਸਿੰਘ ਨਾਲ,
ਤੇਰੇ ਚਰਨਾਂ ਦੇ ਨਾਲ ਪਰੀਤ ਨਿਭਜੈ।



Sri Satguru Jagjit Singh Ji eLibrary NamdhariElibrary@gmail.com

ਸਿੱਖੀ ਸਿਦਕ ਮੇਰਾ ਸੁਆਸਾਂ ਨਾਲ ਨਿਭਜੈ,
ਬੇਮੁਖ ਹੋ ਕੇ ਤੁਸਾਂ ਤੋਂ ਮਰਾਂ ਨਾ ਮੈਂ।
ਤੇਰੇ ਚਰਨਾਂ ਨੂੰ ਛਡ ਕੇ ਸੀਸ ਆਪਣਾ,
ਕਿਸੇ ਹੋਰ ਦੇ ਪੈਰਾਂ ਤੇ ਧਰਾਂ ਨਾ ਮੈਂ।

ਤੇਰੇ ਬਾਝ ਨ ਕਿਸੇ ਦੀ ਕਰਾਂ ਉਪਮਾ,
ਸੁਣ ਕੇ ਨਿੰਦਿਆ ਤੇਰੀ ਨੂੰ ਜ਼ਰਾ ਨਾ ਮੈਂ।
ਜਿਹਦੇ ਕੀਤਿਆਂ ਤੇਰੀ ਤੌਹੀਨ ਹੋਵੇ,
ਕੋਈ ਕੰਮ ਅਯੋਗ ਉਹ ਕਰਾਂ ਨਾ ਮੈਂ।

ਦਰਸ਼ਨ ਭੈਣੀ ਦੇ ਕਰਨ ਦੀ ਮਰਨ ਤੋਂ ਜੇ,
ਪੈਹਲਾਂ ਚਿਤ ਵਿਚ ਧਾਰੀ ਹੋਈ ਨੀਤ ਨਿਭਜੈ।
ਮੇਰੇ ਸੁਆਮੀਆਂ ਇਹੋ ਅਰਦਾਸ ਮੇਰੀ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

ਨਾ ਕੋਈ ਲੋੜ ਦੁਨਿਆਵੀ ਪਦਾਰਥਾਂ ਦੀ,
ਮੁਕਤ ਭਗਤ ਦੀ ਭੀ ਮੈਨੂੰ ਚਾਹ ਕੋਈ ਨਹੀਂ।
ਹੋਵੇ ਮੇਹਰ ਭਰਿਆ ਤੇਰਾ ਹੱਥ ਸਿਰ 'ਤੇ,
ਸਾਰੇ ਜਗ ਦੀ ਫੇਰ ਪਰਵਾਹ ਕੋਈ ਨਹੀਂ।

ਇਕੋ ਸਿਕ ਮੈਨੂੰ ਤੇਰੇ ਦਰਸ਼ਨਾਂ ਦੀ,
ਕਿਉਂਕਿ ਦਮ ਦਾ ਪੀਆ ਵਿਸਾਹ ਕੋਈ ਨਹੀਂ।
ਤੇਰੇ ਬਿਨਾਂ ਸਾਡੇ ਪਾਪੀ ਬੰਦਿਆਂ ਦੀ,
ਕਰ ਸਕਦਾ ਮੁਆਫ਼ ਗੁਨਾਹ ਕੋਈ ਨਹੀਂ।

ਤੇਰੀ ਖ਼ੁਸ਼ੀ ਦੇ ਨਾਲ ਹੀ ਖ਼ੁਸ਼ੀ ਮੇਰੀ,
ਹੋ ਕੇ ਉਸਨੇ ਭਾਵੇਂ, ਭਾਵੇਂ ਸੀਤ ਨਿਭਜੈ।
ਮੇਰੇ ਮਾਲਕਾ ਮੇਰੀ ਅਰਦਾਸ ਇਹੋ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

ਭਰਿਆ ਐਬਾਂ ਦਾ ਕਾਮੀ ਵਿਸ਼ਈ ਹਾਂ ਮੈਂ,
ਆ ਕੇ ਕਰੋ ਨਾਪਾਕ ਨੂੰ ਪਾਕ ਮੈਨੂੰ।
ਤੇਰਾ ਹਾਂ, ਤੇਰਾ ਸਦਾ ਰਹਾਂ ਬਣ ਕੇ,
ਲੋਕੀਂ ਕਿੰਨਾ ਭੀ ਕਰਨ ਮਜ਼ਾਕ ਮੈਨੂੰ।

ਦੇਵ, ਆਖ ਕੇ ਫੇਰ ਪਿਆਰ ਦੇ ਨਾਲ,
ਜਦੋਂ ਮਾਰੇਂਗਾ ਪ੍ਰੀਤਮਾ ਹਾਕ ਮੈਨੂੰ।
ਸਾਰੀ ਦੁਨੀਆ ਦੀ ਦੌਲਤ ਨਸੀਬ ਹੋ ਜੂ,
(ਜੇ) ਤੇਰੇ ਚਰਨਾਂ ਦੀ ਮਿਲ ਜਾਵੇ ਖਾਕ ਮੈਨੂੰ।

ਵੈਰੀ ਹੋ ਜਾਵੇ ਸਾਰਾ ਜਹਾਨ ਭਾਵੇਂ,
ਪਰ ਤੇਰੇ ਨਾਲ ਹੋ ਕੇ ਮੇਰੀ ਮੀਤ ਨਿਭਜੈ।
ਮੇਰੇ ਸਤਿਗੁਰਾ ਇਹੋ ਅਰਦਾਸ ਮੇਰੀ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੫
੧੭ ਮਘਰ ਵੀਰਵਾਰ ਸੰ: ੨੦੧੭, ੧ ਦਸੰਬਰ ੧੯੬੦ ਈ: )



Sri Satguru Jagjit Singh Ji eLibrary NamdhariElibrary@gmail.com

## ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ

**–ਸ੍ਰੀ ਦਰਸ਼ਨ ਸਿੰਘ ਜੀ 'ਦਰਸ਼ਨ' ਨੈਰੋਬੀ**

ਜਿਵੇਂ ਚੰਦ ਨੂੰ ਅੱਖੀਆਂ ਵਿਚ ਲੈ ਕੇ,
ਰਹੇ ਪੂਜਦਾ ਸਦਾ ਚਕੋਰ ਦਾ ਦਿਲ।
ਮਸਤੀ ਇਸ਼ਕ ਦੀ ਵਿਚ ਜਿਉਂ ਨੱਚ ਉੱਠੇ,
ਦੂਰੋਂ ਬੱਦਲਾਂ ਨੂੰ ਦੇਖ ਮੋਰ ਦਾ ਦਿਲ।

ਜਿਵੇਂ ਤੜਫਦਾ ਤਭਕਦਾ ਰਹੇ ਹਰ ਦਮ,
ਅਰਸ਼ੀ ਚੜ੍ਹੇ ਪਤੰਗ ਦੀ ਡੋਰ ਦਾ ਦਿਲ।
ਰਹੇ ਧੜਕਦਾ ਰੜਕਦਾ ਸੰਨ੍ਹ ਅੰਦਰ,
ਜਿਵੇਂ ਕਾਲੇ ਪਰਛਾਵਿਉਂ ਚੋਰ ਦਾ ਦਿਲ।

ਤਿਵੇਂ ਪ੍ਰੀਤਮਾਂ ਸਹਿਮ ਇਹ ਦਿਲ ਆਖੇ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।
ਕਟੇ ਜਾਣ ਚੁਰਾਸੀ ਦੇ ਗੇੜ ਮੇਰੇ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

ਮੈਂ ਹਾਂ ਬੁਰਾ ਬੁਰਿਆਈਆਂ ਨੂੰ ਰਿਹਾ ਕਰਦਾ,
ਤੂੰ ਨਾ ਮੁਖ ਮੋੜੀਂ ਔਗਣ ਹਾਰ ਤੱਕ ਕੇ।
ਖਾ ਖਾ ਠੋਕਰਾਂ ਠਰਕਿਆ ਦਿਲ ਮੇਰਾ,
ਡਿੱਗਾ ਦੁਆਰ ਤੇਰੇ ਬਖਸ਼ਣ ਹਾਰ ਤੱਕ ਕੇ।

ਰਹੀ ਓਟ ਨਾ ਹੋ ਬੇਓਟ ਆਇਆ,
ਤੇਰੇ ਪਿਆਰ ਦੇ ਭਰੇ ਭੰਡਾਰ ਤੱਕ ਕੇ।
ਧੱਕਾ ਦਈਂ ਨਾ ਕਿਤੇ ਦਾਤਾਰ ਮੈਨੂੰ,
ਮੇਰੇ ਸਿਰ ਤੇ ਪਾਪਾਂ ਦੇ ਭਾਰ ਤੱਕ ਕੇ।

ਭਜਨ ਬੰਦਗੀ ਕਰੀ ਨਾ ਪਾਠ ਪੂਜਾ,
ਤੇਰੇ ਪਿਆਰ ਵਿਚ ਪਰ ਮੇਰੀ ਨੀਤ ਨਿਭਜੈ।
ਕੱਟੇ ਜਾਣ ਚੁਰਾਸੀ ਦੇ ਗੇੜ ਮੇਰੇ,
ਜੋ ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।



Sri Satguru Jagjit Singh Ji eLibrary NamdhariElibrary@gmail.com

ਤੇਰੇ ਪਿਆਰ ਦੀ ਇਹੋ ਜਹੀ ਲਗਨ ਲਗੀ,
ਮੈਨੂੰ ਲੋਕ 'ਦੀਵਾਨਿਆ' ਕਹਿਣ ਲੱਗ ਗਏ।
ਬਿਨਾਂ ਸੋਚਿਆ ਸਮਝਿਆ ਗੱਲ ਮੇਰੀ,
ਸੇਵਕ ਦੇਖ ਮੈਨੂੰ ਤੇਰਾ ਖਹਿਣ ਲੱਗ ਗਏ।

ਖਬਰੇ ਮੇਰੇ ਪਰਛਾਵਿਉਂ ਭਿਟ ਹੁੰਦੇ,
ਦੂਰ ਦੂਰ ਮੈਥੋਂ ਸਾਰੇ ਰਹਿਣ ਲੱਗ ਗਏ।
ਪਰ ਉਹਨੂੰ ਲੋੜ ਕੀ ਦੁਨੀਆਂ ਦੇ ਦੋਸਤਾਂ ਦੀ,
ਤੇਰੇ ਨੈਣਾਂ ਨਾਲ ਜਿਨ੍ਹਾਂ ਦੇ ਨੈਣ ਲਗ ਗਏ।

ਧੰਨ ਭਾਗ ਸਮਝਾਂ ਮੇਰੇ ਕਰਮ ਉਚੇ,
ਤੇਰੇ ਨਾਲ ਪੂਰੀ (ਜੇ) ਮੇਰੇ ਮੀਤ ਨਿਭਜੈ।
ਕਟੇ ਜਾਣ ਚੁਰਾਸੀ ਦੇ ਗੇੜ ਮੇਰੇ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

ਜੇ ਤੂੰ ਤੁਠਾ ਤਾਂ ਮੇਰੀ ਹੈ ਮੰਗ ਇਕੋ,
ਪਹਿਲਾਂ ਮਰਨ ਤੋਂ ਤੇਰਾ ਦੀਦਾਰ ਹੋਵੇ।
ਜੀਉਂਦਾ ਰਹਾਂ ਤਾਂ ਸਦਾ ਹੀ ਮਨ ਅੰਦਰ,
ਵਸਿਆ ਤੂੰ ਤੇ ਤੇਰਾ ਪਿਆਰ ਹੋਵੇ।

ਤੇਰੇ ਪ੍ਰੇਮ ਦੀ ਖਿੱਚ ਵਿਚ ਰਹਾਂ ਖਿਚਿਆ,
ਖਿੱਚਾਂ ਮਾਰਦਾ ਭਾਵੇਂ ਸੰਸਾਰ ਹੋਵੇ।
ਡਾਵਾਂਡੋਲ ਜੀਉੜਾ ਭੰਬਲ ਭੂਸਿਆਂ 'ਚੋਂ,
ਕਰੇਂ ਮੇਹਰ ਤਾਂ ਸਾਗਰੋਂ ਪਾਰ ਹੋਵੇ।

'ਦਰਸ਼ਨ' ਤੇਰਾ ਹੀ ਸਦਾ ਹੀ ਰਹਾਂ ਤੇਰਾ,
ਤੇਰਾਂ ਤੇਰਾਂ ਦਾ ਤੇਰੇ ਨਾਲ ਗੀਤ ਨਿਭਜੈ।
ਕੱਟੇ ਜਾਣ ਚੁਰਾਸੀ ਦੇ ਗੇੜ ਮੇਰੇ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੬**
**੨੩ ਹਾੜ ਵੀਰਵਾਰ ਸੰ: ੨੦੧੮, ੬ ਜੁਲਾਈ ੧੯੬੧ ਈ: )**



Sri Satguru Jagjit Singh Ji eLibrary NamdhariElibrary@gmail.com

## ਆਪਣੀ ਆਪ ਪਰਤੀਤ ਬਖਸ਼ੋ

–ਸ੍ਰੀਮਤੀ ਬੀਬੀ ਗੁਰਬਚਨ ਕੌਰ ਜੀ ਬੈਂਕੋਕ ਸਿਆਮ

ਹਾਕਮ ਵਕਤ ਦੇ ਗੁਰੂ ਜਗਜੀਤ ਸਿੰਘ ਜੀ,
ਅਰਜ਼ ਸਾਡੀ ਹੈ, ਸਾਨੂੰ ਵਿਸਾਰਨਾ ਨਾ।
ਸਾਡੇ ਦੋਸ਼ ਅਵਗੁਣ ਬੇਸ਼ੁਮਾਰ ਹੈ ਨੇ,
ਕਰਨੀ ਵੇਖ ਸਾਡੀ ਦੁਰਕਾਰਨਾ ਨਾ।

ਤੁਸੀਂ ਕਰੋ ਭਲਾ, ਅਸੀਂ ਜਾਣੀਏ ਨਾ,
ਬਖਸ਼ਸ਼ ਆਪਣੀ ਦਾ ਬੂਹਾ ਮਾਰਨਾ ਨਾ।
ਦੁਨੀਆਂਦਾਰੀ ਦੇ ਚਿੱਕੜੀ ਖੁਭੇ ਹੋਇਆਂ,
ਸਾਨੂੰ ਰਹੋ ਉਭਾਰਦੇ ਹਾਰਨਾ ਨਾ।

ਚੰਗੇ ਮੰਦੇ ਹਾਂ, ਤੇਰੇ ਹਾਂ, ਸ਼ਰਨ ਆਏ,
ਲੜ ਲਗਿਆਂ ਦੀ ਲਜ ਪਾਲਣੀ ਜੇ।
ਧੂੰਧੂਕਾਰ ਹਨੇਰ ਵਿਚ ਰਹਿੰਦਿਆਂ ਨੂੰ,
ਜੋਤ ਸਚ ਦੀ ਸਦਾ ਵਿਖਾਲਣੀ ਜੇ।

ਮਾਣ ਚਲੇ ਨ ਤੇਰੀ ਦਰਗਾਹ ਅੰਦਰ,
ਹੁਸਨ ਵਾਲਿਆਂ ਤੇ ਧਨ ਵਾਲਿਆਂ ਦਾ।
ਵਿਦਿਆਵਾਨ ਵੀ ਭਟਕਦੇ ਕਈ ਵੇਖੇ,
ਜ਼ੋਰ ਚਲਦਾ ਨਾ ਬਲ ਵਾਲਿਆਂ ਦਾ।

ਭਜਨ ਕਰਦਿਆਂ ਜੀਹਬਾ ਘਸਾ ਲਈਏ,
ਪਤਾ ਲਗਦਾ ਨਾ ਤੇਰੇ ਚਾਲਿਆਂ ਦਾ।
ਤੁਸੀਂ ਸਾਨੂੰ ਪਛਾਣਦੇ ਅੰਦਰੋਂ ਹੈ,
ਹੁੰਦਾ ਬੁਰਾ ਹੈ ਹਾਲ ਵਖਾਲਿਆਂ ਦਾ।

ਮਿਹਰ ਕਰੋ ਤੇ ਦੇਵੋ ਪਿਆਰ ਆਪਣਾ,
ਤੁਸੀਂ ਆਪਣੀ ਆਪ ਪਰਤੀਤ ਦੇਵੋ।
ਸ਼ਰਨ ਪਿਆਂ ਦਾ ਤਰਲਾ ਕਬੂਲ ਕਰਕੇ,
ਭਗਤੀ ਆਪਣੀ ਗੁਰੂ ਜਗਜੀਤ ਦੇਵੋ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੬
੨੭ ਅੱਸੂ ਵੀਰਵਾਰ ਸੰ: ੨੦੧੮, ੧੨ ਅਕਤੂਬਰ ੧੯੬੧ ਈ: )



Sri Satguru Jagjit Singh Ji eLibrary NamdhariElibrary@gmail.com

## ਬਖਸ਼ਣ ਹਾਰ ਸਤਿਗੁਰ

–ਸੰਤ ਨਿਰੰਜਣ ਸਿੰਘ ਜੀ 'ਕੰਗ' ਟਮਕੌਡੀ

ਸਤਿਗੁਰੂ ਜਗਜੀਤ ਸਿੰਘ ਆਏ ਜਗ 'ਤੇ,
ਕਰਨ ਪਾਪੀਆਂ ਵਾਲਾ ਉੱਧਾਰ ਲੋਕੋ।
ਭਾਵੇਂ ਹੋਏ ਅਵਤਾਰ ਨੇ ਬਹੁਤ ਅੱਗੇ,
ਇਹ ਵੀ ਹੋਇਆ ਅਦਭੁਤ ਅਵਤਾਰ ਲੋਕੋ।

ਨਿਤਾਪ੍ਰਤੀ ਜੋ ਭਜਨ ਵਿਚ ਰਹੇ ਜੁੜਿਆ,
ਸਦਾ ਸੱਚ ਦਾ ਕਰੇ ਵਪਾਰ ਲੋਕੋ।
ਦੂਈ-ਦਵੈਤ ਇਹ ਜੋ ਘਰ ਨਹੀਂ ਵੇਖੀ,
ਨਹੀਂ ਵੇਖਣਾ ਏਹਾ ਸ਼ਿੰਗਾਰ ਲੋਕੋ।

ਇਹਦੇ ਤਪ ਪ੍ਰਕਾਸ਼ ਨੂੰ ਵੇਖ ਕੇ ਤੇ,
ਚਰਨੀਂ ਆਣ ਲੱਗਣ ਖੂੰਨ-ਖਾਰ ਲੋਕੋ।
ਭੁਲਾਂ ਬਖ਼ਸ਼ਦਾ, ਭੁੱਲਿਆਂ ਬੰਦਿਆਂ ਨੂੰ,
ਪਾਪੀ ਤਾਰ ਦਿੱਤੇ ਕਈ ਹਜ਼ਾਰ ਲੋਕੋ।

ਜਿਸ ਤੇ ਨਜ਼ਰ ਇਹ ਮਿਹਰਾਂ ਦੀ ਕਰ ਦੇਵੇ,
ਹੋ ਜਾਂਵਦਾ ਭਵਜਲੋਂ ਪਾਰ ਲੋਕੋ।
ਸੋਭਾ ਸਤਿਗੁਰੂ ਤੇਰੀ ਨਾ ਜਾਏ ਕੀਤੀ,
'ਕੰਗ' ਆਖਦਾ ਇਹ ਬਖਸ਼ਨਹਾਰ ਲੋਕੋ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੬
੭ ਪੋਹ ਵੀਰਵਾਰ ਸੰ: ੨੦੧੮, ੨੧ ਦਸੰਬਰ ੧੯੬੧ ਈ: )



Sri Satguru Jagjit Singh Ji eLibrary NamdhariElibrary@gmail.com

## ਗੁਰੂ ਨਾਮਧਾਰੀਆਂ

-ਸ੍ਰੀ ਗੁਰਮੁਖ ਸਿੰਘ ਜੀ -ਫਕਰ' ਸਰਹੰਦ ਸਿਟੀ

ਦਰਸ਼ਨਾਂ ਦੇ ਨਾਲ ਨਹੀਂ ਸੀ ਮਨ ਭਰਪੂਰ ਹੋਇਆ,
ਅਚਨ ਅਚੇਤ ਤੁਸਾਂ ਕੀਤੀਆਂ ਤਿਆਰੀਆਂ।
ਪਹਿਲੇ ਦੇ ਕੇ ਦਰਸ਼ਨ ਤੇ ਸੰਗਤ ਨੂੰ ਤਾਰਦੇ ਸੋ,
ਸਚਖੰਡ ਵਿਚ ਹੁਣ ਲੈਂਦੇ ਹੋ ਉਡਾਰੀਆਂ।

ਕਿਵੇਂ ਆ ਕੇ ਕਰੀਏ ਦੀਦਾਰ ਸਚੇ ਪਾਤਸ਼ਾਹ ਜੀ,
ਔਣ ਨੂੰ ਨਾ ਰਾਹ ਲਭੇ ਮੁਸ਼ਕਲਾਂ ਵਿਚ ਭਾਰੀਆਂ।
ਭੈਣੀ ਸਾਹਿਬ ਦਿਸਦਾ ਏ ਦਿਸੇ ਪ੍ਰਤਾਪ ਨਾਹੀਂ,
ਰੋਂਦੀਆਂ ਨੇ ਅੱਖਾਂ ਪਰਤਾਪ ਤਾਂਈ ਸਾਰੀਆਂ।

ਜੀਉਣ ਕੌਰ ਮਾਤਾ ਜੀ ਦੇ ਅੱਖਾਂ ਦਿਆਂ ਚਾਨਣਾ ਵੇ,
ਫ਼ਤੇ ਕੌਰ ਮਾਤਾ ਜੀ ਦੇ ਦਿਲ ਦਾ ਪਿਆਰ ਸੈਂ।
ਹਰੀ ਦੀਆਂ ਹਰੀਆਂ ਕਿਆਰੀਆਂ ਦਾ ਮਾਲਕ ਸੈਂ,
ਗੁਰੂ ਰਾਮ ਸਿੰਘ ਜੀ ਦਾ ਰੂਪ ਆਇਆ ਧਾਰ ਸੈਂ।

ਕਰਾਮਾਤ ਆਣ ਕੇ ਤੇ ਪੈਰ ਤੇਰੇ ਚੁੰਮਦੀ ਸੀ,
ਨਾਮ ਦੀਆਂ ਬਖਸ਼ਸ਼ਾਂ ਦਾ ਸੱਚਾ ਤੂੰ ਭੰਡਾਰ ਸੈਂ।
ਆਇਆ ਜੋ ਸਰਨ ਤੇਰੀ ਗੁਰੂ ਪਰਤਾਪ ਸਿੰਘ,
ਪਾਪ ਉਦ੍ਹੇ ਮੇਟ ਸਾਰੇ ਦੇਂਦਾ ਉਹ ਨੂੰ ਤਾਰ ਸੈਂ।

ਤੇਰਾ ਹੀ ਸਰੂਪ ਦਿਸੇ ਗੁਰੂ ਜਗਜੀਤ ਸਿੰਘ,
ਤੇਰੀਆਂ ਨੁਹਾਰਾਂ ਦਿਸਣ ਇਹਦੇ ਵਿਚੋਂ ਸਾਰੀਆਂ।
ਕਰੀਏ ਦੀਦਾਰ ਇਹਦਾ ਹਰੀ ਦਾ ਦਿਦਾਰ ਹੋਵੇ,
ਮਾਤਾ ਜੀਉਣ ਕੌਰ ਦੀਆਂ ਸੱਧਰਾਂ ਵਿਚ ਭਾਰੀਆਂ।

ਜਗਜੀਤ ਬਾਬਾ ਬੀਰ ਇਕੋ ਹੀ ਸਰੂਪ ਜਾਣੋ,
ਜੋਤ ਪਰਤਾਪ ਦੀ ਹੈ ਕਲਾ ਨੇ ਨਿਆਰੀਆਂ।
ਨਾਮ ਦਾ ਸਰੂਪ 'ਫਕਰ' ਆਣ ਕੇ ਤੇ ਵੇਖ ਲਵੇ,
ਗੁਰੂ ਜਗਜੀਤ ਸਿੰਘ ਗੁਰੂ ਨਾਮਧਾਰੀਆਂ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੭**
**੨੩ ਕਤਕ ਵੀਰਵਾਰ ਸੰ: ੨੦੧੯, ੮ ਨਵੰਬਰ ੧੯੬੨ ਈ: )**



Sri Satguru Jagjit Singh Ji eLibrary NamdhariElibrary@gmail.com

## ਮਹਾਨ ਹੈਂ ਆਪ

–ਮਨਜੀਤ ਸਿੰਘ ਜੀ ਡੰਗ ਮੁਕਾਮਾ

ਮਹਾਨ ਹੈਂ ਆਪ ਮੇਰੇ ਗੁਰੂ ਜਗਜੀਤ ਪਿਆਰੇ।
ਮਹਾਨ ਹੈਂ ਆਪ ਮੇਰੇ ਜੀਵਨ ਦੇ ਸਹਾਰੇ।

ਹੇ ਲਾਲ ਗੁਰੂ ਪ੍ਰਤਾਪ ਹਰੀ ਦੇ
ਹੇ ਚਾਨਣ ਮਾਤ ਭੁਪਿੰਦ੍ਰ ਜੀ ਦੇ
ਹੇ ਸੂਰਜ ਨਾਮਧਾਰੀ ਸਮਾਜ ਦੇ
ਹੇ ਤਪਦਿਆਂ ਨੂੰ ਠਾਰਨ ਹਾਰੇ।
ਮਹਾਨ ਹੈਂ ਆਪ ਮੇਰੇ...

ਸੀਸ ਉਤੇ ਸਿਧੀ ਦਸਤਾਰ ਹੈ
ਕੰਠ ਮਾਲਾ ਦਾ ਸੁੰਦਰ ਹਾਰ ਹੈ
ਸਵੇਤ ਕੁੜਤਾ ਪਜਾਮਾ ਚੂੜੀਦਾਰ ਹੈ
ਦੇਵੋ ਸੰਗਤਾਂ ਨੂੰ ਆ ਕੇ ਦੀਦਾਰ।
ਮਹਾਨ ਹੈਂ ਆਪ ਮੇਰੇ...

ਧੁਰ ਬਾਣੀ 'ਚੋਂ ਵਾਕ ਜੋ ਅਲਾਂਵਦੇ
ਸਭ ਜਗਤ ਨੂੰ ਹਨ ਓਹ ਭਾਂਵਦੇ
ਸ਼ਬਦ ਪੜ੍ਹ ਗੁਰਬਾਣੀ ਦੇ ਸੁਣਾਂਵਦੇ
ਅਨੇਕਾਂ ਪਾਪੀ ਹੈਂ ਆਪ ਨੇ ਉਧਾਰੇ।
ਮਹਾਨ ਹੈਂ ਆਪ ਮੇਰੇ...

ਆਪ ਇਸ ਵਕਤ ਧਰਮ ਅਵਤਾਰ ਹੋ
ਤਾਰਨ ਵਾਸਤੇ ਆਏ ਸੰਸਾਰ ਹੋ
ਬੇੜੇ ਡੁਬਦਿਆਂ ਦੇ ਕਰਦੇ ਪਾਰ ਹੋ
ਮਹਿਮਾ ਆਪ ਜੀ ਦੀ ਅਪਰ ਅਪਾਰੇ।
ਮਹਾਨ ਹੈਂ ਆਪ ਮੇਰੇ...



Sri Satguru Jagjit Singh Ji eLibrary NamdhariElibrary@gmail.com

ਸਤਿ ਅਹਿੰਸਾ ਦਾ ਨਿਯਮ ਜੋ ਆਪਦਾ
ਦਯਾ ਧਰਮ ਦੀ ਥਾਪਨਾ ਥਾਪਦਾ
ਨਾਸ ਕਰਦਾ ਓਹ ਤਾਪ ਸੰਤਾਪ ਦਾ
ਕਾਮ, ਕ੍ਰੋਧ, ਅਹੰਕਾਰ, ਨਿਵਾਰੇ।
ਮਹਾਨ ਹੈਂ ਆਪ ਮੇਰੇ...

ਮਨ ਮੇਰੇ ਨੂੰ ਪਵਿੱਤਰ ਬਨਾਵਣਾ
ਤਨ ਮੇਰੇ ਨੂੰ ਸੰਜਮ ਸਿਖਾਵਣਾ
ਧਨ ਆਪਣੇ ਲੇਖੇ ਮੇਰੇ ਲਾਵਣਾ
ਹਰਦਮ 'ਮਨਜੀਤ' ਉਚਾਰੇ।
ਮਹਾਨ ਹੈਂ ਆਪ ਮੇਰੇ...

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੫**
**੨੩ ਅੱਸੂ ਵੀਰਵਾਰ ਸੰ: ੨੦੨੭, ੮ ਅਕਤੂਬਰ ੧੯੭੦ ਈ:)**



Sri Satguru Jagjit Singh Ji eLibrary NamdhariElibrary@gmail.com

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਤ

**-ਸ੍ਰੀ ਸਤਿਨਾਮ ਸਿੰਘ ਜੀ ਦਿਲੀ**

ਤਰਜ਼—ਸੁਨੋ ਸੁਨੋ ਐ ਦੁਨੀਆਂ ਵਾਲੋ

ਜੈਸਾ ਸਤਿਗੁਰ ਸੁਣਿਆ ਸੀ ਮੈਂ ਤੈਸਾ ਹੀ ਹੈ ਵੇਖ ਲਿਆ ਅਜ।
ਵਿਛੜਿਆਂ ਨੂੰ ਮੇਲੀ ਜਾਵੇ ਦੇ ਦੇ ਛਿਟੇ ਪਿਆਰ ਦੇ ਅਜ॥

ਕੀ ਦੱਸਾਂ ਮੈਂ ਸਿਫ਼ਤ ਏਸ ਦੀ
ਝਲਕ ਪਿਆਰ ਦੀ ਜਦ ਇਹ ਪਾਵੇ
ਪਥਰ ਦਿਲ ਮੋਮ ਹੋ ਜਾਏ
ਗੀਤ ਪਿਆਰ ਦੇ ਜਦ ਇਹ ਗਾਵੇ
ਨਾ ਕੋ ਬੈਰੀ ਨਾਹੀਂ ਬਿਗਾਨਾ
ਸਗਲ ਸਮ ਹਮ ਕੋ ਬਨ ਆਵੇ
ਹਿੰਦੂ ਮੁਸਲਿਮ ਸਿੱਖ ਈਸਾਈ
ਤੇਰੇ ਕੋਲ ਰਲ ਬਹਿੰਦੇ ਅਜ। ਜੈਸਾ ਸਤਿਗੁਰ ਸੁਣੀਂਦਾ...

ਸਾਲ ਪੰਜਾਹ ਬੀਤੇ ਨੇ ਜਦ
ਮਾਤ ਲੋਕ ਸਨ ਸਤਿਗੁਰੂ ਆਏ
ਮਾਤ ਭੁਪਿੰਦਰ ਕੌਰ ਦੀ ਕੁੱਖ ਨੂੰ
ਭੈਣੀ ਸਾਹਿਬ ਭਾਗ ਲਗਾਏ
ਥਾਂ ਥਾਂ ਖ਼ੁਸ਼ੀ ਮਨਾਈ ਸੰਗਤਾਂ
ਜਥੇਦਾਰਾਂ ਦੀਵਾਨ ਸਜਾਏ
ਅੱਠ ਮਘਰ ਉਨੀ ਸੌ ਸਤੱਤਰ
ਅਰਸ਼ੋਂ ਫਰਸ਼ੀਂ ਫਬ ਆਇਆ ਅੱਜ। ਜੈਸਾ ਸਤਿਗੁਰ ਸੁਣੀਂਦਾ...

ਭੈਣੀ ਸਾਹਿਬ ਰਹਿ ਬਾਬਾ ਜੀ
ਵਿਦਿਆਲੇ ਵਿਚ ਵਿਦਿਆ ਪਾਈ
ਸਮੇਤ ਭ੍ਰਾਤਾ ਬੀਰ ਹਰਿ ਜੀ
ਗੁਰ ਭਗਤੀ ਸੀ ਖ਼ੂਬ ਨਿਭਾਈ
ਸਾਲ ਉਨਤਾਲੀ ਵਾਂਗ ਸੇਵਕਾਂ



Sri Satguru Jagjit Singh Ji eLibrary NamdhariElibrary@gmail.com

ਗੁਰੂ ਪਿਤਾ ਦੀ ਸੇਵ ਕਮਾਈ
ਛਬੀ ਭਾਦਰੋਂ ਵੀਹ ਸੌ ਸੋਲਾਂ
ਡੋਰ ਪੰਥ ਦੀ ਸਾਂਭੀ ਜਬ। ਜੈਸਾ ਸਤਿਗੁਰ ਸੁਣੀਂਦਾ...

ਸੰਗਤਾਂ ਨੂੰ ਜਾਂ ਵਡ ਪ੍ਰਤਾਪੀ
ਛਡ ਜਗਜੀਤ ਦੇ ਗਿਆ ਭਰਵਾਸੇ
ਓਦਾਂ ਸਮਾਂ ਕਠਨ ਸੀ ਆਇਆ
ਖਿਚੋਤਾਣ ਪਈ ਹਰ ਪਾਸੇ
ਇਉਂ ਜਾਪਦਾ ਗੁਰੂ ਘਰ ਤੇ
ਝਖੜ ਹਨੇਰੀ ਚੜੀ ਅਕਾਸੇ
ਮਿਹਰ ਦੀ ਕਰ ਬਾਰਸ਼ ਇਨ੍ਹਾਂ
ਸ਼ਾਂਤ ਕੀਤਾ ਸੀ ਵਾਤਾਵਰਨ ਤਬ। ਜੈਸਾ ਸਤਿਗੁਰ ਸੁਣੀਂਦਾ...

ਨਾਮ ਖੁਮਾਰੀ ਦੀਆਂ ਕਿਰਨਾਂ
ਉਠ ਕੇ ਦੇਸ ਵਿਦੇਸ਼ ਵਿਚ ਜਾਵਣ
ਪਸ਼ੂ ਧਨ ਦੀ ਉਨਤੀ ਕਾਰਨ
ਗਊ ਰਖਿਆ ਦੇ ਜਤਨ ਕਰਾਵਣ
ਸ਼ਾਕਾਹਾਰੀ ਵਿਸ਼ਵ ਧਰਮ ਸਭ
ਤੇਰੇ ਚਰਨਾਂ ਦੇ ਵਿਚ ਆਵਣ
'ਗੁਪਾਲ ਰਤਨ' ਹੈ ਤੈਨੂੰ ਮਿਲਿਆ
ਹੋਰ ਮਿਸਾਲ ਨਾ ਮਿਲਦੀ ਹੈ ਅੱਜ। ਜੈਸਾ ਸਤਿਗੁਰ ਸੁਣੀਂਦਾ...

ਭ੍ਰਾਤਾ ਬੀਰ ਸਿੰਘ ਜੋ ਲਛਮਣ ਵਾਂਗੂੰ
ਸਦਾ ਭੀ ਗੁਰ ਦਾ ਸਾਥ ਨਿਭਾਵਨ
ਮਹਿਲ ਚੰਦ ਕੌਰ ਠਾਕਰ ਜੀ ਵੀ
ਹਰਦਮ ਸੇਵਾ ਰੂਪ ਹੋ ਜਾਵਨ
ਦੇਸ ਦੇਸਾਂਤਰਾਂ ਆਪ ਜਾਇਕੇ
ਨਰ ਨਾਰੀ ਨੂੰ ਨਾਮ ਜਪਾਵਨ



Sri Satguru Jagjit Singh Ji eLibrary NamdhariElibrary@gmail.com

ਤਾਰਿਆਂ ਦੇ ਵਿਚ ਚੰਦ ਸੋਭਦਾ
ਸੰਗਤ ਵਿਚ ਤਿਉਂ ਸਤਿਗੁਰ ਅੱਜ। ਜੈਸਾ ਸਤਿਗੁਰ ਸੁਣੀਂਦਾ...

ਰਚਨਾ ਤੇਰੀ ਦੀ ਗਤ ਨਿਆਰੀ
ਮਸਤਾਨ ਗੜ੍ਹ ਤੈਂ ਅਜਬ ਵਸਾਇਆ
ਕਰ ਸੇਵਾ ਸੰਗਤਾਂ ਫਲ ਪਾਵਣ
ਸੇਵਾ ਦਾ ਤੈਂ ਕੁੰਭ ਰਚਾਇਆ
ਵਿਸ਼ਵ ਭਲੇ ਲਈ ਹੋਮ ਅਰ
ਸਵਾ ਲੱਖ ਚੰਡੀ ਪਾਠ ਕਰਾਇਆ
ਸੰਗਤਾਂ ਦੂਰੋਂ ਦੂਰੋਂ ਆ ਕੇ
ਜਨਮ ਸਫਲ ਕਰ ਰਹੀਆਂ ਅੱਜ। ਜੈਸਾ ਸਤਿਗੁਰ ਸੁਣੀਂਦਾ...

ਦਰਸਨ ਰਾਮ ਹਰੀ ਗੁਰ ਖ਼ਾਤਰ
ਪਾਠ ਕਰਾਓ ਰੱਖ ਸਿਰ ਹੱਥ
ਤੇਰੇ ਚਰਨਾਂ ਨਾਲ ਲਿਵ ਰਹੇ
ਹੋਰ ਨ ਮੇਰਾ ਕੋਈ ਵੱਖ
ਸਤਿਨਾਮ ਇਹ ਅਰਜ਼ ਗੁਜ਼ਾਰੇ
ਨਾਮ ਦਾਨ ਇਸ਼ਨਾਨ ਦੇਹੁ ਤਬ
ਹੋਰ ਜਗ ਤੇ ਦਾਤਾ ਮੈਨੂੰ
ਦਿਸਦਾ ਤੇਰਾ ਸਾਨੀ ਨਾ ਅੱਜ। ਜੈਸਾ ਸਤਿਗੁਰ ਸੁਣੀਂਦਾ...

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੫**
**੧੧ ਮਘਰ ਵੀਰਵਾਰ ਸੰ: ੨੦੨੭, ੨੬ ਨਵੰਬਰ ੧੯੭੦ ਈ:)**



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ 'ਚ ਰੱਬ ਦਾ ਦੀਦਾਰਾ ਏ

-ਬੀਬੀ ਬਲਵਿੰਦਰ ਕੌਰ ਭੁਰਜੀ ਕਾਦੀਆਂ

ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।
ਸਾਰੇ ਜੱਗ ਤੋਂ ਲੱਗਦਾ ਪਿਆਰਾ ਏ।

ਅਠ ਮਘਰ ਨੂੰ ਹਜ਼ੂਰ ਅਵਤਾਰ ਜਾਂ ਅਵਤਾਰ ਧਾਰਿਆ।
ਗੁਰੂ ਪ੍ਰਤਾਪ ਹਰਿ ਸੀ ਮੁਖੋਂ ਇਹ ਬਚਨ ਉਚਾਰਿਆ।
ਸਾਰੇ ਜਗ ਦਾ ਇਹ ਚਾਨਣ ਮੁਨਾਰਾ ਏ।
ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।

ਗੁਰੂ ਪ੍ਰਤਾਪ ਦਾ ਰਾਜ ਦੁਲਾਰਾ ਏ।
ਮਾਤਾ ਭੂਪਿੰਦਰ ਦੀ ਅੱਖ ਦਾ ਤਾਰਾ ਏ।
ਸਾਰੀ ਦੁਨੀਆ ਤੋਂ ਹੈਗਾ ਪਿਆਰਾ ਏ।
ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।

ਸੁੰਦਰ ਹੀਰੇ ਤੋਂ ਲਗਦਾ ਮੁੱਖ ਵੇ।
ਦਰਸ਼ਨ ਕਰ ਟੁੱਟ ਜਾਂਦੇ ਦੁੱਖ ਵੇ।
ਇਹਦਾ ਵੇਖਣ ਯੋਗ ਨਜ਼ਾਰਾ ਏ।
ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।

ਜਿਵੇਂ ਚੰਦਰਮਾ ਰੌਸ਼ਨੀ ਖਲਾਰਦਾ।
ਤਿਵੇਂ ਰੂਪ ਜਗਜੀਤ ਅਵਤਾਰ ਦਾ।
ਤਿੰਨਾਂ ਯੁੱਗਾਂ ਵਿਚ ਕਰੇ ਉਜਿਆਰਾ ਏ।
ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।

ਤੀਰ ਨੈਣਾਂ ਦੇ ਜਿਸ ਵੱਲ ਮਾਰਦਾ।
ਪਾਪਾ ਓਸਦੇ ਹੈ ਸਾਰੇ ਨਵਾਰਦਾ।
ਸਭ ਦੁਖੀਆਂ ਦਾ ਇਹ ਸਹਾਰਾ ਏ।
ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।



Sri Satguru Jagjit Singh Ji eLibrary NamdhariElibrary@gmail.com

ਦਰ ਏਸ ਦੇ ਤੇ ਜੇ ਕੋਈ ਆਉਂਦਾ ਏ।
ਮਨ ਚਿੰਦਅੜੇ ਫਲ ਪਾਉਂਦਾ ਏ।
ਖੁੱਲਾ ਬਖਸ਼ਿਸ਼ ਦਾ ਮਾਨੋ ਇਹ ਭੰਡਾਰਾ ਏ।
ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।

ਨੌਜਵਾਨਾਂ ਨੂੰ ਇਕੱਠੇ ਕਰ ਬਹਾਲਦਾ।
ਸਿਖਿਆ ਗੁਰੂ ਮਤ ਵਾਲੀ ਹੈ ਸਿਖਾਲਦਾ।
ਮਾਨੋ ਵੰਡਾ ਪਿਆਰ ਵਰਤਾਰਾ ਏ।
ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।

ਕਰਦੇ ਕੀਰਤਨ ਸਤਾਰ ਨੂੰ ਵਜਾਉਂਦੇ ਜਾਂ।
ਐਨ ਪੱਥਰਾਂ ਨੂੰ ਮੋਮ ਬਣਾਉਂਦੇ ਜਾਂ।
ਹੁੰਦਾ ਉਹ ਵੀ ਅਜੀਬ ਹੀ ਨਜ਼ਾਰਾ ਏ।
ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।

ਭਾਗ ਦੇਸਾਂ ਪ੍ਰਦੇਸਾਂ ਨੂੰ ਜਾ ਲਾਂਵਦਾ।
ਭੁੱਲੇ ਭਟਕਿਆਂ ਨੂੰ ਸਿੱਧੇ ਰਾਹ ਪਾਂਵਦਾ।
ਸਾੜ ਹੋਂਵਦਾ ਜੋ ਪਾਂਵਦਾ ਦੀਦਾਰ ਏ।
ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।

ਹੈ ਨਿਮਾਣਿਆਂ ਦਾ ਮਾਣ ਮੇਰਾ ਮਾਹੀ ਨੀ।
ਸ਼ਰਨ ਆਇਆਂ ਦੀ ਦੇਂਵਦਾ ਗਵਾਹੀ ਨੀ।
ਹੈ ਭੁਰਜੀ ਦਾ ਬਣਿਆ ਸਹਾਰਾ ਏ।
ਗੁਰੂ ਜਗਜੀਤ ਵਿਚ ਰੱਬ ਦਾ ਦੀਦਾਰਾ ਏ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੯**
**੬ ਮਘਰ ਵੀਰਵਾਰ ਸੰ: ੨੦੩੧, ੨੧ ਨਵੰਬਰ ੧੯੭੪ ਈ:)**



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ ਪਿਆਰਾ

-ਆਤਮਾ ਸਿੰਘ ਸਨਖਤ੍ਰਵੀ

ਗੁਰੂ ਜਗਜੀਤ ਪਿਆਰਾ ਬਣਿਆ ਸੰਗਤ ਦਾ ਸਹਾਰਾ।
ਦਰਸ਼ਨ ਕਰਕੇ ਜਿਸ ਦਾ ਹੁੰਦਾ ਦੁਨੀਆ ਦਾ ਨਿਸਤਾਰਾ।

ਚਮਕ ਰੂਹਾਨੀ ਦਮਕਾਂ ਮਾਰੇ,
ਸ਼ਕਤੀ ਰੂਹਾਨੀ ਦਿਲਾਂ ਨੂੰ ਠਾਰੇ,
ਕਲਾਵਾਨ ਇਹ ਭਾਰਾ ਬਣਿਆ ਸੰਗਤ ਦਾ ਸਹਾਰਾ।

ਸਾਗਤ ਤੋਂ ਇਹ ਗਹਿਰ ਗੰਭੀਰਾ,
ਹੀਰਿਆਂ 'ਚੋਂ ਅਨਮੋਲਕ ਹੀਰਾ,
ਰਤਨਾਂ ਦਾ ਭੰਡਾਰਾ, ਬਣਿਆ ਸੰਗਤ ਦਾ ਸਹਾਰਾ।

ਜਿਸ ਦੇ ਚੋਜ ਗਿਣੇ ਨਹੀਂ ਜਾਂਦੇ
ਕਾਰਜ ਖੇਤਰ ਮਿਣੇ ਨਹੀਂ ਜਾਂਦੇ
ਅਦਭੁਤ ਜੀਦਾ ਪਸਾਰਾ, ਬਣਿਆ ਸੰਗਤ ਦਾ ਸਹਾਰਾ।

ਜਿਸ ਦਾ ਅੰਤ ਨਾ ਜਾਂਦਾ ਪਾਇਆ,
ਰੂਪ ਬੇਅੰਤ ਜੋ ਧਰ ਕੇ ਆਇਆ,
ਗੁਰੂ ਪ੍ਰਤਾਪ ਦੁਲਾਰਾ, ਬਣਿਆ ਸੰਗਤ ਦਾ ਸਹਾਰਾ।

ਆਵੋ ਸਾਰੇ ਮੰਗਲ ਗਾਈਏ,
ਗੁਰੂ ਚਰਨਾਂ 'ਤੇ ਸੀਸ ਨਿਵਾਈਏ,
'ਆਤਮਾ' ਸਭ ਦਾ ਪਿਆਰਾ, ਬਣਿਆ ਸੰਗਤ ਦਾ ਸਹਾਰਾ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੬੦**
**੯ ਅੱਸੂ ਵੀਰਵਾਰ ਸੰ: ੨੦੩੨, ੨੫ ਸਤੰਬਰ ੧੯੭੫ ਈ:)**



Sri Satguru Jagjit Singh Ji eLibrary NamdhariElibrary@gmail.com

## 'ਨਾਮ' ਨਾਲ ਜਿਤਿਆ ਜਹਾਨ 'ਜਗਜੀਤ ਗੁਰ'

**-ਆਤਮਾ ਸਿੰਘ ਸਨਖੜ੍ਹਵੀ**

ਵਡੇ ਪ੍ਰਤਾਪ ਵਾਲੇ ਗੁਰੂ ਪ੍ਰਤਾਪ ਹਰਿ,
ਭਾਣਾ ਪੰਜ ਭਾਦਰੋਂ ਦਾ ਜਦੋਂ ਵਰਤਾ ਗਏ।
ਨਾਮਧਾਰੀ ਪੰਥ ਦੇ ਹਿਰਦਿਆਂ ਤੇ ਇਕਦਮ,
ਸੋਗ ਦੇ ਬਦਲ ਸਨ ਘਟਾ ਬਣ ਛਾ ਗਏ।
ਕੂਕਾਂ ਮਾਰ ਉਠੇ ਕੂਕੇ, ਕੂਕੇ ਹਰ ਥਾਂ ਉਤੋਂ,
ਬਣੇਗਾ ਕੀ ਸਾਡਾ ਇਹ ਸੋਚ ਘਬਰਾ ਗਏ।
ਉਸੇ ਵੇਲੇ ਸ਼ਕਤੀ ਪ੍ਰਤਾਪ ਲੈ ਜਗਜੀਤ ਗੁਰੂ,
ਸੰਗਤ ਦਾ ਸਹਾਰਾ ਬਣ ਆਸਣ ਤੇ ਆ ਗਏ।

ਸੋਗ ਤੇ ਵਿਯੋਗ ਰੋਗ ਦੂਰ ਹੋਏ ਸਾਰੇ ਤਦ,
ਬੈਠੇ ਜਾ ਸਿੰਘਾਸਨ ਤੇ ਆਨ 'ਜਗਜੀਤ ਗੁਰ'।
ਧੀਰਜ, ਗੰਭੀਰਤਾ, ਅਡੋਲਤਾ, ਮਾਲਾ ਫੇਰ,
ਨਾਮ ਨਾਲ ਜਿਤਿਆ ਜਹਾਨ 'ਜਗਜੀਤ ਗੁਰ'।

ਭਾਵੇਂ ਉਹ ਸਮਾਂ ਹੈ ਸੀ ਨਾਮਧਾਰੀ ਪੰਥ ਉਤੇ,
ਸੰਕਟਾਂ ਭਰਪੂਰ ਵਿਰੋਧੀ ਸ੍ਰਕਾਰ ਦਾ।
ਚਲਦੇ ਮੁਕਦਮੇ ਤੇ ਲਗਦੇ ਇਲਜਾਮ ਝੂਠੇ,
ਸਾਗਰ ਮੁਸੀਬਤਾਂ ਦਾ ਠਾਠਾ ਹੈ ਸੀ ਮਾਰਦਾ।
ਆਪਣੇ ਬਿਗਾਨੇ ਤੇ ਬਿਗਾਨੇ ਹੋਰ ਵੈਰੀ ਬਣੇ,
ਬਹੁਤਿਆਂ ਭੁਲਾਇਆ ਚੇਤਾ 'ਪ੍ਰਤਾਪ' ਉਪਕਾਰ ਦਾ।
ਬੇੜੇ ਮੰਝਧਾਰ ਵਿਚ ਠਿੱਲਦੇ ਨੂੰ ਉਸ ਵੇਲੇ,
ਚੱਪੂ ਜਗਜੀਤ ਗੁਰੂ ਲਾਇਆ ਸਦਾਚਾਰ ਦਾ।

ਪਿਆਰ ਸਦਭਾਵਨਾ ਉਦਾਰਤਾ ਵਰਤ ਕਰ,
ਉਦਯ ਕੀਤਾ ਪ੍ਰਗਤੀ ਦਾ ਭਾਨ 'ਜਗਜੀਤ ਗੁਰ'।
ਸਿਮਰਨ ਤਕਤਿ ਸੇ ਸ਼ਤਰੂ ਵੀ ਮਿਤ੍ਰ ਬਣੇ,
ਨਾਮ ਨਾਲ ਜਿਤਿਆ ਜਹਾਨ 'ਜਗਜੀਤ ਗੁਰ'।



Sri Satguru Jagjit Singh Ji eLibrary NamdhariElibrary@gmail.com

ਪਤਝੜ ਬਾਅਦ ਜਿਵੇਂ ਆਂਵਦੀ ਬਸੰਤ ਰੁੱਤ,
ਤਿਵੇਂ ਨਾਮਧਾਰੀ ਪੰਥ ਵਿਚ ਆ ਗਈ ਬਹਾਰ ਮੁੜ।
ਜੀਵਨ ਨਗਰ ਦੇ ਇਲਾਕੇ ਵਿਚ ਖੇੜਾ ਆਇਆ ਜਾਨੋ,
ਹਰ ਇਕ ਪੱਖੋਂ ਮਾਨੋ ਖਿੜੀ ਗੁਲਜ਼ਾਰ ਮੁੜ।
ਆਏ ਗੁਰੂ ਸ਼ਰਨ ਵਿਰੋਧੀ ਬਹੁਤੇ ਦੂਰ ਸੀ ਜੋ,
ਪੈਣ ਲੱਗੀ ਭਾਵਨਾ ਤੇ ਸ਼ਰਧਾ ਦੀ ਝੁਮਾਰ ਮੁੜ।
ਕੇਸ ਝੂਠੇ ਮੁਕੇ ਤੇ ਕਲੇਸ਼ ਸਭ ਖ਼ਤਮ ਹੋਏ,
ਗੁਰੂ ਪ੍ਰਤਾਪ ਸੰਦੀ ਹੋਈ ਜੈ ਜੈ ਕਾਰ ਮੁੜ।

ਜਾਣ ਲਿਆ ਸਾਰਿਆਂ ਇਲਾਕੇ ਦੇ ਸ਼ਿੰਗਾਰਨੇ ਨੂੰ,
ਭੇਜਿਆ ਪ੍ਰਤਾਪ ਕਲਾਵਾਨ 'ਜਗਜੀਤ ਗੁਰ'।
ਮੁਨਕਰਾਂ ਵੀ ਮੰਨਿਆ ਪ੍ਰਤੱਖ ਅੱਖੀਂ ਵੇਖਿਆ ਹੈ,
ਨਾਮ ਨਾਲ ਜਿੱਤਿਆ ਜਹਾਨ 'ਜਗਜੀਤ ਗੁਰ'।

ਸ੍ਰੀ ਭੈਣੀ ਸਾਹਿਬ ਵਿਚ ਰਚਨਾ ਰਚਾਈ ਨਵੀਂ,
ਕਾਇਆ ਕਲਪ ਕਰ ਦਿੱਤਾ ਸਾਰੇ ਕਾਰੋਬਾਰ ਦਾ।
ਰਾਈਆਂ ਵਾਲਾ ਡੇਰਾ ਲੈ ਕੇ ਆਬਾਦ ਕੀਤਾ,
ਇਹ ਵੀ ਇਕ ਕ੍ਰਿਸ਼ਮਾ ਹੈ ਗੁਰੂ ਦਰਬਾਰ ਦਾ।
ਸੰਗੀਤ ਦੀ ਪਨੀਰੀ ਬੀਜ ਕੀਤੇ ਜੋ ਤਿਆਰ ਬਚੇ,
ਰਹਿ ਜਾਂਦਾ ਦੰਗ ਜੋ ਉਨ੍ਹਾਂ ਨੂੰ ਨਿਹਾਰ ਦਾ।
ਹਾਕੀ ਵਾਲੀ ਟੀਮ ਦੇ ਗੁਰਮੁਖੀ ਪਹਿਰਾਵੇ ਨਾਲ,
ਦੇਸ਼ ਪ੍ਰਦੇਸ਼ ਡੰਕਾ ਵੱਜਿਆ ਪ੍ਰਚਾਰ ਦਾ।

ਨਾਮਧਾਰੀਆਂ ਦੇ ਵਿਚ ਬਰਕਤਾਂ ਜੋ ਦਿਸਦੀਆਂ,
ਸਾਰੀਆਂ 'ਚ ਇਸੇ ਵਰਤਮਾਨ 'ਜਗਜੀਤ ਗੁਰ'।
ਲੱਖਾਂ ਚਤਰਾਈਆਂ ਨਾਲ ਜਿੱਤਿਆ ਜੋ ਜਾਂਵਦਾ ਨਾ,
ਨਾਮ ਨਾਲ ਜਿੱਤਿਆ ਜਹਾਨ 'ਜਗਜੀਤ ਗੁਰ'।



Sri Satguru Jagjit Singh Ji eLibrary NamdhariElibrary@gmail.com

ਇਸ ਵੇਲੇ ਜਦੋਂ ਸਾਰੇ ਭਾਰਤ ਦਾ ਜਗ ਉੱਤੇ,
ਕਲਾ ਤੇ ਕਲੇਸ਼ ਵਾਲੀ ਅੱਗ ਲੱਗ ਰਹੀ ਹੈ।
ਜ਼ੋਰ ਤੇ ਜਬਰ ਵਾਲੀ ਕਾਲੀ ਬੋਲੀ ਰਾਤ ਵਾਂਗੂੰ,
ਮਾਰੋ ਮਾਰ ਕਰਦੀ ਹਨੇਰੀ ਵਗ ਰਹੀ ਹੈ।
ਮਜ਼੍ਹਬਾਂ 'ਚ ਈਰਖਾ ਤੇ ਨਫ਼ਰਤ ਤੁਅੱਸਬ ਦੀ,
ਥਾਂ ਥਾਂ ਪਰ ਖ਼ੂਨੀ ਧੂਣੀ ਮਘ ਰਹੀ ਹੈ।
ਇਹੋ ਜਿਹੇ ਭਾਂਬੜ ਭੂਚਾਲ਼ ਵਿਕਰਾਲ ਵਿਚ,
ਜੋਤ ਅਡੋਲ ਭੈਣੀ ਸਾਹਿਬ ਜਗ ਰਹੀ ਹੈ।

ਨਾਮਧਾਰੀ ਸੈਨਿਕਾਂ ਨੂੰ ਸਸਤ੍ਰਾਂ ਦੇ ਥਾਂ ਮਾਲਾ ਦੇ ਕੇ,
ਕਰ ਰਹੇ ਤਿਆਰ ਬਲਵਾਨ 'ਜਗਜੀਤ ਗੁਰ'।
ਕੀਰਤਨ ਦੇ ਬਾਣ ਮਾਰ ਬੇਧਿ 'ਹਰਿ ਆਤਮਾ' ਨੂੰ,
ਨਾਮ ਨਾਲ ਜਿੱਤਿਆ ਜਹਾਨ 'ਜਗਜੀਤ ਗੁਰ'।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੦
੪ ਮਘਰ ਵੀਰਵਾਰ ਸੰ: ੨੦੪੪, ੧੯ ਨਵੰਬਰਲ ੧੯੮੭ ਈ:)



Sri Satguru Jagjit Singh Ji eLibrary NamdhariElibrary@gmail.com

## ਵਡ ਪਰਤਾਪੀ ਜੀ ਦੀ ਅੱਖੀਆਂ ਦੇ ਤਾਰਿਆ

-ਹਰਜਿੰਦਰ ਕੌਰ ਰਾਣੀ ਕੈਨੇਡਾ

ਧਾਰਿਆ ਅਵਤਾਰ ਜਦੋਂ ਗੁਰੂ ਜਗਜੀਤ ਜੀ ਨੇ,
ਅੰਦਰ ਦੀ ਗਰਮੀ ਨੂੰ ਸੀ ਸਾਹ ਜਿਹਾ ਆ ਗਿਆ।
ਮਾਤ ਭੁਪਿੰਦਰ ਤਾਈਂ ਵਧਾਈਆਂ ਦੇ ਕਹਿਣ ਲੋਕੀਂ,
ਤੇਰੇ ਘਰ ਅਰਸ਼ਾਂ ਦਾ ਨੂਰ ਅੱਜ ਆ ਗਿਆ।
ਧੁਰ ਦਰਗਾਹੋਂ ਇਹ ਬੇਅੰਤ ਲੀਲਾ ਲੈ ਕੇ ਆਏ,
ਬਚਪਨ ਦਾ ਨਾਮ ਤਾਂ ਬੇਅੰਤ ਹੀ ਰਖਾ ਲਿਆ।
ਵਾਰੇ ਵਾਰੇ ਜਾਵਾਂ ਤੈਥੋਂ ਸੋਹਣੇ ਸੱਚੇ ਪਾਤਸ਼ਾਹ ਜੀ,
ਵੱਡ ਪਰਤਾਪੀ ਜੀ ਦੀ ਅੱਖੀਆਂ ਦੇ ਤਾਰਿਆ।

ਧੰਨ ਉਹ ਮਾਤਾ ਜਿਹੜੀ ਜਨਮ ਦੇ ਕੇ ਧੰਨ ਹੋ ਗਈ।
ਗੁਰੂ ਜਨਮਣ ਵਾਲੀ ਜਿਸ ਪਦਵੀ ਨੂੰ ਪਾ ਲਿਆ।
ਮਾਤਾ ਭੁਪਿੰਦਰ ਦੀ ਯਾਦ ਸਾਨੂੰ ਭੁਲਦੀ ਨਹੀਂ,
ਸੱਚ ਵਾਲਾ ਚੰਦ ਜਿਸ ਗੋਦੀ ’ਚ ਖਿਡਾ ਲਿਆ।
ਜੱਗ ਤਾਈਂ ਜਿੱਤਣੇ ਲਈ ਨਾਮ ਜਗਜੀਤ ਰੱਖ,
ਉਹ ਵੀ ਧੰਨ ਹੋ ਗਏ ਜਿਨ੍ਹੀਂ ਪਿਆਰ ਇਹਦਾ ਪਾ ਲਿਆ।
ਵਾਰੇ ਵਾਰੇ ਜਾਵਾਂ ਤੈਥੋਂ ਸੋਹਣੇ ਸੱਚੇ ਪਾਤਸ਼ਾਹ ਜੀ,
ਵੱਡ-ਪਰਤਾਪੀ ਜੀ ਦੀ ਅੱਖੀਆਂ ਦੇ ਤਾਰਿਆ।

ਨਿਥਾਵਿਆਂ ਨੂੰ ਥਾਂ ਤੇ ਨਿਮਾਣਿਆਂ ਨੂੰ ਮਾਣ ਦੇਂਦਾ,
ਦੁਖੀਆਂ ਗਰੀਬਾਂ ਦਿਆਂ ਦਿਲਾਂ ਦੇ ਸਹਾਰਿਆ।
ਦੁੱਖ ਅਤੇ ਕੁੱਖ ਉਹਦੀ ਜੜ੍ਹ ਤੋਂ ਤੂੰ ਕੱਢ ਦੇਂਦਾ।
ਜਿਹਨੇ ਤੈਨੂੰ ਇਕ ਵਾਰੀ ਦਿਲ ’ਚ ਵਸਾ ਲਿਆ।
ਜੈ ਜੈ ਕਾਰ ਤੇਰੀ ਸਦਾ ਜੱਗ ਉੱਤੇ ਹੋਂਵਦੀ ਸੂ,
ਨਾਮਧਾਰੀ ਪੰਥ ਦਿਆ ਚਾਨਣ ਮੁਨਾਰਿਆ।



Sri Satguru Jagjit Singh Ji eLibrary NamdhariElibrary@gmail.com

ਹੱਥ ਜੋੜ ਰਾਣੀ ਅੱਜ ਇਹੋ ਦਾਨ ਮੰਗਦੀ ਏ,
ਭੁੱਲੀਂ ਨਾ ਤੂੰ ਮੈਨੂੰ ਮੇਰੇ ਪ੍ਰੀਤਮ ਪਿਆਰਿਆ।
ਵਾਰੇ ਵਾਰੇ ਜਾਵਾਂ ਤੈਥੋਂ ਸੋਹਣੇ ਸੱਚੇ ਪਾਤਸ਼ਾਹ ਜੀ,
ਵੱਡ ਪਰਤਾਪੀ ਜੀ ਦੀ ਅੱਖੀਆਂ ਦੇ ਤਾਰਿਆ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੨
੨੦ ਹਾੜ ਵੀਰਵਾਰ ਸੰ: ੨੦੫੪, ੩ ਜੁਲਾਈ ੧੯੯੭ ਈ:)



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ

–ਗੁਰਦੀਪ ਸਿੰਘ ਨਾਮਧਾਰੀ

ਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ।
ਇਹਦੇ ਜਿਹਾ ਹੋਰ ਨਾ ਕੋਈ ਜੱਗ 'ਤੇ ਸਹਾਰਾ ਏ।

ਅਰਸ਼ਾਂ ਤੋਂ ਫਰਸ਼ਾਂ 'ਤੇ ਆਇਆ ਨਿਰੰਕਾਰ ਏ।
ਜੋਤ ਇਲਾਹੀ ਆਈ ਭੈਣੀ ਵਿਚਕਾਰ ਏ।
ਅੱਠ ਮੱਘਰ ਉਨੀ ਸੌ ਸਤੱਤਰ 'ਚ ਲਿਆ ਅਵਤਾਰਾ ਏ।
ਘਰ ਘਰ ਹੋਇਆ ਖ਼ੂਬ ਮੰਗਲ ਚਾਰਾ ਏ।
ਗੁਰੂ ਜਗਜੀਤ ਸਿੰਘ...

ਵੱਡ ਪ੍ਰਤਾਪੀ ਦਾ ਇਹ ਰਾਜ ਦੁਲਾਰਾ ਏ।
ਮਾਤ ਭੁਪਿੰਦਰ ਦੀਆਂ ਅੱਖੀਆਂ ਦਾ ਤਾਰਾ ਏ।
ਇਹਦੇ ਜਿਹਾ ਹੋਰ ਨਾ ਕੋਈ ਇਹ ਜੱਗ ਤੋਂ ਨਿਆਰਾ ਏ।
ਮਿਲ ਸਭੇ ਗਾਂਵਦੇ ਨੇ ਨਰ ਅਤੇ ਨਾਰਾ ਏ।
ਗੁਰੂ ਜਗਜੀਤ ਸਿੰਘ...

ਧਾਰ ਕੇ ਬੇਅੰਤ ਰੂਪ ਆਇਆ ਭਗਵੰਤ ਏ।
ਸ਼ਕਤ ਅਨੰਤ ਦਾ ਨ ਪਾਇਆ ਕਿਸੇ ਅੰਤ ਏ।
ਗਰੀਬਾਂ ਦਾ ਸਹਾਰਾ ਤੇ ਧਨੀਆਂ ਲਈ ਧਨਵੰਤ ਏ।
ਜੱਸ ਏਹਦਾ ਗਾਵੇ ਪਿਆ ਸਾਰਾ ਸੰਸਾਰਾ ਏ।
ਗੁਰੂ ਜਗਜੀਤ ਸਿੰਘ...

ਘਰ ਘਰ ਵਿਚ ਅੱਜ ਇਹਦੀ ਵਡਿਆਈ ਏ।
ਨਾਮ ਸੁੱਚ ਮਰਯਾਦਾ ਧਨ ਜਾਂਦਾ ਵਰਤਾਈ ਏ।
ਇਸ ਦੀ ਸੁਗੰਧ ਸਾਰੇ ਦੇਸ਼ਾਂ ਵਿਚ ਛਾਈ ਏ।
ਗੀਤ ਏਹਦੇ ਗਾ ਰਿਹਾ ਏਹਦਾ ਹਰ ਪਿਆਰਾ ਏ।
ਗੁਰੂ ਜਗਜੀਤ ਸਿੰਘ...



Sri Satguru Jagjit Singh Ji eLibrary NamdhariElibrary@gmail.com

ਸਾਜ ਉੱਤੇ ਰਾਗ ਜਦੋਂ ਛੇੜਦਾ ਪਿਆਰ ਦੇ।
ਮਸਤੀ ਦੇ ਵਿਚ ਮਸਤਾਨੇ ਕੂਕਾਂ ਮਾਰਦੇ।
ਵੱਡਿਆਂ ਦਾ ਵੱਡਾ ਗੁਰੂ ਇਸ ਨੂੰ ਪੁਕਾਰਦੇ।
ਖੰਡਾਂ ਬ੍ਰਹਮੰਡਾਂ ਵਿਚ ਹੋਈ ਜੈ ਜੈ ਕਾਰਾ ਏ।
ਗੁਰੂ ਜਗਜੀਤ ਸਿੰਘ...

ਅੱਖਾਂ ਵਿਚ ਅੱਖੀਂ ਪਾ ਜਿਹਨੂੰ ਏਹਨੇ ਤੱਕਿਆ।
ਗੇੜ ਚੌਰਾਸੀ ਵਾਲਾ ਜਾਵੇ ਉਸਦਾ ਕੱਟਿਆ।
ਫੈਸਲਾ ਜੋ ਲੈ ਲਵੇ ਪਿਛਾਂਹ ਨਾ ਇਹ ਹਟਿਆ।
'ਗੁਰਦੀਪ' ਉੱਚੀ ਬਾਂਹ ਕਰ ਕਰਦਾ ਪੁਕਾਰਾ ਏ।
ਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ।
ਏਹਦੇ ਜਿਹਾ ਹੋਰ ਨਾ ਕੋਈ ਜੱਗ 'ਤੇ ਸਹਾਰਾ ਏ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੨
੨੧ ਕਤਕ ਵੀਰਵਾਰ ਸੰ: ੨੦੫੪, ੬ ਨਵੰਬਰ ੧੯੯੭ ਈ:)



Sri Satguru Jagjit Singh Ji eLibrary NamdhariElibrary@gmail.com

## ਮਿਹਰਬਾਨ ਸਤਿਗੁਰ

-ਪੂਰਨ ਸਿੰਘ ਨਿਰਾਲਾ

ਬੜਾ ਸਮਾਂ ਕਰੋਪੀ ਦਾ ਸੀ ਉਦੋਂ,
ਕਿਸ ਤਰ੍ਹਾਂ ਮੈਂ ਕਰਾਂ ਬਿਆਨ ਸਤਿਗੁਰ।
ਕੂਕਾ ਲਹਿਰ ਦੇ ਬਾਨੀ ਗੁਰੂ ਰਾਮ ਸਿੰਘ ਨੇ,
ਆਜ਼ਾਦੀ ਲੈਣ ਦਾ ਕੀਤਾ ਫੁਰਮਾਨ ਸਤਿਗੁਰ।

ਭਾਰਤ ਦੇਸ ਗੁਲਾਮੀ 'ਚੋਂ ਕੱਢਣੇ ਲਈ,
ਬਾਈਕਾਟ ਦਾ ਕੀਤਾ ਐਲਾਨ ਸਤਿਗੁਰ।
ਤੋਪਾਂ ਅੱਗੇ ਸੀ ਉਡ ਗਏ ਸਿੰਘ ਕੂਕੇ,
ਗੋਰੇ ਸਾਗਰੋਂ ਪਾਰ ਲੈਜਾਣ ਸਤਿਗੁਰ।

ਬੰਦੀ ਖਾਨਾ ਸੀ ਭੈਣੀ ਸਾਹਿਬ ਬਣਿਆ,
ਪੰਜਾਹ ਸਾਲ ਤੋਂ ਲੋਕ ਕੁਰਲਾਣ ਸਤਿਗੁਰ।
ਫੇਰ ਆਗਮਨ ਹੋਇਆ ਜਗਜੀਤ ਗੁਰ ਦਾ,
ਰੋਂਦੀ ਮਨੁੱਖਤਾ ਆਏ ਵਰਾਣ ਸਤਿਗੁਰ।

ਬਾਈ ਨਵੰਬਰ ਉਨੀ ਸੌ ਵੀਹ ਜਾਣੋ,
ਪ੍ਰਗਟ ਭੈਣੀ ਵਿਚ ਹੋਏ ਮਹਾਨ ਸਤਿਗੁਰ।
ਕੁੱਖੋਂ ਮਾਤ ਭੁਪਿੰਦਰ ਦੇ ਜਨਮ ਲੈ ਕੇ,
ਪਿਤਾ ਗੁਰ ਪ੍ਰਤਾਪ ਬਲਵਾਨ ਸਤਿਗੁਰ।

ਖਿਮਾ ਧੀਰਜ ਤੇ ਰਹਿਨੁਮਾ ਜਗਤ ਦੇ ਨੇ,
ਸਤਿਗੁਰੂ ਜਗਜੀਤ ਸਿੰਘ ਹੈ ਸ਼ਾਨ ਸਤਿਗੁਰ।
ਦਿਲ ਦਰਿਆ ਤੇ ਪਾਸ਼ਾਹ ਰਹਿਮਤਾਂ ਦੇ,
ਗਹਿਰ ਗੰਭੀਰ ਤੇ ਗੁਣੀ ਨਿਧਾਨ ਸਤਿਗੁਰ।

ਉਨਤਾਲੀ ਸਾਲ ਇਕ ਸਿਦਕੀ ਸਿੱਖ ਵਾਂਗੂੰ,
ਪਿਤਾ ਹੁਕਮ ਦੇ ਵਿਚ ਬਿਤਾਨ ਸਤਿਗੁਰ।
ਪੰਜ ਛੇ ਭਾਦਰੋਂ ਵੀਹ ਸੌ ਅਤੇ ਸੋਲਾਂ,
ਹੋਏ ਗੁਰਗੱਦੀ ਤੇ ਬਿਰਾਜਮਾਨ ਸਤਿਗੁਰ।



Sri Satguru Jagjit Singh Ji eLibrary NamdhariElibrary@gmail.com

ਰਹੁਰੀਤਾਂ ਸਮਾਜਿਕ ਤੇ ਰਾਜਨੀਤਕ,
ਜਕੜੀ ਮਨੁੱਖਤਾ ਆਏ ਛੁਡਾਣ ਸਤਿਗੁਰ।
ਦਇਆ ਨਿਮਰਤਾ ਪਿਆਰ ਤੇ ਹਮਦਰਦੀ,
ਕਹਿੰਦੇ ਸੁਰ ਵਲ ਕਰੇ ਧਿਆਨ ਸਤਿਗੁਰ।

ਨਾਮ ਜਪਣਾ ਤੇ ਕਿਰਤ ਨੂੰ ਵੰਡ ਛਕਣਾ,
ਕਹਿਣਾ ਉਸ 'ਚੋਂ ਵੀ ਕਰਨਾ ਦਾਨ ਸਤਿਗੁਰ।
ਸਹਿਨਸ਼ੀਲਤਾ, ਨਿਮਰਤਾ, ਪ੍ਰੇਮ ਕਰਕੇ,
ਵਿਰੋਧੀ ਧਿਰਾਂ ਵੀ ਦਿੱਤਾ ਸਨਮਾਨ ਸਤਿਗੁਰ।

ਪੰਜ ਵਾਰ ਚੰਡੀ ਦੇ ਪਾਠ ਹੋ ਗਏ,
ਸਵਾ ਲੱਖ ਇਕ ਵਾਰ ਕਰਾਣ ਸਤਿਗੁਰ।
ਚੌਥੀ ਵਾਰ ਸ੍ਰੀ ਆਦਿ ਦੇ ਪਾਠ ਚਲਦੈ,
ਕਹਿੰਦੇ ਏਧਰ ਵੀ ਰੱਖੋ ਧਿਆਨ ਸਤਿਗੁਰ।

ਭੈਣੀ ਸਾਹਿਬ ਸਵਰਗ ਬਣਾਈ ਜਾਂਦੇ,
ਹੁੰਦਾ ਹਰ ਕੋਈ ਵੇਖ ਹੈਰਾਨ ਸਤਿਗੁਰ।
ਮੇਰੀਆਂ ਅੱਖਾਂ ਸਾਮ੍ਹਣੇ ਜੋ ਡਿੱਠਾ,
ਲੱਖਾਂ ਸੁਦਾਮੇ ਕਹਿਣ ਅਹਿਸਾਨ ਸਤਿਗੁਰ।

ਕੋਠੀਆਂ ਕਾਰਖਾਨੇ ਗ਼ਹਿਣੇ ਪਏ ਜਿਹੜੇ,
ਕੋਲੋਂ ਦੇ ਕੇ ਲੱਖਾਂ ਛੁਡਾਣ ਸਤਿਗੁਰ।
ਹੋਏ ਅੱਗੇ ਵੀ ਅੱਖੀਂ ਇਹੋ ਡਿੱਠੇ,
ਦੇ ਕੇ ਕਾਰਾਂ ਨੂੰ ਕਰਨ ਸਨਮਾਨ ਸਤਿਗੁਰ।

ਕਿਦ੍ਹਾ ਕਿਦ੍ਹਾ ਮੈਂ ਲੈ ਕੇ ਨਾਂ ਦੱਸਾਂ,
ਨੇ ਨਿਮਾਣਿਆਂ ਦੇ ਬਣਦੇ ਮਾਨ ਸਤਿਗੁਰ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੯
੭ ਸਾਵਣ ਵੀਰਵਾਰ ਸੰ: ੨੦੬੧, ੨੨ ਜੁਲਾਈ ੨੦੦੪ ਈ:)



Sri Satguru Jagjit Singh Ji eLibrary NamdhariElibrary@gmail.com

## ਆਈਆਂ ਅੱਜ ਸਰਕਾਰਾਂ ਨੇ

-ਰਣਜੀਤ ਕੌਰ ਜੀਤ

ਦੁਨੀਆਂ ਵਿਚ ਅੱਜ ਹਰ ਪਾਸੇ ਗੁਲਜ਼ਾਰਾਂ ਨੇ।
ਭੈਣੀ ਸਾਹਿਬ ਵਿਚ ਆਈਆਂ ਅੱਜ ਸਰਕਾਰਾਂ ਨੇ।
ਵੱਡ-ਪ੍ਰਤਾਪੀ ਪਿਤਾ ਜਿਨ੍ਹਾਂ ਦੇ ਮਾਤ ਭੁਪਿੰਦਰ ਜਾਏ ਨੇ।
ਲੈ ਕੇ ਖੁਸ਼ੀਆਂ ਲੱਖ ਹਜ਼ਾਰਾਂ ਜੋ ਅੱਜ ਜੱਗ ਤੇ ਆਏ ਨੇ।
ਖੁਸ਼ੀਆਂ ਦੇ ਵਿੱਚ ਨੱਚ ਰਹੀਆਂ ਅੱਜ ਹੰਸਾਂ ਦੀਆਂ ਡਾਰਾਂ ਨੇ।
ਭੈਣੀ ਸਾਹਿਬ ਵਿਚ...

ਤਾਰਨ ਲਈ ਸੰਸਾਰ ਆ ਗਿਆ ਦੁਨੀਆਂ 'ਤੇ ਭਗਵਾਨ ਏ।
ਝੁਕੇ ਜਿਨ੍ਹਾਂ ਦੇ ਚਰਨਾਂ ਉਤੇ ਚੰਨੇ ਤਾਰੇ ਅਸਮਾਨ ਏ।
ਫੁੱਲਾਂ ਦੀ ਵਰਖਾਂ ਕਰੀ ਏ ਰੱਜ ਰੱਜ ਅੱਜ ਬਹਾਰਾਂ ਨੇ।
ਭੈਣੀ ਸਾਹਿਬ ਵਿਚ...

ਜਗਜੀਤ ਗੁਰੂ ਦੇ ਚਰਨਾਂ ਦੀ ਧੂੜੀ ਮੱਥੇ 'ਤੇ ਲਾ ਲਓ ਜੀ
ਖੁੱਲ੍ਹ ਜਾਵਣ ਤਕਦੀਰ ਦੇ ਬੂਹੇ-ਸੁੱਤੇ ਭਾਗ ਜਗਾ ਲਓ ਜੀ
ਪੈਲਾਂ ਪਾ ਕੇ ਝੂਮ ਰਹੀਆਂ ਅੱਜ ਮੋਰਾਂ ਦੀਆਂ ਕਤਾਰਾਂ ਨੇ।
ਭੈਣੀ ਸਾਹਿਬ ਵਿਚ...

ਅਰਸ਼ਾ ਤੋਂ ਫਰਸ਼ਾ ਤੇ ਆ ਕੇ ਕਰ ਦਿੱਤੀ ਰੁਸ਼ਨਾਈ ਏ।
ਮਿੱਠੀ ਮਿੱਠੀ ਮੁਸਕਾਨ ਜੀਤੋ ਉਸ, ਸਭ ਦੀ ਝੋਲੀ ਪਾਈ
ਜੱਗ ਦਾ ਬੇੜਾ ਪਾਰ ਕਰਨਾ ਏਸੇ ਦੇ ਉਪਕਾਰਾਂ ਨੇ।
ਭੈਣੀ ਸਾਹਿਬ ਵਿਚ...

◆

(ਵਰਿਆਮ, ਨਵੰਬਰ 2010, ਪੰਨਾ 15)



Sri Satguru Jagjit Singh Ji eLibrary NamdhariElibrary@gmail.com

## ਸਤਿਗੁਰੂ ਜਗਜੀਤ ਸਿੰਘ ਜੀ ਮ੍ਰਿਦੂਲੀ ਮੁਸਕਾਣ

-ਡਾ ਆਤਮ ਹਮਰਾਹੀ

ਉਪਕਾਰੀ ਪ੍ਰਸੰਨਤਾ ਦੀ ਛਹਿਬਰ ਜਿਹੀ ਹੈ
ਸਤਿਗੁਰਾਂ ਦੀ ਨਿਰਮਲ ਮ੍ਰਿਦੂਲੀ ਮੁਸਕਾਣ ਵਿੱਚ
ਮਿਕਨਾਤੀਸੀ ਕੀਲ ਹੈ ਉਹਨਾਂ ਦੀ
ਸਗੁਫਤਾ ਪੁਨੀਤ ਤੱਕਣੀ ਵਿੱਚ
ਕਹਿਕਸਾਈ ਰਮਜ ਹੈ
ਨਜਰਾਂ ਦੀ ਉਲਫੇਤੀ ਕ੍ਰਿਪਾਲਤਾ ਵਿੱਚ
ਪੁਨੀਤ ਸਵੱਛਤਾ ਦਾ ਇਕਰਾਰ ਜਿਹਾ ਹੈ
ਉਹਨਾ ਦੇ ਆਪਨੜੇ ਅਨੁਭਵੀ ਪ੍ਰਵਚਨਾਂ ਵਿਚ
ਜਲ ਤਰੰਗੀ ਰੂਹਾਂ ਦਾ ਨਾਦ ਜਿਹਾ ਉਠਦਾ ਹੈ
ਉਹਨਾਂ ਦੇ ਨਾਮ ਰਸ ਰੱਤੇ
ਸਾਬਰ, ਸੰਤੋਖੇ ਮਨ ਦੇ ਸਰੋਵਰ ਚੋਂ
ਨਾਮਧਾਰੀ ਹੀ ਨਹੀਂ ਹਰੇਕ ਉਪਕਾਰੀ ਜਗਤ ਦੀ
ਵਿਸਵ ਵਿਆਪੀ ਸਦਾ ਸਵਰਨ ਆਭਾ ਹਨ ਉਹ।
ਕੰਪਿਊਟਰੀ ਮਿਸਰਤੀ ਵਿਚ ਸੇਵਕੀ ਮੁਹਾਂਦਰੇ
ਉਹਨਾਂ ਦੇ ਪੂਨਮੀ ਪ੍ਰਕਾਸ ਵਿਚ ਝਿਲਮਿਲਾਂਦੇ
ਭਜਨੀਕ ਤੇ ਰੋਜਗਾਰੀ ਉੱਦਮ ਵਿਚ
ਨਿਰੰਤਰ ਕਾਰਜਸੀਲ ਹਨ।

ਵਡ ਪਰਤਾਪੀ ਪਿਤਾ ਤੇ ਮਾਂ ਭੂਪਿੰਦਰ ਕੌਰ ਦੇ ਉਦਰੋਂ
ਵੀਹ ਨੂੰ ਅਵਤਰੇ
ਅਤੇ ਉਨਾਹਠ ਨੂੰ ਗੁਰਗੱਦੀ ਨਸ਼ੀਨ ਹੋਏ
ਮਨਜੀਤੇ ਜਗਜੀਤ ਦੇ ਗੁਰਵਾਕੀਏ
ਪ੍ਰਭ ਪੂੰਜੀ ਦੇ ਨਿਧੀਏ ਸਤਿਗੁਰ
ਕਰਮਸ਼ੀਲ ਰਹਿਬਰੀ ਦੇ ਪ੍ਰਕਾਸ਼ਵੰਤੇ ਆਗੂ
ਨਾਮਧਾਰੀਅਤ ਨੂੰ ਵਿਸ਼ਵ ਵਿਆਪੀ ਬਣਾ ਦੇਣ
ਵਾਲੇ ਪੁਨੀਤ ਭਾਵੀ ਮੁਰਸ਼ਦ



Sri Satguru Jagjit Singh Ji eLibrary NamdhariElibrary@gmail.com

ਆਫਤਾਬੀ ਰੋਸ਼ਨੀ, ਸ਼ਕਤੀ ਤੇ ਸਮਰੱਥਾ ਦੇ ਪ੍ਰਤੀਕ
ਸ਼ਾਕਾਹਾਰੀਅਤ ਦੇ ਅਲੰਬਰਦਾਰ ਗੋਪਾਲ ਰਤਨ
ਨਿਰੰਤਰਤਾ ਦੇ ਚੁੰਬਕੀ ਪ੍ਰੇਰਕ
ਪ੍ਰਭੂ ਅਭੇਦੀ ਬ੍ਰਹਮ ਗਿਆਨੀ
ਨਵੀਨ ਵਿਦਿਆ ਦੀ ਧਰਮ ਪੱਖਤਾ ਦੇ ਮੁਦਈ
ਪਾਵਨਤਾ, ਪਾਕੀਜਗੀ ਬਾ ਜਾਬਤਾ ਜੀਵਨ
ਵਿਸਵ ਨਾਮਧਾਰੀਅਤ ਦੀ ਕੇਂਦਰੀ ਊਰਜਾ
ਸੁਆਸ ਸੁਆਸ ਭਜਨੀਕ, ਖਿਣ ਖਿਣ ਜਾਗ੍ਰਿਤ
ਮਹਿਮਾ ਦੇ ਪੁੰਜ, ਨਿਰੀ ਸੰਗੀਤਕਤਾ,
ਮੁਹੱਬਤੀ ਖਿੱਚ ਕੇ ਅਮੁੱਕ ਸੋਮੇਂ
ਰਹਿਬਰ, ਦਿਲਬਰ, ਸਤਿਗੁਰ, ਪਾਰ ਬ੍ਰਹਮੀਏ
ਫਿਆਜ, ਬਖਸ਼ਿਸ਼ਾਂ ਦੇ ਨਿਧੀਏ
ਨਾਨਕੀ ਦਸ਼ਮੇਸ਼ਤਾ ਦੇ ਪਾਸਾਰੀਏ
ਅਮਲੀ ਦਾਨਸ ਦੇ ਆਸਤਕ ਮਾਰਗੀਏ
ਏਕੰਮਕਾਰਤਾ ਦੇ ਵਿਸ਼ਵਾਸੀਏ
ਨਾਮਧਾਰੀ ਸਿੰਘਾਂ ਦੀ ਏਕਮਤਾ
ਪ੍ਰਭਾਕਰ ਸੂਰਜ, ਆਫਤਾਬ, ਰੂਹਾਨੀ ਜਲਵਾ
ਜਿਸ ਉਤੇ ਸਾਰਾ ਨਾਮਧਾਰੀ ਜਗਤ ਕੇਂਦਰਿਤ ਹੈ, ਮਰਕੂਜ ਹੈ
ਆਦੇਸ਼ਿਤ ਹੈ, ਬਲਿਹਾਰ ਹੈ।
ਨਾਮਧਾਰੀਅਤ ਮਾਨਵਤਾ ਦੀ ਤੰਦਰੁਸਤ ਪਾਵਨਤਾ ਹੈ,
ਉਮਰ ਦਰਾਜੀ, ਸਦ ਬਸ਼ਾਸ਼ੀ, ਬ੍ਰਹਮ ਲੀਨਤਾ, ਬ੍ਰਹਮੀਸ਼ਵਰਤਾ
ਦੈਨਿਕ ਸਿਮਰਨ, ਸਾਧਨਾ ਰਿਆਜ।
ਇਹ ਕੁਝ ਪੰਨੇ ਹਨ ਮੇਰੀ ਸ਼ਰਧਾ ਦੇ
ਨਾਮਧਾਰੀ ਸਤਿਗੁਰਾਂ ਲਈ ਨਿਆਜ
ਓਮ, ਸਤਿਅਮ, ਸ਼ਿਵਮ ਸੁੰਦਰਮ।

◆

**(ਸਤਿਜੁਗ, 2000, ਪੰਨਾ 139)**



Sri Satguru Jagjit Singh Ji eLibrary NamdhariElibrary@gmail.com

## ਮੂਰਤਿ ਤੁਮਰੀ ਜਬੈ ਨਿਹਾਰੀ

-ਗੁਰਸੇਵਕ ਸਿੰਘ ਕਵੀਸ਼ਰ

ਗੁਰ ਪ੍ਰਤਾਪ ਔ ਮਾਤ ਭੁਪਿੰਦਰ ਕੇ
ਸੁਤ ਕੀ ਪੂਰਨ ਵਡਿਆਈ।
ਸਰਗੁਣ ਰੂਪ ਧਰਾ ਧਰ ਸੁੰਦਰ ਮੂਰਤਿ
ਭੈਣੀ ਬੀਚ ਹੈ ਆਈ।

ਤਾਪ ਪਾਪ ਸੰਤਾਪ ਬਿਨਾਸੇ
ਦਰਸ ਕੀਯੋ ਜਬ ਮਾਈ ਭਾਈ।
ਗੁਰਸੇਵਕ ਨੇ ਨਾਮ ਤੇਰੇ ਕੀ
ਮਨ ਮੰਦਰ ਮੇਂ ਜੋਤਿ ਜਗਾਈ।

ਕਿਸ਼ਨ ਬਿਸ਼ਨ ਮਹੇਸ਼ ਮੁਨੀਵਰ
ਬ੍ਰਹਮਾ ਔ ਬਾਵਨ ਅਵਤਾਰੀ।
ਪਸੁ ਪਛੂ ਨਗ ਨਾਗ ਨਰਾਧਿਪ
ਗਾਵਤ ਤੁਮਰੀ ਉਪਮਾ ਭਾਰੀ।

ਇੰਦ੍ਰਪੁਰੀ ਅਰੁ ਦੇਵ ਲੋਕ ਮੇਂ
ਗੁਰ ਜਗਜੀਤ ਕੀ ਜੈ-ਜੈ ਕਾਰੀ।
ਗੁਰਸੇਵਕ ਭਵ ਪਾਰ ਪਯੋ ਹੈ
ਮੂਰਤਿ ਤੁਮਰੀ ਜਬੈ ਨਿਹਾਰੀ।

◆



Sri Satguru Jagjit Singh Ji eLibrary NamdhariElibrary@gmail.com

## ਅੱਜ ਦੂਸਰੀ ਵਾਰ ਮਿਲਾਪ ਡਿੱਠਾ

–ਸ੍ਰ. ਸੋਹਣ ਸਿੰਘ ਜੀ ਠੇਕੇਦਾਰ (ਢੋਟੀਆਂ)

ਮੇਰੇ ਪ੍ਰੀਤਮਾ ਪਰਮ ਪਰਤਾਪੀਆ ਵੇ,
ਤੇਰਾ ਅੰਤਮੀ ਭੈਣੀ ਪ੍ਰਤਾਪ ਡਿਠਾ।
ਭਾਰਤ ਵਰਸ਼ ਦੇ ਸਭ ਪਤਵੰਤਿਆ ਦਾ,
ਅੱਜ ਦੂਸਰੀ ਵਾਰ ਮਿਲਾਪ ਡਿਠਾ।

ਤੇਰੇ ਭਾਣੇ ਨੂੰ ਕੋਈ ਮੰਨਦੇ ਨੇ,
ਪਰ ਤੇਰੇ ਭੌਰਿਆਂ ਵਿਚ ਵਿਰਲਾਪ ਡਿੱਠਾ।
ਅੱਜ ਤੇਰੇ ਪ੍ਰਤਾਪ ਦੇ ਛਤਰ ਥੱਲੇ,
ਇਕ ਸੌ ਚੋਂ ਨਹੀਂ ਖਿਲਾਫ਼ ਡਿੱਠਾ।

ਇਕ ਗੱਲ ਅਸਚਰਜਤਾ ਭਰੀ ਦੇਖ,
ਇਕ ਮਿਆਨ ਤੇ ਦੋ ਤਲਵਾਰਾਂ ਦਿਸਣ।
ਇਕਦਰ ਭੈਣੀ ਦੇ ਵਿਚ ਮਯੂਸੀਆਂ ਸਨ,
ਸੰਗਤਾਂ ਸਹਿਮੀਆਂ ਕਈ ਹਜ਼ਾਰਾਂ ਦਿਸਣ।

ਤੇਰੇ ਸਿਦਕੀ ਵਿਛੋੜੇ ਵਿਚ ਤੜਫਦੇ ਨੇ,
ਜਲ ਨੇਤਰੀਂ, ਮੁੱਖੋਂ ਕੂਕਾਰਾਂ ਦਿਸਣ।
ਅੱਜ ਗੋਪੀਆਂ ਨੂੰ ਕਾਹਨ ਲਭਦਾ ਨਹੀਂ,
ਤੜਫੜਾਂਦੀਆਂ ਕਈ ਨਰ ਨਾਰਾਂ ਦਿਸਣ।

ਪੰਜਾਂ ਤੱਤਾਂ ਨੂੰ ਜਿਥੇ ਨਖੇੜਿਆ ਤੂੰ,
ਓਸ ਥਾਂ ਦਾ ਕਰਨਾ ਬਿਆਨ ਮੁਸ਼ਕਲ।
ਜਿਸ ਨੂੰ ਓਥੇ ਵੀ ਨਹੀਂ ਹਲੂਣ ਵਜੀ,
ਐਸਾ ਹੋਊਗਾ ਕੋਈ ਇਨਸਾਨ ਮੁਸ਼ਕਲ।

ਚੰਨਾ ਅੱਜ ਚਕੋਰ ਸਭ ਤੜਫਦੇ ਨੇ,
ਓਹਨਾਂ ਹੋ ਗਿਆ ਪੀਣ ਤੇ ਖਾਣ ਮੁਸ਼ਕਲ।



Sri Satguru Jagjit Singh Ji eLibrary NamdhariElibrary@gmail.com

ਓਸ ਥਾਂ ਨੂੰ ਭੌਰਿਆਂ ਘੇਰਿਆ ਏ,
ਬਚਣੇ ਓਹਨਾਂ ਦੇ ਹੋਏ ਪਰਾਨ ਮੁਸ਼ਕਲ।

ਇਕਦਰ ਗੱਦੀ ਤੇ ਸ਼ੋਭੇ ਜਗਜੀਤ ਤੇਰਾ,
ਤੇਰਾ ਨੂਰ ਤੇ ਤੇਰੀ ਨੁਹਾਰ ਦਿਸੇ।
ਜਿਵੇਂ ਤਪਦਿਆਂ ਹਿਰਦਿਆਂ ਠਾਰਦਾ ਸੈਂ,
ਓਸੇ ਤਰ੍ਹਾਂ ਅੱਜ ਏਹਦੀ ਫੁਹਾਰ ਦਿਸੇ।

ਰਾਗੀ ਰਾਗਾਂ ਨੂੰ ਪਏ ਅਲਾਪਦੇ ਨੇ,
ਓਹੋ ਸੰਗਤਾਂ ਤੇ ਓਹੋ ਜੁਹਾਰ ਦਿਸੇ।
ਅੱਜ ਤੇਰੀਆਂ ਸਾਰੀਆਂ ਸੰਗਤਾਂ ਦੀ,
ਜਗਜੀਤ ਦੇ ਹੱਥ ਮੁਹਾਰ ਦਿਸੇ।

ਤੇਰੀ ਪਾਰਸੀ ਛੋਹ ਜਗਜੀਤ ਦੇ ਵਿਚ,
ਵਾਂਗਰ ਦਾਮਨੀ ਦਮਕਾਂ ਪਈ ਮਾਰਦੀ ਏ।
ਓਹਦੀ ਕਿਰਨ ਕਟਾਖ ਦੀ ਜਿਥੇ ਪੈਂਦੀ,
ਨਾਮ ਜਪੰਦੜੀ ਠਾਰ ਜਿਉਂ ਠਾਰਦੀ ਏ।

ਜਲਵਾ ਤੇਰਾ ਜਗਜੀਤ ਵਿਚ ਦਿਸਦਾ ਏ,
ਕੀਤੀ ਓਨ ਸੰਭਾਲ ਸਭ ਕਾਰਦੀ ਏ।
'ਸੋਹਣਾ' ਬੇੜੇ ਦਾ ਚੱਪੂ ਜਗਜੀਤ ਫੜਿਆ,
ਜ਼ੁੰਮੇਵਾਰੀ ਚੁਕੀ ਕੰਢੇ ਪਾਰ ਦੀ ਏ।

◆

**(੪ ਮਘਰ ਵੀਰਵਾਰ ਸੰ: ੨੦੧੬, ੧੯ ਨਵੰਬਰ ੧੯੫੯ ਈ: ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੪)**



Sri Satguru Jagjit Singh Ji eLibrary NamdhariElibrary@gmail.com

## ਜਗਜੀਤ ਹੈ ਤੂੰ

**–ਸ੍ਰੀ ਮੁਖਤਿਆਰ ਸਿੰਘ ਜੀ ਜਲਾਲਾਬਾਦ**

ਬਾਬਾ, ਗੁਣ ਕੀ ਤੇਰੇ ਮੈਂ ਲਿਖਣ ਜੋਗਾ,
ਅੱਗੇ ਕਈ ਲੱਖਾਂ ਲਿਖਣ-ਹਾਰ ਹਾਰੇ।
ਤੇਰੇ ਨਾਮ ਪਵਿੱਤਰ ਦੇ ਨੁਕਤਿਆਂ 'ਚੋਂ,
ਨੁਕਤੇ ਲੱਭਦੇ ਦੋਵੇਂ ਸੰਸਾਰ ਹਾਰੇ।

ਤੇਰੀ ਸਿਮਰਨ ਸਮਾਧੀ ਦੇ ਤੇਜ ਅੱਗੇ,
ਚੰਨ ਚੌਦੇਂ ਦਾ ਸਣੇ ਪਰਵਾਰ ਹਾਰੇ।
ਸ਼ੋਭਾ ਰੁਖ ਦੀ ਰਤੀ ਨਾ ਛਾਂ ਦਿਲੋ,
ਸੂਰਜ ਜਿਹਾਂ ਦੀ ਧੁਪ ਬਲਕਾਰ ਹਾਰੇ।

ਜੇਹਾ ਸਿੱਟਾ ਗੁਰਿਆਈ ਦਾ ਕੱਢਿਆ ਈ,
ਪੈਲੀ ਪੁੰਗਰੀ, ਤੇ ਜ਼ਿਮੀਦਾਰ ਹਾਰੇ।
ਦੱਸੋ ਜੇਹੇ ਤੂੰ ਹਰਫ਼ ਮਹਿਬੂਬ ਮੇਰੇ,
ਪੰਡਿਤ ਮੌਲਵੀ ਕਰ ਤਕਰਾਰ ਹਾਰੇ।

ਮੋਦੀ ਖਾਨੇ ਵਿਚ ਕਦੀ ਨ ਤੋਟ ਆਈ,
ਖਾਣ ਵਾਲੇ ਕਈ ਲੱਖ ਹਜ਼ਾਰ ਹਾਰੇ।
ਤੇਰੇ ਮੱਥੇ ਦੀ ਰੇਖ ਅਜਿਹੀ ਡਿੱਠੀ,
ਜਿਥੇ ਹੋਣੀ ਦੀ ਅੜਬ ਸਰਕਾਰ ਹਾਰੇ।

ਦਾਸ ਆਖਦਾ ਗੁਰੂ ਜਗਜੀਤ ਹੈ ਤੂੰ,
ਲੜਦੇ ਹੋਰ ਸਾਰੇ ਆਖਰਕਾਰ ਹਾਰੇ।

◆

**(੬ ਸਾਵਣ ਵੀਰਵਾਰ ਸੰ: ੨੦੧੭, ੨੧ ਜੁਲਾਈ ੧੯੬੦ ਈ: ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੫)**



Sri Satguru Jagjit Singh Ji eLibrary NamdhariElibrary@gmail.com

## ਵਡ ਪਰਤਾਪ ਤੇਰਾ

**–ਸੰਤ ਸੁੰਦਰ ਸਿੰਘ ਜੀ ਸੇਵਕ ਸੇਖਵ ਬੈਂਕੋਕ**

ਗੁਰੂ ਜਗਜੀਤ ਸਿੰਘ ਵੱਡਾ ਪਰਤਾਪ ਤੇਰਾ
ਚੰਦ ਦੇ ਸਮਾਨ ਮੁਖ ਸੋਹੇ ਸ਼ੋਭਾ ਭਾਰੀ ਏ।
ਦਰ ਤੇਰੇ ਆਂਵਦੇ ਜੋ ਇਛੇ ਫਲ ਪਾਂਵਦੇ ਨੇ।
ਚਿੰਤਾ ਦੀ ਚਿਖੋਂ ਕੱਢ ਕਰੇ ਠੰਢਾ ਠਾਰੀਏ।

ਦੀਨਨ ਦਇਆਲ ਹੋਵੇ ਸਾਥੇ ਕਿਰਪਾਲ
ਦਿਓ ਦਰਸ ਕਟੋ ਜਾਲ ਸਿਆਸੀ ਸੰਗਤ ਪੁਕਾਰੀਏ।
ਆਉਣਾ ਨਾਮ ਦੇ ਭੰਡਾਰੀ ਜਿਦ੍ਹੀ ਉਪਮਾ ਨਿਆਰੀ
'ਸੇਵਕ' ਕਰੇ ਨ੍ਰਿਤਕਾਰੀ ਗੁਰੂ ਮੂਰਤੀ ਤੋਂ ਵਾਰੀਏ।

◆

## ਵੈਸਾ ਮਿਲ ਗਿਆ ਏ

**–ਸੰਤ ਆਤਮਾ ਸਿੰਘ ਜੀ ਸਨਖਤ੍ਰਵੀ**

ਜੈਸੇ ਸਤਿਗੁਰੂ ਜਗ ਤੋਂ ਹੋਇਆ ਓਹਲੇ
ਵੈਸਾ ਮਿਲ ਗਿਆ ਏ ਸਭ ਦਾ ਮੀਤ ਤੱਕ ਲੈ।
ਕੰਵਲ ਵਾਂਗ ਚਿਹਰਾ ਹਸੂੰ ਹਸੂੰ ਕਰਦਾ
ਗੌਂਦਾ ਸੁਣਦਾ ਏ ਓਵੇਂ ਸੰਗੀਤ ਤੱਕ ਲੈ।

ਮਸਤ ਨੈਣਾਂ 'ਚੋਂ ਅਮੀਂ ਬਰਸਾਂਵਦਾ ਰਹਿ
ਟੁਟੇ ਦਿਲਾਂ ਦੀ ਗੰਢਦਾ ਪ੍ਰੀਤ ਤੱਕ ਲੈ।
ਰਾਮ ਹਰੀ ਸਤਿਗੁਰੂ ਪ੍ਰਤਾਪ ਸਿੰਘ ਦਾ
ਏਹ ਪ੍ਰਤਾਪ ਪ੍ਰਤਖ ਜਗਜੀਤ ਤਕ ਲੈ।

◆

**(ਵੀਰਵਾਰ ਸੰ: ੨੦੧੭, ੮ ਸਤੰਬਰ ੧੯੬੦ ਈ: ਸੰ:
ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੫)**



Sri Satguru Jagjit Singh Ji eLibrary NamdhariElibrary@gmail.com

## ਨਾਮਧਾਰੀ ਪੰਥ ਸਾਰੇ ਜਗ ਤੋਂ ਨਿਆਰਾ ਏ

**–ਸਰਦਾਰ ਤੇਜ ਸਿੰਘ ਜੀ ਤੇਜ**

ਬਾਣੀ ਦਾ ਪ੍ਰੇਮੀ, ਨਿਤਨੇਮੀ ਤਿਆਗੀ ਸੰਤ ਪੂਰਾ,
ਏਕਤਾ ਦਾ ਹਾਮੀ ਅਤੇ ਦੁਖੀ ਦਾ ਸਹਾਰਾ ਏ।
ਸ਼ਬਦਾਂ ਦੇ ਵਿਚੋਂ ਇਹ ਸਵਾਦ ਮਾਣੇ ਜ਼ਿੰਦਗੀ ਦਾ,
ਮਾਲਾ ਵਿਚੋਂ ਵੇਖੇ ਚੀਨੀ ਵਾਲੇ ਦਾ ਨਜ਼ਾਰਾ ਏ।

ਅੱਖਾਂ ਵਾਲੀ ਤਕੜੀ ਤੇ ਸੱਚ ਝੂਠ ਤੋਲਦਾ ਏ,
ਅੱਠੇ ਪਹਿਰ ਮਾਣੇ ਪਇਆ ਸਿਦਕ ਦਾ ਹੁਲਾਰਾ ਏ।
ਤੋਪਾਂ ਮੂਹਰੇ ਗਜ ਸਜ ਭਾਰਤ ਦੇ ਸ਼ਿੰਗਾਰ ਵਿਚ,
ਸਾਰੇ ਜਗ ਉਤੇ ਪਾਇਆ ਇਹਨੇ ਲਿਸ਼ਕਾਂਰਾ ਏ।

ਸੀਨੇ ਇਹਦੇ ਵਿਚ ਸੇਕ ਸੱਜਨਾਂ ਪਿਆਰਿਆਂ ਦਾ,
ਏਸ ਦੀਆਂ ਅੱਖਾਂ ਵਿਚ ਬ੍ਰਿਹੋਂ ਦੀ ਧਾਰਾ ਏ।
ਵੇਖ ਕੁਰਬਾਨੀ ਏਹਦੀ ਜੱਗ ਸਾਰਾ ਆਖਦਾ ਏ,
ਨਾਮਧਾਰੀ ਪੰਥ ਸਾਰੇ ਜੱਗ ਤੋਂ ਨਿਆਰਾ ਏ।

ਸਿਰ ਇਹਨੇ ਰੱਖਿਆ ਆਜ਼ਾਦੀ ਦੀ ਦਲ੍ਹੀਜ਼ ਉੱਤੇ,
ਦਿੱਤੀ ਇਹਨੂੰ ਜ਼ਿੰਦਗੀ ਸੀ ਮੌਤ ਦੇ ਮਿਲਾਪ ਨੇ।
ਬਾਲਕ ਦੇ ਰੂਪ ਵਿਚੋਂ ਰਾਮ ਲੱਭਾ ਏਸ ਨੇ ਸੀ,
ਦੇਸ਼ ਨੂੰ ਆਜ਼ਾਦੀ ਦਿੱਤੀ ਇਹਦੇ ਪ੍ਰਤਾਪ ਨੇ।

ਦੰਡੀ ਨਾਲ ਇਹਨੇ ਪੰਜੇ ਚੰਡ ਕੇ ਬਹਾਲ ਦਿਤੇ,
ਜੈ ਜੈ ਕਰਵਾਈ ਇਹਦੀ ਜਪੁਜੀ ਦੇ ਜਾਪੁ ਨੇ।
ਉਕਰੀ ਉਗਾਹੀ ਇਤਿਹਾਸ ਦਿਆਂ ਪੰਨਿਆਂ ਤੇ,
ਕੋਟਲੇ ਦਾ ਸਾਕਾ ਸਾਰਾ ਪੜ੍ਹਿਆ ਹੈ ਆਪ ਨੇ।

ਭਾਣੇ ਵਿਚ ਰਹਿੰਦਾ ਹੋਇਆ ਹੱਸਦਾ ਗੁਲਾਬ ਵਾਂਗ,
ਫਰਜ਼ ਤਾਈਂ ਸਮਝਦਾ ਏ ਜਾਨ ਤੋਂ ਪਿਆਰਾ ਏ।
ਇਹਦੇ ਸੀਸ ਬੱਧਾ ਹੋਇਆ ਸਾਫਾ ਸਾਫ ਆਖਦਾ ਏ,
ਨਾਮਧਾਰੀ ਪੰਥ ਸਾਰੇ ਜਗ ਤੋਂ ਨਿਆਰਾ ਏ।



Sri Satguru Jagjit Singh Ji eLibrary NamdhariElibrary@gmail.com

ਸਾਦਗੀ ਦੇ ਰੂਪ 'ਚੋਂ ਸਰੂਰ ਹੋ ਕੇ ਜ਼ਿੰਦਗੀ ਦਾ,
ਨਾਮ ਨਾਲ ਤਨ ਮਨ ਏਸ ਨੇ ਸ਼ਿੰਗਾਰੇ ਨੇ।
ਪੜ੍ਹ ਪੜ੍ਹ ਬਾਣੀ ਪਹੁੰਚੇ ਦਸਵੇਂ ਦੁਵਾਰ ਵਿਚ,
ਝੂਮ ਝੂਮ ਮਾਣੇ ਇਹਨੇ ਮਸਤੀ ਦੇ ਹੁਲਾਰੇ ਨੇ।

ਸਤਲੁਜ ਵਿਚ ਸਤ ਏਸ ਮਹਾ ਸੰਤ ਦਾ ਏ,
ਆਸ ਲਾਉਂਦੇ ਇਹਦੇ ਤੇ ਬਿਆਸ ਦੇ ਕਿਨਾਰੇ ਨੇ।
ਤਪ ਕਰ ਏਸ ਨੇ ਰੰਗੂਨ ਦੀਆਂ ਜੇਹਲਾਂ ਵਿਚ,
ਤਪੇ ਹੋਏ ਦੁਨੀਆ ਦੇ ਜੀਵ ਜੰਤ ਤਾਰੇ ਨੇ।

ਖਿੜੇ ਮੱਥੇ ਝੱਲੀਆਂ ਮੁਸੀਬਤਾਂ ਦਲੇਰ ਹੋ ਕੇ,
ਦੇਸ਼ ਉਤੋਂ ਵਾਰ ਦਿੱਤਾ ਇਹਨੇ ਸੁਖ ਸਾਰਾ ਏ।
ਵੇਖ ਕੁਰਬਾਨੀ ਇਹਦੀ ਜਗ ਸਾਰਾ ਆਖਦਾ ਏ,
ਨਾਮਧਾਰੀ ਪੰਥ ਸਾਰੇ ਜਗ ਤੋਂ ਨਿਆਰਾ ਏ।

ਰੱਬ ਸੱਚੇ ਆਪ ਤਸਵੀਰ ਘੜੀ ਸਾਦਗੀ ਦੀ,
ਇਹਦੀ ਹਿੱਕ ਵਿਚ ਪਾਇਆ ਦਰਦ ਹੈ ਜਹਾਨ ਦਾ।
ਗਊਆਂ ਲਈ ਚਮੜੀ ਲੁਹਾਈ ਇਹਨੇ ਆਪਣੀ ਸੀ,
ਵੇਖ ਕੇ ਮੁਸੀਬਤਾਂ ਇਹ ਸੀਨਾ ਰਹਿਆ ਤਾਨਦਾ।

ਦਿਉਤਿਆਂ ਦੇ ਉੱਤੋਂ ਨ ਇਹ ਦੁਨੀਆਂ ਲਟੋਂਦਾ ਫਿਰੇ,
ਕਰੇ ਇਨਸਾਨ ਹੋ ਕੇ ਮਾਨ ਇਨਸਾਨ ਦਾ।
ਗੌਰਵ ਮਨੁੱਖਤਾ ਦਾ ਸਭਯਤਾ ਜਹਾਨ ਦੀ ਏ
ਪਰ੍ਹਾ ਏ ਪੰਜਾਬ ਦੀ ਤੇ ਨਾ ਹਿੰਦੁਸਤਾਨ ਦਾ।

ਪੱਛੋਂ ਦਿਆਂ ਕੰਡਿਆਂ ਨੂੰ ਹੂੰਝਨ ਲਈ ਹਿੰਦ ਵਿਚੋਂ
ਏਕਤਾ ਦਾ ਫੜਿਆ ਸੀ ਏਸ ਨੇ ਬੁਹਾਰਾ ਏ।
'ਤੇਜ' ਵੇਖ ਏਸ ਦਾ ਜਹਾਨ ਸਾਰਾ ਆਖਦਾ ਏ,
ਨਾਮਧਾਰੀ ਪੰਥ ਸਾਰੇ ਜਗ ਤੋਂ ਨਿਆਰਾ ਏ।

◆

(੨੧ ਅੱਸੂ ਵੀਰਵਾਰ ਸੰ: ੨੦੧੭, ੬ ਅਕਤੂਬਰ ੧੯੬੦ ਈ: ਸੰ:
ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੫)



Sri Satguru Jagjit Singh Ji eLibrary NamdhariElibrary@gmail.com

## ਸਤਿਗੁਰ ਸ਼ੋਭਾ

–ਸ੍ਰੀ ਨਿਰੰਜਨ ਸਿੰਘ ਜੀ 'ਕੰਗ' ਟਮਕੌਂਡੀ

ਰਾਖਾ ਧਰਮ ਦਾ ਗੁਰੂ ਜਗਜੀਤ ਸਿੰਘ ਜੀ,
ਆਇਆ ਦੁਨੀਆਂ ਉਤੇ ਅਵਤਾਰ ਕੋਈ।
ਦਰਸ਼ਨ ਕੀਤਿਆਂ ਦੂਰ ਨੇ ਦੁਖ ਹੁੰਦੇ,
ਕਰੇ ਦਿਲ ਦੇ ਨਾਲ ਵਿਚਾਰ ਕੋਈ।

ਭੈਣੀ ਸਾਹਿਬ ਏ ਤਖ਼ਤ ਜਗਜੀਤ ਸਿੰਘ ਦਾ,
ਕਰੋ ਜਾ ਕੇ ਉੱਥੇ ਦੀਦਾਰ ਕੋਈ।
ਲੋਕੀ ਆਖਦੇ ਨੇ ਭਾਵੇਂ ਗੁਰੂ ਇਹਨੂੰ,
ਮੈਨੂੰ ਜਾਪਦਾ ਆਪ ਨਿਰੰਕਾਰ ਕੋਈ।

ਪੰਥ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਏ,
ਅਸੀਂ ਦੇਖਿਆ, ਇਹਨੂੰ ਨਾ ਹਾਰ ਕੋਈ।
ਮਨ ਮਤੀਆ ਗੁਰੂ ਨਹੀਂ ਯਾਦ ਕਰਦਾ
ਬਿਨਾਂ ਮਾਲੀਓਂ ਬਾਗ ਨਾ ਪੱਕਦਾ ਏ।

ਲੜ ਲਗਿਆਂ ਨੂੰ ਸਤਿਗੁਰੂ ਤਾਰ ਦਿੰਦਾ,
ਫ਼ਰਕ ਦਿਲ ਦੇ ਵਿਚ ਨਾ ਰੱਖਦਾ ਏ।
ਸਾਨੂੰ ਸਤਿਗੁਰੂ ਦੇ ਘਰੋਂ ਹੋਈ ਕ੍ਰਿਪਾ,
ਹੱਥ ਸੀਸ ਉੱਤੇ ਹਰਦਮ ਰੱਖਦਾ ਏ।

ਜਾਣੀ ਜਾਣ ਦਲੀਲਾਂ ਦਾ ਗੁਰੂ ਮਾਲਕ,
ਜੋ ਚਾਂਹਵਦਾ ਏ, ਕਰ ਸਕਦਾ ਏ।
ਤੈਨੂੰ ਭੁਲ ਜਾਏ ਜੱਗ ਤਾਂ ਭੁਲ ਜਾਵੀਂ,
ਵੇਖ ਗੁਰੂ ਨਾ ਕਿਤੇ ਭੁਲਾ ਲਵੀਂ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੬
੧੨ ਸਾਵਣ ਵੀਰਵਾਰ ਸੰ: ੨੦੧੮, ੨੭ ਜੁਲਾਈ ੧੯੬੧ ਈ: )



Sri Satguru Jagjit Singh Ji eLibrary NamdhariElibrary@gmail.com

# ਇਹ ਕੂਕਾ ਪੰਥ ਨਿਆਰਾ

**–ਸ੍ਰੀ ਪ੍ਰੀਤਮ ਸਿੰਘ ਜੀ 'ਦੀਪਕ'**

ਇਹ ਕੂਕਾ ਪੰਥ ਨਿਆਰਾ, ਇਹ ਕੂਕਾ ਪੰਥ ਨਿਆਰਾ।
ਗੁਰ ਜਗਜੀਤ ਜਿਹਾ ਜਿਸ ਤਾਈਂ ਮਿਲਿਆ ਅਜ ਸਹਾਰਾ।
ਇਹ ਕੂਕਾ ਪੰਥ ਨਿਆਰਾ।

ਅੱਧੀ ਰਾਤੀਂ ਖੂਹ ਖੜਕਾਵਨ, ਜਦ ਸੋਵੇ ਜਗ ਸਾਰਾ।
ਸਿਰ ਵਿਚ ਪਾਣੀ ਪਾ ਪਾ ਆਖਣ, ਆ ਚੀਨੀ ਅਸਵਾਰਾ।
ਰਖ ਲੈ ਦੇ ਕੇ ਹੱਥ ਬਦੀ ਤੋਂ ਜਗਤ ਗੁਰੂ ਅਵਤਾਰਾ।
ਇਹ ਕੂਕਾ ਪੰਥ ਨਿਆਰਾ।

ਪਹਿਨਣ ਗੋਡਿਆਂ ਤੀਕ ਕਛਹਿਰਾ ਸਿਰ ਸਿਧਾ ਦਸਤਾਰਾ।
ਖੁਲ੍ਹਾ ਦਾੜ੍ਹਾ ਸ਼ੀਸ਼ਿਆਂ ਵਾਂਗੂੰ ਆਕਰਸ਼ਕ ਦੀਦਾਰਾ।
ਹੱਥ ਵਿਚ ਗੜਵਾ ਮੋਢੇ ਡੋਰੀ, ਮੂੰਹ ਵਿਚ ਨਾਮ ਪਿਆਰਾ।
ਇਹ ਕੂਕਾ ਪੰਥ ਨਿਆਰਾ।

ਚੂੜੀਦਾਰ ਪਜਾਮੇ ਕੁਰਤੇ ਕਲੀਆਂ ਵਾਲੇ ਸੋਂਹਦੇ।
ਚਿੱਟ ਕੱਪੜੇ ਪਾ ਹੰਸਾਂ ਵਾਂਗੂੰ ਦਿਲ ਨੂੰ ਜਾਂਦੇ ਮੋਂਹਦੇ।
ਸੁਚ ਸੋਧ ਸੰਜਮ ਦੇ ਪਕੇ ਮੰਨੇ ਕੁਲ ਸੰਸਾਰਾ।
ਇਹ ਕੂਕਾ ਪੰਥ ਨਿਆਰਾ।

ਇਕ ਦੂਜੇ ਨੂੰ ਜੀ ਜੀ ਕਹਿ ਕੇ ਹਰ ਜੀ ਤਾਈਂ ਰੀਝਾਂਦੇ।
ਲੰਮੀ ਲੰਮੀ ਬਾਂਹ ਅਗਾਂਹ ਕਰ ਚਰਨਾਂ ਨੂੰ ਹੱਥ ਲਾਂਦੇ।
ਕਦੇ ਨਾ ਇਨ੍ਹਾਂ ਸਾਹਵੇਂ ਆਵੇ ਆਕੜ ਅਤੇ ਹੰਕਾਰਾ।
ਇਹ ਕੂਕਾ ਪੰਥ ਨਿਆਰਾ।

ਤੜਕੇ ਸ਼ਾਮੀ ਲਾਇ ਸਮਾਧੀ, ਮਾਲਾ ਤਾਈਂ ਭਵਾਉਂਦੇ।
ਦੋ ਘੜੀਆਂ ਲਈ ਇਸ ਜਗ ਉੱਤੇ ਸਤਿਜੁਗ ਮੋੜ ਲਿਆਉਂਦੇ।
ਪੱਛਮ ਦੇ ਫੈਸ਼ਨ ਤੋਂ ਕੋਰੇ ਵੰਡਦੇ ਪਿਆਰ ਭੰਡਾਰਾ।
ਇਹ ਕੂਕਾ ਪੰਥ ਨਿਆਰਾ।



Sri Satguru Jagjit Singh Ji eLibrary NamdhariElibrary@gmail.com

ਚਮਕੇ ਜਿਵੇਂ ਦੁਪਹਿਰੀਂ ਸੂਰਜ, ਰਾਤੀਂ ਚੰਨ ਤੇ ਤਾਰੇ।
ਤਿਉਂ ਇਨ੍ਹਾਂ ਦੀ ਸੋਭਾ 'ਦੀਪਕ' ਚਮਕ ਰਹੀ ਅੱਜ ਸਾਰੇ।
ਦਿਨ ਦੂਨਾ ਤੇ ਰਾਤ ਚੌਗੁਣਾ, ਵਧਦਾ ਜਾਏ ਪਸਾਰਾ।
ਇਹ ਕੂਕਾ ਪੰਥ ਨਿਆਰਾ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੮
੨੭ ਹਾੜ ਵੀਰਵਾਰ ਸੰ: ੨੦੨੦, ੧੧ ਜੁਲਾਈ ੧੯੬੩ ਈ:)**



Sri Satguru Jagjit Singh Ji eLibrary NamdhariElibrary@gmail.com

## ਲੋੜ ਹੈ

-ਪ੍ਰੀਤਮ ਸਿੰਘ ਕਵੀ

ਕਾਲੀ ਕਾਲੀ ਕਲੀ ਦੀ ਕਲੂਖਤ ਜਹੀ ਬਦਲੀ 'ਚੋਂ,
ਅੱਗ-ਅੰਗਿਆਰ ਨਿੱਤ ਝੜਨ ਕਰੋੜ ਏ।
ਨੀਤੀ ਦੇ ਨੁਮਾਇੰਦੇ ਅਨੀਤੀ ਵਿਚ ਆਏ ਐਸੇ,
ਐਟਮਾਂ ਦੀ ਪਰਸ ਪਰ ਲੱਗੀ ਹੋਈ ਹੋੜ ਏ।
ਕੀਕਰ ਤਬਾਹੀ ਸੰਸਾਰ ਦੀ ਪਲਾਂ 'ਚ ਹੋਵੇ,
ਸੋਚ ਰਿਹਾ ਅੱਜ ਵਿਗਿਆਨਕ ਨਚੋੜ ਏ।
ਐਸੇ ਸਮੇਂ ਸ੍ਰੀ ਸਤਿਗੁਰੂ ਗੁਰੂ ਰਾਮ ਸਿੰਘ,
ਠੰਢ ਪਾਣੇ ਤੇਰੇ ਪਿਆਰੇ ਦਰਸ਼ਨਾਂ ਦੀ ਲੋੜ ਏ।

ਦੇਸ਼ ਵਿਚ ਝੂਠ, ਛਲ, ਕਪਟ, ਪ੍ਰਧਾਨ ਹੋਏ,
ਵੱਢੀ, ਚੱਟੀ, ਚੋਰੀ ਡਾਕਾ ਹੋ ਗਿਆ ਬੇਜੋੜ ਏ।
ਘਰ ਘਰ ਵਿਚ ਅੱਗ ਈਰਖਾ ਦੀ ਲੱਗੀ ਹੋਈ,
ਮਨਾਂ ਅਤੇ ਤਨਾਂ ਦੀ ਅਸ਼ਾਂਤੀ ਵੀ ਅਮੋੜ ਏ।
ਮਾਂ-ਧੀ, ਪਿਉ ਪੁੱਤ, ਨਰ ਨਾਰ, ਵੀਰ ਭੈਣ,
ਮਾਇਆ ਨਾਲ ਬੱਝੇ ਸਾਕ ਵਿਚੋਂ ਡਾਢੀ ਖੋੜ ਏ।
ਰਾਜ ਸਰਕਾਰਾਂ ਟਕਸਾਲਾਂ ਕੁਲ ਕਲਹ ਦੀਆਂ,
ਸੱਚੀ ਸਰਕਾਰ, ਆ ਸੰਭਾਲ, ਡਾਢੀ ਲੋੜ ਏ।

ਪੰਜ-ਆਬ ਪੰਜੇ ਐਬਾਂ ਵਿਚ ਗਲਤਾਨ ਹੋਇਆ,
ਬਾਂਹੋਂ ਫੜ ਕੱਢ, ਦੁਖ ਮਾਨਸੀ ਤਰੋੜ ਏ।
ਗ੍ਰੰਥ ਜੀ ਦੇ ਪੰਥ 'ਚ ਨਫਾਕ ਦੀਆਂ ਜੜ੍ਹ ਲਗੀ,
ਪੁਟ ਦੇ ਸਮੂਲੋਂ, ਵਧ ਰਹੀ ਵਾਂਗ ਕੋੜ੍ਹ ਏ।
ਰੂਪ ਧਾਰ ਧਾਰ ਜੋ ਬਣਾਸੀ ਬਾਣੀ ਅਸਾਂ ਲਈ,
ਓਸਦੀ ਪਾਕੀਜ਼ਗੀ ਵੀ ਅੱਜ ਬਣੀ ਜੋੜ ਏ।
ਤੇਰੇ ਬਿਨਾ ਦੀਨਾ ਦਿਆਲ ਕੌਣ ਸਾਡਾ ਰੱਖਕ ਹੈ,
ਬਖਸ਼ਦੇ ਸੁਮੱਤ ਅਜ ਖਾਲਸੇ ਨੂੰ ਲੋੜ ਏ।



Sri Satguru Jagjit Singh Ji eLibrary NamdhariElibrary@gmail.com

ਪਿਆਰੇ ਨਾਮਧਾਰੀ ਵਾਰੀ ਵਾਰੀ ਜਾਵਾਂ ਲਖ ਵਾਰੀ,
ਪੰਥਕ ਕਿਆਰੀ ਤੇਰੀ ਅਸਲੋਂ ਬੇ ਜੋੜ ਏ।
ਸਿਧੇ ਦਸਤਾਰੇ ਦੀ ਨਿਆਰੀ ਸ਼ਾਨ ਉੱਚੀ ਰੱਖ,
ਨੀਵਾਂ ਮਨ ਰੱਖ, ਉਠ ਉਪਰ ਅਰੋੜ੍ਹ ਏ।
ਦਇਆ, ਖਿਮਾ, ਪਿਆਰ, ਸੇਵਾ, ਸੁਚ ਸਚ ਤੇਰਾ ਗਹਿਣਾ,
ਹੀਰਿਆ ਜੁਆਨੀ ਤੇਰੀ—ਹੁਕਮ ਅਮੋੜ ਏ।
ਸਭੋ ਕੁਝ ਠੀਕ, ਪਰ ਨਿਤ ਅਰਦਾਸ ਕਰ,
ਗੁਰੂ ਜਗ-ਜੀਤ, ਤੇਰੇ ਆਸਰੇ ਦੀ ਲੋੜ ਏ।

ਵੱਡਿਆਂ ਦੀ ਕੀਤੀ ਨੂੰ ਪੜੁਲ ਵਾਂਗ ਜਾਣ ਪਿਆਰੇ,
ਮਾਰ ਇਕ ਛਾਲ, ਲੰਘ ਅੱਗੇ, ਬੰਨ੍ਹ ਤੋੜ ਏ।
ਸੁਹਣਾ ਰਹਿਣਾ, ਸੁਹਣਾ ਕਹਿਣਾ, ਸਾਧੂਆਂ ਦੇ ਵਿਚ ਬਹਿਣਾ,
ਸੰਤਾਂ ਸਤਿਗੁਰਾਂ ਤੋਂ ਸੁ ਸਿਖਣਾ ਨਿਚੋੜ ਏ।
ਪੜ੍ਹ ਲਿਖ ਕੰਮ ਕਰ, ਵੱਡਿਆਂ ਤੋਂ ਵੱਡਾ ਬਣ,
ਕੌਣ ਤੈਨੂੰ ਰੋਕਦਾ ਏ ? ਏਥੇ ਕਾਹਦੀ ਥੋੜ ਏ ?
ਪਿਆਰ ਨਾਲ ਸਾਡੇ ਸਤਿਗੁਰੂ ਸਾਨੂੰ ਆਖਦੇ,
ਬਾਣੀ ਪੜ੍ਹ, ਨਾਮ ਜਪ ਏਹ ਵੀ ਮੁੱਖ ਲੋੜ ਏ।

ਉੱਚਾ ਸੁੱਚਾ ਨਾਮ ਨਾਮਧਾਰੀਆਂ ਦਾ ਕੀਕੂੰ ਰਹੇ,
ਇਹੋ ਜਹੇ ਵਿਚਾਰਾਂ ਨਾਲ ਹੱਲਣੇ ਦੀ ਲੋੜ ਏ।
ਔਕੜ ਜਿ ਬਣੇ ਦੇਸ਼, ਕੌਮ, ਨਾਮਧਾਰੀਆਂ ਤੇ,
ਓਸਦੇ ਲਈ ਕਸ਼ਟ ਵੀ ਤਾਂ ਝੱਲਣੇ ਦੀ ਲੋੜ ਏ।
ਸ੍ਰੀ ਸਤਿਗੁਰੂ ਜਗਜੀਤ ਸਿੰਘ ਆਖਣ ਜੁ,
ਉਹਨਾਂ ਦਾ ਵਾਕ ਨ ਉਥਲਣੇ ਦੀ ਲੋੜ ਏ।
ਬੱਚੇ ਹਾਂ, ਅੰਜਾਣ ਹਾਂ ਜੀ, ਖਿਮਾ ਕਰੋ ਸਤਿਗੁਰੋ,
ਕਰ ਅਰਦਾਸ, ਭੁਲ ਮੱਲਣੇ ਦੀ ਲੋੜ ਏ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੮**
**੩ ਸਾਵਣ ਵੀਰਵਾਰ ਸੰ: 2020, ੧੮ ਜੁਲਾਈ ੧੯੬੩ ਈ:)**



Sri Satguru Jagjit Singh Ji eLibrary NamdhariElibrary@gmail.com

## ਬਹਾ ਦੇ ਮਿਹਰ ਕੇ ਦਰਯਾ

**–ਸੰਤ ਦੁਆਰਕਾ ਸਿੰਘ ਜੀ (ਕੂਕਾ) ਦਿੱਲੀ**

ਲੁਟਾ ਦੇ, ਪਿਲਾ ਦੇ, ਖੋਲ ਦੋ ਦਰ ਆਪਣੀ ਰਹਿਮਤ ਕਾ,
ਕਿ ਤੂ ਸਾਕੀ ਬਨ ਕੇ ਹਮੇਂ ਪਿਲਾਨੇ ਆਇਆ ਹੈ।
ਰਾਮ, ਹਰੀ, ਪਰਤਾਪ ਕੀ ਅਜ਼ਮਤ ਤੂਹੀ ਤੋ ਹੈ,
ਤੂਹੀ 'ਜਗਜੀਤ' ਬਨ ਕਰ ਜਗਤ ਕੋ ਬਹਿਲਾਨੇ ਆਇਆ ਹੈ।

ਨ ਦੇਖ ਹਮਾਰੇ ਗੁਨਾਹੋਂ ਕੀ ਤਰਫ ਐ 'ਬੇਅੰਤ'
ਤੂ ਬਨ ਕਰ ਪਿਆਰ ਕੀ ਮੂਰਤ ਹਮੇਂ ਬਖਸ਼ਾਨੇ ਆਇਆ ਹੈ।
ਰਹਿਮਤ ਕੇ ਤਲਬਗਾਰ, ਤੇਰੇ ਕੂਚੇ ਪੇ ਬੈਠੇ ਹੈਂ,
ਬਹਾ ਦੇ ਮੇਹਰ ਕੇ ਦਰਯਾ, ਕਿ ਗ਼ਮ ਖਾਨੇ ਆਇਆ ਹੈ।

ਘਾਇਲ ਹੂੰ ਤੇਰੀ ਇਕ ਮਦ ਭਰੀ ਆਂਖੋਂ ਕਾ ਐ ਸਾਕੀ,
ਲਗਾ ਕਰ ਕੁਛ ਤੋ ਸੀਨੇ ਸੇ, ਜ਼ਰਾ ਜ਼ਖ਼ਮੋਂ ਕੋ ਭਰ ਹੀ ਦੋ।
ਤੇਰੇ ਦਰਬਾਰ ਮੇਂ ਔਰ ਰਹੇ ਨਾ ਜੁਸਤਜੂ ਕੋਈ,
ਫਿਕਤ ਇਤਨੀ ਸੀ ਕਿਰਪਾ ਮੇਹਰ ਕੀ, ਆਖਿਰ ਤੂ ਕਰ ਹੀ ਦੇ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੦**
**੧੦ ਵੈਸਾਖ ਵੀਰਵਾਰ ਸੰ: ੨੦੨੨, ੨੨ ਅਪ੍ਰੈਲ ੧੯੬੫ ਈ:)**



Sri Satguru Jagjit Singh Ji eLibrary NamdhariElibrary@gmail.com

## ਜੇ ਪਾਣਾ ਈ ਕੁਛ ਦੁਨੀਆਂ ਤੇ

**–ਸ੍ਰੀਮਤੀ ਬੀਬੀ ਲੀਲ੍ਹਾਵਤੀ ਜੀ ਦਿੱਲੀ**

ਜੇ ਪਾਣਾ ਈ ਕੁਛ ਦੁਨੀਆਂ ਤੇ ਇਸ ਦਰ ਤੇ ਆ ਕੇ ਵੇਖ।
ਅੱਖੀਆਂ ਵਿਚ ਸਤਿਗੁਰੂ ਪਿਆਰੇ ਦੀ ਤਸਵੀਰ ਵਸਾ ਕੇ ਵੇਖ।
ਬਿਗੜੀ ਹੋਈ ਕਿਸਮਤ ਬਣਨੇ ਨੂੰ ਇਕ ਪਲ ਵੀ ਨਹੀਂ ਲੱਗਦਾ,
ਜਗਜੀਤ ਦੇ ਚਰਨਾਂ ਦੀ ਧੂੜੀ ਮਸਤਕ ਤੇ ਲਾ ਕੇ ਵੇਖ।
ਮਿੱਟੀ ਵਿਚ ਮਿਲ ਕੇ ਦਾਣੇ ਨੂੰ ਜ਼ਿੰਦਗੀ ਮਿਲ ਜਾਂਦੀ ਏ,
ਤੂੰ ਦਾਣੇ ਵਾਂਗੂੰ ਹਸਤੀ ਨੂੰ ਗੁਰੂ ਗੋਰ ਸਮਾ ਕੇ ਵੇਖ।

ਮੁਰਦਾ ਹੋਇ ਮੁਰੀਦ ਤਾਂ ਗੁਰੂ ਗੋਰ ਸਮਾਵੇ,
ਇਹ ਤਾਰਨ ਆਏ ਸ੍ਰਿਸ਼ਟੀ ਨੂੰ ਤੂੰ ਵੀ ਤਰ ਜਾਵੇਂਗਾ,
ਇਕ ਵਾਰ ਤੂੰ ਆਪਣੇ ਕੰਨਾਂ ਨੂੰ ਇਹਦਾ ਮੰਤ੍ਰ ਸੁਣਾ ਕੇ ਵੇਖ।
ਇਹ ਦੈਤੋਂ ਦੇਵ ਬਣਾ ਦੇਵੇ ਨਿਜ ਸ਼ਰਨੀ ਆਇਆਂ ਨੂੰ,
ਤੂੰ ਮਨ ਕਰਕੇ ਨਾਲੇ ਤਨ ਕਰਕੇ ਇਹਦੀ ਸ਼ਰਨੀ ਆਇਆਂ ਨੂੰ।
ਤੂੰ ਮਨ ਕਰਕੇ ਨਾਲੇ ਤਨ ਕਰਕੇ ਇਹਦੀ ਸ਼ਰਨੀ ਆ ਕੇ ਵੇਖ।

ਇਹ ਅਕ ਤੋਂ ਰਦਨ ਬੂਰ ਕਰੇ, ਇਹ ਲੋਹਿਓ ਕੰਚਨ ਨੂਰ ਕਰੇ।
ਇਹ ਸਖਣੇ ਭਾਂਡੇ ਪੂਰ ਕਰੇ, ਜ਼ਰਾ ਸੁਰਤ ਟਿਕਾ ਕੇ ਵੇਖ।
ਇਹਦਾ ਦਿਲ ਡਾਢਾ ਕੋਮਲ ਹੈ ਮੇਹਰਾਂ ਵਿਚ ਆ ਜਾਏਗਾ,
ਤੂੰ ਪਰੇਮ ਦਾ ਆਸੂ ਅੱਖੀਆਂ 'ਚੋਂ ਇਕ ਵਾਰ ਬਹਾ ਕੇ ਵੇਖ।
ਇਹ ਵਡ ਪ੍ਰਤਾਪੀ ਦਾ ਲਾਲ ਹੈ, ਭੂਪਿੰਦ੍ਰ ਦਾ ਗੋਪਾਲ ਹੈ,
ਇਹ ਗਊਆਂ ਦਾ ਰਛਪਾਲ ਹੈ ਜੀਵਨ ਨਗਰ ਜਾ ਕੇ ਵੇਖ।
ਚੰਦ ਕੌਰ ਦਲੀਪ ਪਈਆਂ ਦੁੱਧ ਵੰਡਣ ਤੂੰ ਆ ਕੇ ਪੀ ਕੇ ਵੇਖ।

ਚਿਰ ਤੋਂ ਰੁਠੀ ਹੋਈ ਤਕਦੀਰ ਤੇਰੀ ਆਪੇ ਹੀ ਮੰਨ ਜਾਏਗੀ,
ਜਗਜੀਤ ਪਿਆਰੇ ਪ੍ਰੀਤਮ ਨੂੰ ਇਕ ਵਾਰ ਮਨਾ ਕੇ ਵੇਖ।
ਸੋਭਾ ਸੁਣ ਕੇ ਲੀਲਾ ਆਈ ਤੇਰੇ ਉਚੇ ਦਵਾਰੇ ਤੇ।
ਮਹਿਮਾ ਸੁਣ ਕੇ ਸੰਗਤ ਆਈ ਤੇਰੇ ਖੁਲੇ ਭੰਡਾਰੇ ਤੇ।
ਫੜ ਬਾਂਹ ਮੇਰੀ ਕਦ ਭਵਜਲ ਤੋਂ ਤੇ ਪਾਰ ਲੰਘਾ ਕੇ ਵੇਖ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੦**
**੨੨ ਅੱਸੂ ਵੀਰਵਾਰ ਸੰ: ੨੦੨੨, ੭ ਅਕਤੂਬਰ ੧੯੬੫ ਈ:)**



Sri Satguru Jagjit Singh Ji eLibrary NamdhariElibrary@gmail.com

## ਐਸੇ ਸਤਿਗੁਰੂ

–ਬਿਸ਼ਨ ਸਿੰਘ ਜੋਸ਼

ਮੇਰੇ ਪਿਆਰੇ, ਦਿਲ ਦੇ ਸਹਾਰੇ, ਵਾਰੇ ਜਾਵਾਂ ਥਾਰੇ,
ਨਿਆਰੇ ਨਿਆਰੇ ਦਰਸ਼ਨਾਂ ਤੋਂ ਸਦਾ ਬਲਿਹਾਰੇ ਮੈਂ।
ਸਾਰੇ ਹਾਰੇ ਹਾਰੇ ਜਿਹੜੇ ਲੈਣ ਨ ਦੀਦਾਰੇ ਤੇਰੇ,
ਕਾਰੇ ਕਰ ਕਰ ਵੇਖੇ ਹੁੰਦੇ ਦੁਖਿਆਰੇ ਮੈਂ।

ਭਾਰੇ ਭਾਰੇ ਪਾਪੀ ਤੇ ਸਰਾਪੀ ਜਦੋਂ ਸ਼ਰਨ ਆਉਣ,
ਠਾਰੇ ਜਾਣ ਸੜੇ ਸਾੜੇ ਤਕੇ ਨੇ ਨਜ਼ਾਰੇ ਮੈਂ।
ਪੂਜ ਸਤਿਕਾਰੋ, ਦੁਖ ਟਾਰੇ ਨਾਮ ਜਿਨ੍ਹਾਂ ਵਾਲਾ,
ਐਸੇ ਜਗਜੀਤ ਸਤਿਗੁਰੂ ਜੀ ਤੋਂ ਵਾਰੇ ਮੈਂ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੦
੨੨ ਅੱਸੂ ਵੀਰਵਾਰ ਸੰ: ੨੦੨੨, ੭ ਅਕਤੂਬਰ ੧੯੬੫ ਈ:)



Sri Satguru Jagjit Singh Ji eLibrary NamdhariElibrary@gmail.com

## ਜਗਜੀਤ ਦੀਆਂ ਮੁਸਕਾਨਾਂ ਦਾ

–ਸ੍ਰੀ ਰਣਧੀਰ ਸਿੰਘ ਜੀ 'ਤੀਰ'

ਦੁੱਖ ਟੁੱਟਣ, ਜੇ ਮੁਖ ਤੇਰੇ ਦਾ ਦਰਸ ਕਰੇ।
ਦਿਲ ਖਿੜਦਾ ਤੇ ਦੁਨਿਆਵੀ ਪੀੜਾਂ ਪਰੇ ਪਰੇ।
ਸਿਰ ਨਿਉਂਦਾ ਏਥੇ ਰਿਸ਼ੀ ਮੁਨੀ ਸੁਲਤਾਨਾਂ ਦਾ।
ਹਰ ਆਸ਼ਕ ਹੈ ਜਗਜੀਤ ਦੀਆਂ ਮੁਸਕਾਨਾਂ ਦਾ।

ਮਨ ਸ਼ਾਂਤ ਅਡੋਲ ਤੇ ਮੁਖੜਾ ਫੁੱਲ ਗੁਲਾਬ ਦਾ।
ਚਰਨਾਂ ਨਜ਼ਦੀਕ ਨਜ਼ਾਰਾ ਅਸਲ ਸ਼ਬਾਬ ਦਾ।
ਰਾਖਾ ਦਰ ਤੇਰਾ ਇਕ, ਗਿਰੇ ਇਨਸਾਨਾਂ ਦਾ।
ਹਰ ਆਸ਼ਕ ਹੈ ਜਗਜੀਤ ਦੀਆਂ ਮੁਸਕਾਨਾਂ ਦਾ।

ਤੂੰ ਜਿਧਰ ਫੇਰੇਂ ਚਿਹਰਾ ਮਹਿਕ ਬਹਾਰਾਂ ਦੀ।
ਵਰਖਾ ਨਾ ਹੋਵੇ ਬੰਦ ਖੁਸ਼ੀ ਦੇ ਹਾਰਾਂ ਦੀ।
ਕੀ ਹਾਲ ਲਿਖਾਂ 'ਬੇਅੰਤ' ਤੇਰੀਆਂ ਸ਼ਾਨਾਂ ਦਾ।
ਹਰ ਆਸ਼ਕ ਹੈ ਜਗਜੀਤ ਦੀਆਂ ਮੁਸਕਾਨਾਂ ਦਾ।

ਠੰਡ ਪੈਂਦੀ ਸੰਗਤ ਨੂੰ ਪਾਵੇਂ ਚਰਨ ਜਦੋਂ।
ਦਿਨ ਚੜਦਾ ਪੂਰਬ 'ਚੋਂ ਲਿਸ਼ਕਾਂ ਮਸਤਾਨ ਗੜੋਂ।
ਡੇਰੇ ਲਾ ਘਗਰ ਤੇ ਬਣਿਆ ਵੀਰ ਕਿਸਾਨਾਂ ਦਾ।
ਹਾਂ ਆਸ਼ਕ ਹੈ ਜਗਜੀਤ ਦੀਆਂ ਮੁਸਕਾਨਾਂ ਦਾ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੫**
**੨੩ ਅੱਸੂ ਵੀਰਵਾਰ ਸੰ: ੨੦੨੭, ੮ ਅਕਤੂਬਰ ੧੯੭੦ ਈ:)**



Sri Satguru Jagjit Singh Ji eLibrary NamdhariElibrary@gmail.com

## ਜਗਜੀਤ ਪਿਆਰਾ

–ਹਰਭਜਨ ਸਿੰਘ 'ਪ੍ਰਵਾਨਾ'

ਜਗਜੀਤ ਪਿਆਰਾ ਸਾਡੇ ਦਿਲਾਂ ਦਾ ਸਹਾਰਾ
ਅਖੀਆਂ 'ਚ ਵੱਸੇ ਸਦਾ ਏਸਦਾ ਨਜ਼ਾਰਾ। ਜਗਜੀਤ ਪਿਆਰਾ...

ਖਿਮਾਂ ਸੁਚ ਸ਼ੀਲਤਾ ਤੇ ਮਧੁਰਤਾ ਦਾ ਸੋਮਾ ਏ
ਮੋਹਣੀ ਤਸਵੀਰ ਪੋਂਹਦੀ ਏਸ ਨੂੰ ਨਾ ਹਉਮਾ ਏ
ਮਾਨਵ ਹਿਤੈਸ਼ੀ ਕੌਮਾਂ ਰੌਸ਼ਨ ਸਿਤਾਰਾ। ਅੱਖੀਆਂ 'ਚ...

ਇਹਦੇ ਸਾਹਵੇਂ ਤੇਜ ਫਿਕਾ ਜਾਪੇ ਭਾਨ ਦਾ
ਸੂਰਤ ਲਾਸਾਨੀ ਪੀੜਾਂ ਦਿਲਾਂ ਦੀ ਪਛਾਣਦਾ
ਵਿਆਪਕ ਵਿਸ਼ਾਲ ਤੇ ਉਦਾਰ ਚਿਤ ਭਾਰਾ। ਅੱਖੀਆਂ 'ਚ...

ਇਹਦੇ ਦਿਲ ਤੜਪ ਹੈ ਸਾਂਝ ਸਤਿਕਾਰਾਂ ਦੀ
ਸਾਗਰੋਂ ਗੰਭੀਰ ਧੀਰ ਸਭ ਦੁਖਿਆਰਾਂ ਦੀ।
ਦ੍ਰਿੜ ਵਿਸ਼ਵਾਸੀ ਪਾਂਧੀ ਜਗ ਤੋਂ ਨਿਆਰਾ। ਅੱਖੀਆਂ 'ਚ...

ਇਹਨੇ ਬੀੜਾ ਚੁੱਕਿਆ ਹੈ ਜੀਵ ਕਲਿਆਣ ਦਾ
ਮਿਹਰਮੰਤ ਦਾ ਛੱਟਾ ਦੇ ਕੇ ਨਾਮ ਜਪਾਣ ਦਾ
ਅਮਨ ਸੈਨਾਨੀ ਜਿਨੂੰ ਨਾਮ ਦਾ ਅਧਾਰਾ। ਅੱਖੀਆਂ 'ਚ...

ਇਹੋ ਅਰਦਾਸ ਮੇਰੀ ਤੇਰੇ ਦਰ ਸਵਾਮੀਆ।
ਤੇਰਾ ਅਖਵਾਨਾ ਕਢ ਦਿਲੋਂ ਸਭ ਖਾਮੀਆਂ।
ਕਰ ਭਵਜਲ ਤੋਂ ਪਾਰ ਖੋਲ ਬਖਸ਼ਸ਼ ਭੰਡਾਰਾ। ਅੱਖੀਆਂ 'ਚ...

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੫
੨੫ ਮਘਰ ਵੀਰਵਾਰ ਸੰ: ੨੦੨੭, ੧੦ ਦਸੰਬਰ ੧੯੭੦ ਈ:)



Sri Satguru Jagjit Singh Ji eLibrary NamdhariElibrary@gmail.com

## ਰੋਗ ਸੋਗ ਦੂਰ ਹੋਵੇ ਸਭ ਸੰਸਾਰ ਦਾ

–ਸੰਤ ਸਰਧਾ ਸਿੰਘ ਜੀ ਨਿਮਾਣਾ ਕਰੀਵਾਲਾ

ਹੋ ਰਹੇ ਸਵਾ ਲੱਖ ਪਾਠ ਗੁਰੂ ਘਰ ਵਿਚ,
ਹਿੱਸਾ ਪਾਵੋ ਸਾਰੇ ਖਹਿੜਾ ਛੱਡੋ ਕੰਮ ਕਾਰ ਦਾ।
ਕਈ ਹਿੱਸੇ ਹੋਏ ਪਾਠ ਥੋੜ੍ਹੇ ਪਾਠ ਬਾਕੀ ਰਹਿੰਦੇ,
ਕਰੋ ਹੀਲਾ ਹੁਕਮ ਮੰਨੋ ਸੱਚੀ ਸਰਕਾਰ ਦਾ।
ਆਵੋ ਭੈਣੀ ਸਾਹਿਬ ਛੱਡ ਸਾਰਿਆਂ ਰੁਝੇਵਿਆਂ ਨੂੰ,
ਗੁਰੂ ਜਗਜੀਤ ਸਿੰਘ ਸਭ ਨੂੰ ਪੁਕਾਰ ਦਾ।

ਦੇਰ ਨਾ ਲਗਾਵੋ ਆਵੋ ਛੇਤੀ ਪਾਠ ਪੂਰੇ ਕਰੋ,
ਆਇਆ ਸਮਾਂ ਨੇੜੇ ਹੁਣ ਗੁਰੂ ਦੇ ਦੀਦਾਰ ਦਾ।
ਸਤਿਗੁਰੂ ਰਾਮ ਸਿੰਘ ਦੇਣਗੇ ਦੀਦਾਰ ਆ ਕੇ,
ਨੇੜੇ ਕੰਢਾ ਦਿਸਦਾ ਏ ਸਿਦਕੀਆਂ ਲਈ ਪਾਰ ਦਾ।
ਤਨ ਮਨ ਧਨ ਨਾਲ ਜਿਨ੍ਹਾ ਜਿਨ੍ਹਾ ਸੇਵਾ ਕੀਤੀ,
ਉਨ੍ਹਾ ਉਨ੍ਹਾ ਭਲਾ ਕੀਤਾ ਸਾਰੇ ਪ੍ਰਵਾਰ ਦਾ।

ਜਿਨ੍ਹਾ ਅਜੇ ਹਿੱਸਾ ਨਹੀਂ ਪਾਇਆ ਹੁੰਦੇ ਪਾਠਾਂ ਵਿਚ,
ਉਨ੍ਹਾ ਲਈ ਘਾਟਾ ਹੈ ਜਨਮ ਵਪਾਰ ਦਾ।
ਪਛੋਤਾਵਾ ਫੇਰ ਲੱਗੇ ਹੋਣ ਜਦੋਂ ਪਾਠ ਪੂਰੇ,
ਫੇਰ ਸਮਾਂ ਲੱਭਣਾ ਨਹੀਂ ਗੁਰੂ ਕੇ ਵਿਹਾਰ ਦਾ।
ਇਹ ਕੰਮ ਸਤਿਗੁਰਾਂ ਦਾ ਸਤਿਗੁਰਾਂ ਨੇ ਕਰ ਲੈਣਾ,
ਬਾਦ ਪਤਾ ਲੱਗੇ ਕੀਤੀ ਭੁੱਲ ਕੇ ਵਿਚਾਰ ਦਾ।



Sri Satguru Jagjit Singh Ji eLibrary NamdhariElibrary@gmail.com

ਵੇਲਾ ਨਾ ਖੁੰਝਾਵੋ ਛੇਤੀ ਆ ਕੇ ਕਰੋ ਪਾਠ,
ਫ਼ਰਜ਼ ਕਰੋ ਪੂਰਾ ਗੁਰੂਮਤ ਪਰਚਾਰ ਦਾ।
ਛਡ ਕੇ ਪ੍ਰਦੇਸ ਦੇਣਗੇ ਨਿਮਾਣਿਆਂ ਨੂੰ,
ਵਾਕ ਪੂਰਾ ਹੋਵੇ ਕਿਤੇ ਸ਼ੁਭ ਇਕਰਾਰ ਦਾ।
ਸਤਿਜੁਗ ਲੱਗੇ ਸਾਰਾ ਦੇਸ਼ ਖ਼ੁਸ਼ਹਾਲ ਹੋਵੇ,
ਰੋਗ ਸੋਗ ਦੂਰ ਹੋਵੇ ਸਭ ਸੰਸਾਰ ਦਾ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੬੨
੨੦ ਜੇਠ ਵੀਰਵਾਰ ਸੰ: ੨੦੩੪, ੨ ਜੂਨ ੧੯੭੭ ਈ:)



Sri Satguru Jagjit Singh Ji eLibrary NamdhariElibrary@gmail.com

## ਤੇਰੇ ਚਰਨਾਂ ਨਾਲ ਪਿਆਰ ਹੋਵੇ

–ਜਗੀਰ ਕੌਰ ਸੰਧੂ

ਮੇਰੇ ਸਤਿਗੁਰੂ ਸ੍ਰੀ ਜਗਜੀਤ ਮੇਰਾ,
ਤੇਰੇ ਚਰਨਾਂ ਨਾਲ ਪਿਆਰ ਹੋਵੇ।
ਮੇਰੀ ਦਰਸ ਪਿਆਸੀ ਅੱਖੀਆਂ ਨੂੰ,
ਛਿਣ-ਛਿਣ ਪਲ-ਪਲ ਦੀਦਾਰ ਹੋਵੇ।

ਤੂੰ ਰੱਬ ਏਂ ਰਬਤਾ ਤੇਰੀ ਏ,
ਰੱਬ ਤੂੰ ਵਿਚ ਤੂੰ ਰੱਬ ਵਿਚ ਵਸਦਾ।
ਕੁਦਰਤ ਨੂੰ ਮਹਿਕਾਂ ਤੂੰ ਦੇਵੇਂ,
ਫੁੱਲਾਂ ਵਿਚ ਖਿੜ ਖਿੜ ਤੂੰ ਹਸਦਾ।

ਉਹ ਕਿਉਂ ਨ ਮਸਤ ਰਹੇ ਹਰਦਮ,
ਜਿਦਾ ਐਸਾ ਕ੍ਰਿਸ਼ਨ ਮੁਰਾਰ ਹੋਵੇ।
ਮੇਰੇ ਸਤਿਗੁਰੂ ਸ੍ਰੀ ਜਗਜੀਤ ਮੇਰਾ,
ਤੇਰੇ ਚਰਨਾਂ ਨਾਲ ਪਿਆਰ ਹੋਵੇ।

ਤੇਰੇ ਚੰਨ ਜਿਹੇ ਨੂਰੀ ਮੁਖੜੇ ਤੋਂ,
ਮਿਹਰਾਂ ਹੀ ਮਿਹਰਾਂ ਝਲਕ ਰਹੀਆਂ।
ਤੇਰੇ ਸੁਣ ਕੇ ਮਿਠੜੇ ਬੋਲ ਪੀਆ,
ਵਿਚ ਪਿਆਰ ਦੇ ਅੱਖੀਆਂ ਛਲਕ ਰਹੀਆਂ।

ਉਹ ਜਗ ਵਿਚ ਰਬ ਤੋਂ ਕੀ ਲੋੜੇ,
ਜਿਦ੍ਹਾ ਏਦਾਂ ਦਾ ਦਿਲਦਾਰ ਹੋਵੇ।
ਮੇਰੇ ਸਤਿਗੁਰੂ ਸ੍ਰੀ ਜਗਜੀਤ ਮੇਰਾ,
ਤੇਰੇ ਚਰਨਾਂ ਨਾਲ ਪਿਆਰ ਹੋਵੇ।

ਤੂੰ ਗਊ ਗਰੀਬ ਦਾ ਰਾਖਾ ਏਂ,
ਤੂੰ ਕੁਲ ਦੁਨੀਆਂ ਦਾ ਮਾਲਕ ਏਂ।
ਤੇਰੇ ਦਰ ਤੇ ਡੇਰਾ ਦੁਖੀਆਂ ਦਾ,
ਤੂੰ ਦੀਨਾਂ ਦਾ ਪ੍ਰਿਤ ਪਾਲਿਕ ਏਂ।



Sri Satguru Jagjit Singh Ji eLibrary NamdhariElibrary@gmail.com

ਡਿਠਾ ਨਾ ਸਾਰੀ ਸ੍ਰਿਸ਼ਟੀ ਤੇ,
ਜਿਦ੍ਹਾ ਖੁਲਾ ਸਦਾ ਭੰਡਾਰ ਹੋਵੇ।
ਮੇਰੇ ਸਤਿਗੁਰੂ ਸ੍ਰੀ ਜਗਜੀਤ ਮੇਰਾ
ਤੇਰੇ ਚਰਨਾਂ ਨਾਲ ਪਿਆਰ ਹੋਵੇ।

ਤੂੰ ਜੋਤ ਇਲਾਹੀ ਜਗ ਜਾਣੇ,
ਤੂੰ ਅਰਸ਼ ਫਰਸ਼ ਦਾ ਵਾਲੀ ਏਂ।
ਹਰ ਕਣ ਕਣ ਵਿਚ ਮੁਸਕਾਨ ਤੇਰੀ,
ਤੂੰ ਸਿਖੀ ਬਾਗ ਦਾ ਮਾਲੀ ਏਂ।

ਰਹਿਮਤ ਦਾ ਖੋਲ੍ਹ ਭੰਡਾਰ ਦੇਵੋਂ,
ਸਾਡਾ ਵੀ ਬੇੜਾ ਪਾਰ ਹੋਵੇ।
ਮੇਰੇ ਸਤਿਗੁਰੂ ਸ੍ਰੀ ਜਗਜੀਤ ਮੇਰਾ,
ਤੇਰੇ ਚਰਨਾਂ ਨਾਲ ਪਿਆਰ ਹੋਵੇ।

ਮੇਰੀ ਦਰਸ ਪਿਆਸੀ ਅੱਖੀਆਂ ਨੂੰ,
ਛਿਣ ਛਿਣ ਪਲ ਪਲ ਦੀਦਾਰ ਹੋਵੇ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੬੪
੨੩ ਕਤਕ ਵੀਰਵਾਰ ਸੰ: ੨੦੩੬, ੮ ਨਵੰਬਰ ੧੯੭੯ ਈ:)**



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ ਸਾਡਾ

ਬਲਬੀਰ ਸਿੰਘ ਢਿੱਲੋਂ

### ਸਿੱਠਣੀਆਂ

ਸਾਡੇ ਤੇ ਕੋਠੇ ਉੱਤੇ ਕਪੜਾ ਬੁਣੀਦਾ,
ਗੁਰੂ ਤੇ ਸਾਡਾ ਬੜਾ ਉੱਚਾ ਸੁਣੀਦਾ,
ਬਚਨਾਂ ਦਾ ਪੂਰਾ ਅਤੇ ਸੁੱਚਾ ਸੁਣੀਦਾ,
ਦਰਸ਼ਨ ਕਰੀਏ ਜੀ, ਜੀ ਸੰਗਤੇ,
ਭਵਜਲ ਤਰੀਏ ਜੀ।

ਵਿਹੜੇ ਦੇ ਵਿਚ ਅਸਾਂ ਜੋਤ ਜਗਾਈ ਏ।
ਗੁਰੂ ਤੇ ਸਾਡੇ ਦੀ ਵੱਡੀ ਵਡਿਆਈ ਏ।
ਉਹਦੇ ਦਰ ਆ ਕੇ ਮਿਟਦੀ ਤਾਤ ਪਰਾਈ ਏ।
ਬੰਦਨਾ ਕਰੀਏ ਜੀ, ਜੀ ਸੰਗਤੇ,
ਧੰਨ ਧੰਨ ਕਰੀਏ ਜੀ।

ਵਿਹੜੇ ਦੇ ਵਿਚ ਅਸਾਂ ਬੀਜੀ ਕਿਆਰੀ ਏ,
ਗੁਰੂ ਤੇ ਸਾਡਾ ਬੜਾ ਪਰਉਪਕਾਰੀ ਏ,
ਦੇ ਕੇ ਉਪਦੇਸ਼ ਸਾਡੀ ਜੂਨ ਸਵਾਰੀ ਏ,
ਜੂਨਾਂ ਤੋਂ ਡਰੀਏ ਜੀ, ਜੀ ਸੰਗਤੇ।
ਰੱਬ ਰੱਬ ਕਰੀਏ ਜੀ।

ਸਾਡੇ ਤੇ ਬਾਗਾਂ ਵਿਚ ਬੂਟਾ ਅਨਾਰ ਦਾ,
ਸਾਡਾ ਤੇ ਗੁਰੂ ਸਦਾ ਡੁੱਬਿਆਂ ਨੂੰ ਤਾਰਦਾ,
ਇੱਜ਼ਤ ਤੇ ਮਾਣ ਬਖ਼ਸ਼ਦਾ, ਹਉਮੈਂ ਨੂੰ ਮਾਰਦਾ,
ਚਰਨੀਂ ਸਿਰ ਧਰੀਏ ਜੀ, ਜੀ ਸੰਗਤੇ,
ਦੁੱਖੜੇ ਹਰੀਏ ਜੀ।



Sri Satguru Jagjit Singh Ji eLibrary NamdhariElibrary@gmail.com

ਸਾਡੇ ਤੇ ਬਾਗ਼ਾਂ ਵਿਚ ਬੋਲਦਾ ਮੋਰ ਏ,
ਗੁਰੂ ਜਗਜੀਤ ਸਾਡਾ ਕੋਈ ਨਾ ਹੋਰ ਏ,
ਓਸ ਨਾਲ ਬੱਝੀ ਸਾਡੇ ਜੀਵਨ ਦੀ ਡੋਰ ਏ।
ਗੱਲਾਂ ਵੀ ਕਰੀਏ, ਜੀ ਸੰਗਤੇ।
ਦਰਸ਼ਨ ਵੀ ਕਰੀਏ ਜੀ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੧
੧੭ ਜੇਠ ਵੀਰਵਾਰ ਸੰ: ੨੦੫੩, ੩੦ ਮਈ ੧੯੯੬ ਈ:)



Sri Satguru Jagjit Singh Ji eLibrary NamdhariElibrary@gmail.com

## ਧੰਨ ਸਤਿਗੁਰ ਜਗਜੀਤ ਪਿਆਰਾ

-ਜੁਗਿੰਦਰ ਸਿੰਘ ਮੁਕਤਾ

ਧੰਨ ਸਤਿਗੁਰ ਜਗਜੀਤ ਪਿਆਰਾ ਸੋਮਾ ਪਰਉਪਕਾਰ ਦਾ।
ਪਾਈ ਜਾਂਦਾ ਠੰਢ ਸੀਨੇ ਵਿਚ ਤਪੇ ਦਿਲਾਂ ਨੂੰ ਠਾਰਦਾ।
ਮਨ ਮੋਹਣੀ ਸੋਹਣੀ ਜਹੀ ਸੂਰਤ ਜਿਸ ਦੀ ਡਲਕ ਨੂਰਾਨੀ।
ਸੀਤਲ ਸੋਮਾ ਸ਼ਾਂਤੀ ਸਾਗਰ ਸਾਜਣਨੜਾ ਦਿਲ ਜਾਨੀ।
ਨਾਮ ਜਪਾ ਕੇ ਭਵਸਾਗਰ ਚੋਂ ਡੁੱਬਦੇ ਬੇੜੇ ਤਾਰਦਾ।
ਧੰਨ ਸਤਿਗੁਰ ਜਗਜੀਤ ਪਿਆਰਾ ਸੋਮਾ ਪਰਉਪਕਾਰ ਦਾ।

ਵਿਸ਼ਵ ਨੂਰ ਮਨ ਭਾਣਾ ਮਾਹੀ ਭਰਮ ਮਿਟਾਵੇ ਦਿਲ ਦਾ।
ਇਹਦੀ ਰਹਿਮਤ ਬਖ਼ਸ਼ਿਸ਼ ਵਿਚੋਂ ਚੈਨ ਦਿਲਾਂ ਨੂੰ ਮਿਲਦਾ।
ਜਨਮ ਜਨਮ ਦੀ ਮੈਲ ਗਵਾਵੇ ਦਰਸ ਇਹਦਾ ਇਕ ਵਾਰ ਦਾ।
ਪਾਈ ਜਾਂਦਾ ਠੰਢ ਸੀਨੇ ਵਿਚ ਤਪੇ ਦਿਲਾਂ ਨੂੰ ਠਾਰਦਾ।
ਧੰਨ ਸਤਿਗੁਰ ਜਗਜੀਤ ਪਿਆਰਾ ਸੋਮਾ ਪਰਉਪਕਾਰ ਦਾ।

ਇਕ ਮੁਸਕਾਨ ਨੂਰਾਨੀ ਮੁੱਖ ਦੀ ਲੱਖਾਂ ਹੋਣੀਆਂ ਟਾਲੇ।
ਜਗ ਜਿੱਤਦੇ ਤੇ ਮਸਤੀ ਵੰਡਦੇ ਮਸਤ ਨੈਣ ਮਤਵਾਲੇ।
ਨੂਰੋ ਨੂਰ ਸਰੂਰ ਬਖਸ਼ਦਾ ਜਲਵਾ ਇਹਦੇ ਦੀਦਾਰ ਦਾ।
ਪਾਈ ਜਾਂਦਾ ਠੰਢ ਸੀਨੇ ਵਿਚ ਤਪੇ ਦਿਲਾਂ ਨੂੰ ਠਾਰਦਾ।
ਧੰਨ ਸਤਿਗੁਰੂ ਜਗਜੀਤ ਪਿਆਰਾ ਸੋਮਾ ਪਰਉਪਕਾਰ ਦਾ।

ਪਲਟ ਦੇਇ ਇਨਸਾਨ ਦੀ ਕਾਇਆ ਖਾਕ ਉਸਦੇ ਦਰ ਦੀ।
ਇਸ ਦੇ ਦਰ 'ਤੇ ਰੁਲੇ ਨਾ ਹਸਰਤ ਖਾਲੀ ਝੋਲੀ ਭਰਦੀ।
'ਮੁਕਤਾ' ਜਸ ਗਾਉਂਦਾ ਜੱਗ ਸਾਰਾ ਇਹਦੇ ਉਚ ਕਿਰਦਾਰ ਦਾ।
ਪਾਈ ਜਾਂਦਾ ਠੰਢ ਸੀਨੇ ਵਿਚ ਤਪੇ ਦਿਲਾਂ ਨੂੰ ਠਾਰਦਾ।
ਧੰਨ ਸਤਿਗੁਰ ਜਗਜੀਤ ਪਿਆਰਾ ਸੋਮਾ ਪਰਉਪਕਾਰ ਦਾ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੧
੨ ਕਤਕ ਵੀਰਵਾਰ ਸੰ: ੨੦੫੩, ੧੭ ਅਕਤੂਬਰ ੧੯੯੬ ਈ:)



Sri Satguru Jagjit Singh Ji eLibrary NamdhariElibrary@gmail.com

## ਬਾਰ ਬਾਰ ਸਜਦੇ ਕਰਾਂ

-ਸਰਵਜੀਤ ਸਿੰਘ ਭੂੰਤਰ

ਬਾਰ ਬਾਰ ਸਜ਼ਦੇ ਕਰਾਂ, ਨਾਲੇ ਗੁਰੂ ਨੂੰ ਸੀਸ ਝੁਕਾਵਾਂ।
ਆਪਣੀ ਮੈਂ ਜਿੰਦੜੀ ਨੂੰ ਜਗਜੀਤ ਗੁਰੂ ਤੋਂ ਘੋਲ ਘੁਮਾਵਾਂ।
ਪੁੱਠੇ ਲੇਖ ਸਿੱਧੇ ਹੋ ਗਏ, ਜਦੋਂ ਚਲ ਕੇ ਸੰਗਤ 'ਚ ਆਇਆ।
ਲੋਹਾ ਝਟ ਸੋਨਾ ਹੋ ਗਿਆ, ਜਦੋਂ ਪਾਰਸ ਦੇ ਨਾਲ ਲਗਾਇਆ।
ਜਨਮਾਂ ਦੇ ਰੋਣੇ ਮੁੱਕ ਗਏ ਅਤੇ ਲੱਥੀਆਂ ਸਿਰ ਤੋਂ ਬਲਾਵਾਂ।
ਬਾਰ ਬਾਰ ਸਜਦੇ ਕਰਾਂ...

ਕੱਖਾਂ ਤੋਂ ਲੱਖਾਂ ਬਣ ਗਏ ਅਤੇ ਲੱਖਾਂ ਦੇ ਭਾਗ ਜਗਾਏ।
ਤੇਰੇ ਦਰ ਜੋ ਵੀ ਆ ਗਿਆ, ਖ਼ਾਲੀ ਏਥੋਂ ਨਾ ਉਹ ਜਾਏ।
ਤਨ ਮਨ ਠਰ ਜਾਂਵਦਾ ਜਦੋਂ ਚੱਲ ਕੇ ਗੁਰੂ ਦੇ ਦਰ ਆਵਾਂ।
ਬਾਰ ਬਾਰ ਸਜਦੇ ਕਰਾਂ...

ਅੱਗ ਵਾਂਗੂੰ ਸੜੇ ਦੁਨੀਆਂ, ਨਾਮ ਤਪਦੇ ਦਿਲਾਂ ਨੂੰ ਠਾਰੇ।
ਖੁਸ਼ੀਆਂ ਦੇ ਨਾਲ ਭਰ ਗਏ ਭੈਣੀ ਸਾਹਿਬ ਗਏ ਜੋ ਗ਼ਮਾਂ ਦੇ ਮਾਰੇ।
ਹੋ ਗਿਆ ਨਿਹਾਲ ਓਹੋ ਹੀ ਏਥੇ ਮਾਣੀਆਂ ਜਾਂ ਠੰਢੀਆਂ ਛਾਵਾਂ।
ਬਾਰ ਬਾਰ ਸਜਦੇ ਕਰਾਂ...

ਇਕ ਜੇ ਹੋਏ ਕਿਰਪਾ, ਹੋ ਸਕਦੈ ਮੈਂ ਭੁੱਲ ਜਾਵਾਂ।
ਲੱਖਾਂ ਅਹਿਸਾਨ ਕੀਤੇ ਨੇ, ਦਾਤਾ ਦਸ ਮੈਂ ਕਿਵਾਂ ਭੁਲਾਵਾਂ।
ਬਾਰ ਬਾਰ ਸਜਦੇ ਕਰਾਂ...

ਅਮਲਾਂ ਤੋਂ ਬਿਨ ਆਲਮਾਂ ਇਹ ਨੇ ਇਲਮ ਨਿਕੰਮੇ ਹੋਏ ਸਾਰੇ।
ਧੰਨ ਜਗਜੀਤ ਗੁਰ ਕਹੇ ਜਸ ਲੈਣਾ ਜਿਸ ਏਸ ਥਾਂ ਪਿਆਰੇ।
ਨਾਮ ਧਿਆਉਣ ਜਿਹੜੇ ਵੀ ਉਹਨਾਂ ਪਿਆਰਿਆਂ ਤੋਂ ਬਲ ਬਲ ਜਾਵਾਂ।
ਬਾਰ ਬਾਰ ਸਜਦੇ ਕਰਾਂ ਨਾਲੇ ਗੁਰੂ ਨੂੰ ਸੀਸ ਝੁਕਾਵਾਂ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੯੨
੨੧ ਕਤਕ ਵੀਰਵਾਰ ਸੰ: ੨੦੫੪, ੬ ਨਵੰਬਰ ੧੯੯੭ ਈ:)



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਿਤ-ਕਰਮ

**-ਕਿਰਪਾਲ ਸਿੰਘ ਕਸੇਲ**

ਅੰਮ੍ਰਿਤ ਵੇਲੇ ਜਾਗ, ਸੋਧ ਸੋਚ ਇਨਸਾਨ।
ਹਵਨ ਸਮਗਰੀ ਮਹਿਕਦੀ, ਨਾਮ ਸਿਮਰਨ ਵਿਚ ਧਿਆਨ।
ਇਹ ਮਰਿਆਦਾ ਪਾਲ ਕੇ, ਪੁੱਜਣ ਵਿਚ ਦੀਵਾਨ।
ਕੀਰਤਨ ਆਸਾ-ਵਾਰ ਦਾ, ਜਿਥੇ ਰਾਗੀ ਗਾਣ।

ਦਿਲ ਰਬਾਬ ਨੂੰ ਛੇੜਦੇ, ਸਾਜ਼ਾਂ ਦਾ ਸੰਗੀਤ।
ਨਾਦ ਅਨਾਹਦ ਗੂੰਜਦਾ, ਗਾਵਣ ਨਾਲ ਪ੍ਰੀਤ।
ਸਤਿਗੁਰੂ ਸੱਚਾ ਪਾਤਸ਼ਾਹ, ਮਹਾਂ ਸੰਗੀਤਕਾਰ।
ਰਾਗ ਰਤਨ ਕਈ ਸਿਰਜਦਾ, ਨਜ਼ਰ ਮਿਹਰ ਦੀ ਧਾਰਤ।

ਸੱਤੇ ਸੁਰ ਸੰਗੀਤ ਦੇ, ਹੱਥ-ਬਧੀ ਗੁਲਾਮ।
ਹੀਰੇ ਰਤਨ ਅਮੋਲ ਇਹ, ਸਤਿਗੁਰ ਬਖਸ਼ੀ ਜਾਣ।
ਸਤਿਗੁਰੂ ਜਗਜੀਤ ਸਿੰਘ ਹੈ, ਸੰਗੀਤ ਭੰਡਾਰੁ।
ਗਾਇਕ, ਵਾਕਦ ਹਿੰਦ ਦੇ, ਸਭ ਕਰਦੇ ਸਤਿਕਾਰ।

ਲੈਣ ਗਿਆਨ ਇਸ ਕਲਾ ਦਾ, ਗੁਰ ਸ਼ਬਦ ਦੀ ਸਾਰ।
ਸਤਿਗੁਰ ਨਾਲ ਸੰਗੀਤ ਦੇ, ਵੰਡੇ ਨਾਮ ਆਧਾਰ।
ਵਿਚ ਦਰਬਾਰ ਗੁਰੂ ਸ਼ੋਭਦੇ, ਸੰਗਤ ਕਰੇ ਦੀਦਾਰ।
ਦਰਸ਼ਨ ਕਰਕੇ ਗੁਰੂ ਦੇ, ਮਿਲਦਾ ਸੁਖ ਅਪਾਰ।

ਲੰਗਰ, ਖੇਤੀ, ਮਾਲ ਤੇ ਹੋਰ ਸਭ ਵਿਹਾਰ।
ਦੱਸਣ ਸਤਿਗੁਰੂ ਸਭਸ ਨੂੰ, ਸਮੇਂ ਸਮੇਂ ਦੀ ਕਾਰ।
ਦੂਰੋਂ ਦੂਰੋਂ ਸਿੱਖ ਆਂਵਦੇ, ਸਭ ਦਾ ਕਰਨ ਧਿਆਨ।
ਸਭ ਨੂੰ ਮੱਤਾਂ ਦੇਂਵਦੇ, ਮਸਲੇ ਸਭ ਸੁਲਝਾਣ।

ਲੌਢੇ ਪਹਿਰ ਫਿਰ ਲੱਗੇ, ਸਤਿਗੁਰੂ ਦਾ ਦੀਵਾਨ।
ਜਿਥੇ ਸੰਗਤਾਂ ਰਲ ਕੇ, ਨਾਮ ਜਪਣ ਲਈ ਆਣ।



Sri Satguru Jagjit Singh Ji eLibrary NamdhariElibrary@gmail.com

ਘੰਟਾ ਇਕ ਸਿਮਰਦੇ, ਗੁਰੂ-ਮੰਤਰ ਦਾ ਜਾਪ।
ਇਕ ਦੋ ਜੀਭੇ ਲੱਖ ਹੋਵਣ, ਪ੍ਰਵਚਨ ਗੁਰੂ ਪ੍ਰਤਾਪ।
ਫਿਰ ਕੀਰਤਨ ਗੁਰ-ਸ਼ਬਦ ਦਾ, ਤੇ ਹੋਰ ਕਥਾ ਵਿਖਿਆਨ।
ਅੰਮ੍ਰਿਤ ਬਚਨ ਗੁਰਦੇਵ ਦੇ, ਸੁਣਦੇ ਨਾਲ ਧਿਆਨ।
ਸਤਿਗੁਰੂ ਦੇ ਦਰਬਾਰ ਦੀ, ਹੈ ਅਦੁੱਤੀ ਸ਼ਾਨ।
ਸੱਚਖੰਡ ਇਸ ਧਰਤ ਤੇ, ਰਚਿਆ ਗੁਰੂ ਸੁਜਾਨ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੯੨
੨੧ ਕਤਕ ਵੀਰਵਾਰ ਸੰ: ੨੦੫੪, ੬ ਨਵੰਬਰ ੧੯੯੭ ਈ:)



Sri Satguru Jagjit Singh Ji eLibrary NamdhariElibrary@gmail.com

## ਉਸਤਤਨਾਮਾ

-ਸ਼ਰਨਪਾਲ ਸਿੰਘ ਰੰਧਾਵਾ

ਪਾਤਸ਼ਾਹੀ ਬਾਹਰਵੀਂ ਦਾ ਨੂਰ,
ਜਿਹਨੂੰ ਬਾਣੀ ਦਾ ਸਰੂਰ,
ਸਾਰੇ ਜੱਗ ਤੇ ਮਸ਼ਹੂਰ,
ਸਤਿਗੁਰੂ ਜਗਜੀਤ ਸਿੰਘ ਕਹਾਂਵਦਾ।

ਉਹ ਹੈ ਜੱਗ ਤੇ ਸਿਤਾਰਾ,
ਗੁਰੂ ਸਤਿਗੁਰੂ ਪਿਆਰਾ,
ਉਹ ਗਰੀਬਾਂ ਦਾ ਸਹਾਰਾ,
ਦੀਨ ਪਾਲਕ ਕਹਾਂਵਦਾ।

ਉਹ ਹੈ ਸੱਚ ਦਾ ਪੁਜਾਰੀ,
ਕੱਢੇ ਝੂਠ ਦੀ ਬਿਮਾਰੀ,
ਕਰੇ ਸੱਚ ਦਾ ਪਸਾਰਾ,
ਸੱਚਾ ਪਾਤਸ਼ਾਹ ਕਹਾਂਵਦਾ।

ਉਹ ਬਿਰਧਾਂ ਦੇ ਸਾਥੀ,
ਬਿਰਧ ਪਾਲਕ ਤੇ ਸਾਖੀ,
ਕਰੇ ਧਰਮ ਦੀ ਉਹ ਰਾਖੀ,
ਬਿਰਧ ਆਸ਼ਰਮ ਬਣਾਂਵਦਾ।

ਉਹ ਬੱਚਿਆਂ ਦੇ ਪਿਆਰੇ,
ਕਰੇ ਚੋਜ ਨਿਆਰੇ,
ਖੇਡਾਂ ਬੱਚਿਆਂ ਨਾਲ ਖੇਡੇ,
ਟੀਮ ਉਨ੍ਹਾਂ ਦੀ ਸਵਾਰਦਾ।

ਕਰੇ ਨਾਮ ਦਾ ਪਸਾਰਾ,
ਵਿਚ ਦੁਨੀਆ ਨਿਆਰਾ,



Sri Satguru Jagjit Singh Ji eLibrary NamdhariElibrary@gmail.com

ਨਾਮ ਬਾਣੀ ਦਾ ਪ੍ਰਵਾਹ,
ਵਿਚ ਜੱਗ ਦੇ ਰਚਾਂਵਦਾ।

ਗਊਆਂ ਦਾ ਰਖਵਾਲਾ,
ਦੇਵੋਂ ਦਰਸ਼ਨ ਪ੍ਰਿਤਪਾਲਾ,
ਗਊਆਂ ਹੁੰਦੀਆਂ ਨਿਹਾਲ,
ਗਊਸ਼ਾਲਾ ਹੈ ਬਣਾਂਵਦਾ।

ਉਹ ਸੰਗੀਤ ਪ੍ਰੇਮੀਆਂ ਦਾ ਸਾਥੀ,
ਕਰੇ ਸੰਗੀਤ ਦੀ ਉਹ ਰਾਖੀ,
ਸੰਗੀਤ ਸ਼ਿਸ਼ੂਆਂ ਨੂੰ ਸਿਖਾਵੇ,
ਸੰਗੀਤਕਾਰ ਹੈ ਬਣਾਂਵਦਾ।

ਮੇਰਾ ਸਤਿਗੁਰੂ ਜਗਜੀਤ ਪਿਆਰਾ,
ਮਾਤ ਲੋਕ ਦਾ ਸਹਾਰਾ,
ਵਾਂਗ ਚਮਕੇ ਸਿਤਾਰਾ,
ਨਾਮ ਸਿਮਰਨ ਸਿਖਾਂਵਦਾ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੪**
**੩੦ ਵੈਸਾਖ ਵੀਰਵਾਰ ਸੰ: ੨੦੫੬, ੧੩ ਮਈ ੧੯੯੯ ਈ:)**



Sri Satguru Jagjit Singh Ji eLibrary NamdhariElibrary@gmail.com

# ਮਿਹਰਬਾਨੀ ਸਾਰੀ ਸਤਿਗੁਰੂ ਜਗਜੀਤ ਜੀ ਦੀ

**–ਜੁਗਿੰਦਰ ਸਿੰਘ ਮੁਕਤਾ**

ਗਹਿਮਾ ਗਹਿਮ ਰੌਣਕਾਂ ਚੁਫ਼ੇਰੇ ਨੇ ਬੇਅੰਤ ਦੀਆਂ,
ਜਪ ਪ੍ਰਯੋਗ ਮੇਲਾ ਗੁਰਾਂ ਜੋ ਰਚਾਇਆ ਏ॥
ਧੰਨ ਧੰਨ ਹਰ ਮਨ ਮੂੰਹੋਂ ਅੱਜ ਆਖਦਾ ਏ,
ਸੱਚ ਨਾਲ ਜੁੜਨੇ ਦਾ ਜਜ਼ਬਾ ਜਗਾਇਆ ਏ॥
ਆਸਾ ਜੀ ਦੀ ਵਾਰ ਤੇ ਦੀਵਾਨ ਹਲਿਆਂ ਦੇ,
ਸਤਿ ਸੰਗ ਰੰਗ ਨਾਮ ਦ੍ਰਿੜਾਇਆ ਏ॥
ਮਾਤ ਭੁਪਿੰਦ੍ਰ ਦਾ ਦੁਲਾਰਾ ਜੋ ਸਹਾਰਾ ਸਾਡਾ,
ਭਗਤੀ ਦਾ ਜਿਸ ਨੇ ਭੰਡਾਰ ਇਹ ਲਗਾਇਆ ਏ॥

ਕਰੋ ਪ੍ਰੀਤਪਾਲ ਤੇ ਸੰਭਾਲ ਸੇਵਾ ਸੰਗਤ ਦੀ,
ਗੁਰੂ ਰਾਮ ਸਿੰਘ ਬੂਟਾ ਸਿੱਖੀ ਦਾ ਜੇ ਲਾਇਆ ਏ॥
ਦੁਈ ਵਾਲਾ ਕੋਹੜ ਹੋੜ ਕੱਢਦਾ ਏ ਦਿਲਾਂ ਵਿਚੋਂ,
ਏਕਤਾ ਦਾ ਨਾਦ ਜਿਨੇ ਜਗ ਤੇ ਵਜਾਇਆ ਏ॥
ਵੰਡਦੀ ਸਰੂਰ ਨੂਰ ਮੋਹਣੀ ਮੁਸਕਾਣ ਐਸੀ,
ਰਹਿਮਤਾਂ ਦਾ ਮੀਂਹ ਜਿੰਨੇ ਸਦਾ ਵਰਸਾਇਆ ਏ॥
ਵਡ ਪ੍ਰਤਾਪੀ ਨਾਲ ਮਿਲਦੀ ਨੁਹਾਰ ਏਹਦੀ,
ਉਸੇ ਦੀ ਹੀ ਜੋਤ ਸਾਰਾ ਜਗ ਰੁਸ਼ਨਾਇਆ ਏ॥

ਮੱਕਾ ਤੇ ਮਦੀਨਾ ਸ੍ਰੀ ਭੈਣੀ ਸਾਹਿਬ ਕੂਕਿਆਂ ਲਈ,
ਜੰਨਤ ਦਾ ਰੂਪ ਭੈਣੀ ਸਾਹਿਬ ਜੇ ਸਜਾਇਆ ਏ॥
ਕਾਨਿਆਂ ਦੇ ਛਪਰਾਂ ਦੀ ਥਾਂ ਮਲੀ ਮੰਦਰਾਂ ਨੇ,
ਰਾਮ ਸਰ ਸੁੰਦਰ ਸਰੋਵਰ ਬਣਾਇਆ ਏ॥
ਭੁੱਖਿਆਂ ਨੂੰ ਅੰਨ ਧੰਨ ਕੱਪੜਾ ਦੇ ਨੰਗਿਆਂ ਨੂੰ,
ਸਦਾ ਵਰਤ ਜਾਰੀ ਚੀਨੀ ਵਾਲੇ ਜੋ ਚਲਾਇਆ ਏ॥
ਕਾਰ ਗੁਰਆਈ ਦੀ ਜੋ ਸੌਂਪੀ ਪ੍ਰਤਾਪ ਗੁਰ,
ਰਤਾ ਜਿਨਾ ਫ਼ਰਕ ਵੀ ਨਾ ਉਸ ਵਿਚ ਪਾਇਆ ਏ॥



Sri Satguru Jagjit Singh Ji eLibrary NamdhariElibrary@gmail.com

ਜਗ ਪ੍ਰਯੋਗ ਲੱਖਾਂ ਵਰਨੀਆਂ ਅਖੰਡ ਪਾਠ,
ਭੇਟਾ ਚੀਨੀ ਵਾਲੇ ਦੇ ਦੀਦਾਰ ਦੀ ਚੜ੍ਹਾਇਆ ਏ॥
ਸਵਾ ਲੱਖ ਪਾਠ ਜੋ ਨਿਰੰਤਰ ਹੈ ਚੱਲ ਰਿਹਾ,
ਕਰੀ ਜਾਂਦੇ ਪੂਰਾ ਬਾਕੀ ਰਹਿੰਦਾ ਜੋ ਬਕਾਇਆ ਏ॥
ਲੇਖ ਅਨਜਾਣ ਜੀ ਦੇ ਚੰਗੇ ਸਤਿਜੁਗ ਵਿਚ,
ਹੰਸਪਾਲ ਜੀ ਨੇ ਏਹਨੂੰ ਹੋਰ ਚਮਕਾਇਆ ਏ॥
ਸਤਿਜੁਗ ਪਰਚਾ ਹੈ ਆਪਣੀ ਮਿਸਾਲ ਆਪ,
ਗੁਰਾਂ ਦਾ ਸੰਦੇਸ਼ ਜਿੰਨੇ ਘਰਾਂ 'ਚ ਪੁਚਾਇਆ ਏ॥

ਸਮੇਂ ਦੀ ਪਛਾਣਦਾ ਏ ਨਬਜ਼ ਸੁਜਾਨ ਵੈਦ,
ਨਾਮ ਦਾਰੂ ਦੇ ਕੇ ਰੋਗ ਹਉਮੈ ਦਾ ਮਿਟਾਇਆ ਏ॥
ਕੂਕਿਆਂ ਦੀ ਹਾਕੀ ਟੀਮ ਜਿੱਤਿਆ ਜਹਾਨ ਸਾਰਾ,
ਚਿੱਟਾ ਬਾਣਾ ਕੂਕਿਆਂ ਦਾ ਜਗ ਨੇ ਸਲਾਹਿਆ ਏ॥
ਕੰਮ ਅੱਜ ਪੰਥ ਦਾ ਅਧੂਰਾ ਨਾ ਕੋਈ ਰਹਿਣ ਦਿੱਤਾ,
ਸਿੱਖਾਂ ਤਾਈਂ ਬਖ਼ਸ਼ਿਆ ਜੋ ਸੁਖ ਸਰਮਾਇਆ ਏ॥
ਮਿਹਰਬਾਨੀ ਸਾਰੀ ਸਤਿਗੁਰੂ ਜਗਜੀਤ ਜੀ ਦੀ,
ਦੁੱਖਾਂ ਅਤੇ ਤੰਗੀਆਂ ਦਾ ਹੋ ਗਿਆ ਸਫਾਇਆ ਏ॥

ਜਾਣੀ ਜਾਣ ਆਪ ਪੂਰਾ ਮਾਣ ਸਨਮਾਨ ਦੇ ਕੇ,
ਕਵੀਆਂ ਨੂੰ ਸ੍ਰੀ ਭੈਣੀ ਸਾਹਿਬ 'ਚ ਬੁਲਾਇਆ ਏ॥
ਰੌਸ਼ਨ ਦਿਮਾਗ਼ ਜੋ ਚਿਰਾਗ਼ ਲੈ ਕੇ ਹੱਥਾਂ ਵਿਚ,
ਕਵੀਆਂ ਦਾ ਕਿਧਰੋਂ ਕਟਕ ਚੜ੍ਹ ਆਇਆ ਏ॥
ਬੈਠੇ ਸ੍ਰੀ ਹਜ਼ੂਰ ਆਪ ਤੱਕੀ ਮੈਂ ਨਿਰਾਲੀ ਸ਼ਾਨ,
ਕਵੀਆਂ ਦੀ ਕਾਵਿ ਭਾਵ ਕੌਮੀ ਸਰਮਾਇਆ ਏ॥
ਸ੍ਰੀ ਦਸਮੇਸ਼ ਦੇ ਮਹਾਨ ਜੋ ਬਵੰਜਾ ਕਵੀ,
ਅਨੰਦਪੁਰ ਬੈਠਾ ਦਸਮੇਸ਼ ਚੇਤਾ ਆਇਆ ਏ॥



Sri Satguru Jagjit Singh Ji eLibrary NamdhariElibrary@gmail.com

ਘੁਲਾ, ਹਰਬੰਸ, ਸੋਨੂੰ ਜੋੜੀ ਤੇ ਖਜਾਨ ਸਿੰਘ,
ਘੁੰਗਰੂ ਵਜਾ ਕੇ ਦਿਲ ਸਭ ਦਾ ਬਹਿਲਾਇਆ ਏ॥
ਸੁਖਦੇਵ, ਮੋਹਨ, ਤਾਨ ਸੈਣ, ਵਾਂਗੂੰ ਤਾਨ ਮਾਰੀ,
ਅੱਖਾਂ ਸਾਹਵੇਂ ਸੀਨ ਬੈਜੂ ਬਾਵਰੇ ਦਾ ਆਇਆ ਏ॥
ਤੰਤੀ ਵਾਲੇ ਸਾਜ਼ ਵਾਜ ਰਾਗੀ ਬੇਸ਼ੁਮਾਰ ਏਥੇ,
ਬੰਸਰੀ ਨੇ ਚੇਤਾ ਫੇਰ ਕਾਹਨ ਦਾ ਕਰਾਇਆ ਏ॥
ਮਾਰ ਦੇ ਤਿਹਾਈਆਂ ਗਿਣ ਮਾਤਰਾਂ ਹਜ਼ੂਰ ਆਪ,
ਮੁਕਤਾ ਕਹੇ ਜਾਂਦਾ ਨਾ ਸਵਾਦ ਉਹ ਬਤਾਇਆ ਏ॥

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੪
੧੭ ਹਾੜ ਵੀਰਵਾਰ ਸੰ: ੨੦੫੬, ੧ ਜੁਲਾਈ ੧੯੯੯ ਈ:)



Sri Satguru Jagjit Singh Ji eLibrary NamdhariElibrary@gmail.com

## ਪਾਤਸ਼ਾਹ

-ਸੁਰਜੀਤ ਆਰਟਿਸਟ

ਤੂੰ ਸ਼ਾਹਾਂ ਦਾ ਸ਼ਾਹ, ਸੱਚੇ ਪਾਤਸ਼ਾਹ।
ਤੂੰ ਹੈਂ ਬੇਇੰਤਹਾ, ਸੱਚੇ ਪਾਤਸ਼ਾਹ।

ਤੂੰ ਹੈਂ ਬੇਪ੍ਰਵਾਹ, ਸੱਚੇ ਪਾਤਸ਼ਾਹ।
ਮਿਲੇਂਗਾ ਵਿਚ ਦਰਗਾਹ, ਸੱਚੇ ਪਾਤਸ਼ਾਹ।

ਸਾਹਾਂ ਦੇ ਵਿਚ ਸਾਹ, ਸੱਚੇ ਪਾਤਸ਼ਾਹ।
ਸੱਭ ਵਲ ਤੇਰੀ ਨਿਗਾਹ, ਸੱਚੇ ਪਾਤਸ਼ਾਹ।

ਭੁੱਲਿਆਂ ਨੂੰ ਹੈਂ ਰਾਹ, ਸੱਚੇ ਪਾਤਸ਼ਾਹ।
ਸਭ ਪਾਸੇ ਤੇਰੀ ਵਾਹ, ਸੱਚੇ ਪਾਤਸ਼ਾਹ।

ਹਰ ਗੱਲੋਂ ਕਰੇਂ ਅਗਾਹ, ਸੱਚੇ ਪਾਤਸ਼ਾਹ।
ਸਾਗਰ ਜਿਉਂ ਅਥਾਹ, ਸੱਚੇ ਪਾਤਸ਼ਾਹ।

ਮੰਨ ਮੇਰੇ ਦੀ ਚਾਹ, ਸੱਚੇ ਪਾਤਸ਼ਾਹ॥੧॥

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੯੫
੨੨ ਪੋਹ ਵੀਰਵਾਰ ਸੰ: ੨੦੫੬, ੬ ਜਨਵਰੀ ੨੦੦੦ ਈ:)



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ ਸਿੰਘ ਜੋਤਿ ਅਕਾਲ ਹੈ

-ਜਸਬੀਰ ਸਿੰਘ ਸਿੱਧੂ

ਗੁਰੂ ਜਗਜੀਤ ਸਿੰਘ ਜੋਤਿ ਅਕਾਲ ਹੈ
ਕਿ ਹੁਸਨੁਲ-ਓ-ਜ਼ਮਾਲ ਹੈ।
ਇਕੋ ਓਅੰਕਾਰ ਨੂੰ ਧਿਆਉਂਦੇ ਨਾਲੇ ਹੋਰਾਂ ਨੂੰ ਜਪਾਉਂਦੇ
ਕੈਸਾ ਕਰਦੇ ਕਮਾਲ ਹੈ।

ਸਤਿਨਾਮ ਨੇ ਜਪਾਉਂਦੇ ਕਰਤਾ ਪੁਰਖ ਦ੍ਰਿੜਾਉਂਦੇ
ਨਿਰਭਉ ਨਿਰਵੈਰ ਚਾਲ ਹੈ।
ਅਕਾਲ ਮੂਰਤਿ ਅਜੋਨੀ ਗੁਰੂ ਸੈਭੰ ਅਮੋਨੀ
ਰਾਗੋ ਰੰਗੇ ਨਾ ਰੇਖਾਲ ਹੈ।

ਗੁਰੂ ਗੁਰ ਪ੍ਰਸਾਦਿ ਵੰਡੇ ਸਭ ਨੂੰ ਹੈ ਨਾਦ
ਜੱਪੇ ਸਿੱਧੂ ਜੀਭਾ ਨਾਲ ਹੈ।
ਆਦਿ ਸਚੁ ਹੈ ਜੁਗਾਦਿ, ਹੈ ਭੀ ਸਚੁ
ਵਿਸਮਾਦ ਗੁਰਬਰ ਅਕਾਲ ਹੈ।

ਨਾਨਕ ਹੋਸੀ ਭੀ ਸਚੁ ਰਵ੍ਹੇ ਸਭਨਾਂ 'ਚ ਰਚੁ
ਕਰੇ ਸਰਬੰ ਖ਼ਿਆਲ ਹੈ।
ਗੁਰੂ ਪੂਰੇ ਨਿਤਨੇਮੀ, ਕਰੇ ਜੱਗ ਨੂੰ ਪ੍ਰੇਮੀ
ਜੋਤਿ ਨਾਨਕ ਅਕਾਲ ਹੈ।

ਕਰਨੀ ਕਥਨ ਦੇ ਸੂਰੇ ਧਰਮ ਕਰਮ 'ਚ ਪੂਰੇ,
ਰੱਖ ਕੀਰਤਨ ਸੰਭਾਲ ਹੈ।
ਗੁਰੂ ਅੰਮ੍ਰਿਤਧਾਰ ਬਖਸ਼ੇ ਸਭ ਨੂੰ ਪਿਆਰ
ਕਿ ਜ਼ੁਰਅਤਿ ਜਮਾਲ ਹੈ।

ਖਾਲੀ ਝੋਲੀ ਨੇ ਆਉਂਦੇ ਭਰ ਭਰ ਮੁੜਦੇ ਨੇ ਜਾਂਦੇ
ਕਰੀਮੁਲ-ਓ-ਕਮਾਲ ਹੈ।



Sri Satguru Jagjit Singh Ji eLibrary NamdhariElibrary@gmail.com

ਰੱਖੇ ਖੇਡਾਂ ਨਾਲ ਪ੍ਰੀਤ, ਨਾਲ ਗਾਉਂਦਾ ਹੈ ਸੰਗੀਤ
ਗ੍ਰੰਥ ਗਊ ਪਾਲ ਹੈ।
ਇਹ ਹੈ ਗੁਰੂ ਵਡਿਆਈ ਉਨ੍ਹਾਂ ਆਪ ਲਿਖਵਾਈ
'ਸਿੱਧੂ' ਬਿਰਧ ਸੰਭਾਲ ਹੈ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੫
੧੫ ਵੈਸਾਖ ਵੀਰਵਾਰ ਸੰ: ੨੦੫੬, ੩ ਮਈ ੨000 ਈ:)



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਿਮਾ

–ਨਿਸ਼ਾਨ ਸਿੰਘ ਜੌਹਲ

ਸਾਡੇ ਗੁਰੂ ਹਨ ਜਗਜੀਤ
ਜੋ ਰੱਖਣ ਹਰ ਇਕ ਨਾਲ ਪ੍ਰੀਤ।
ਜੋ ਸਤਿਗੁਰੂ ਤੇ ਲਾਂਦੇ ਪ੍ਰਤੀਤ
ਮੁਰਾਦਾਂ ਮੰਗੀਆਂ ਪਾਉਂਦਾ ਏ।
ਨਾਮਧਾਰੀਆ ਹਰ ਮੁਸ਼ਕਿਲ ਅੰਦਰ ਮੁਸਕਾਉਂਦਾ ਹੈ।

ਇਹ ਹਨ ਗੁਰੂ ਨਾਨਕ ਦੀ ਮੂਰਤ
ਜਿਨ੍ਹਾਂ ਦੇ ਦਿਲ ਵਿਚ ਨਹੀਂ ਕਦੂਰਤ।
ਚੀਨੀ ਵਾਲੇ ਦੀ ਹੈ ਮੂਰਤ
ਸਿਪਾਹੀ ਸੰਤ ਬਣਾਉਂਦਾ ਹੈ।
ਮੁਰਾਦਾਂ ਮੰਗੀਆਂ ਪਾਉਂਦਾ ਏ।
ਨਾਮਧਾਰੀਆ ਹਰ ਮੁਸ਼ਕਿਲ ਅੰਦਰ ਮੁਸਕਾਉਂਦਾ ਹੈ।

ਚਲਾਉਂਦੇ ਨਾਮ ਦਾ ਪ੍ਰਵਾਹ
ਮੇਰਾ ਸਤਿਗੁਰੂ ਹੈ ਬੇਪ੍ਰਵਾਹ।
ਵਿਖਾਉਂਦੇ ਹਰ ਮੁਸ਼ਕਿਲ 'ਚ ਰਾਹ
ਉਨ੍ਹਾਂ ਦਾ ਭੇਤ ਨਾ ਆਉਂਦਾ ਹੈ।
ਮੁਰਾਦਾਂ ਮੰਗੀਆਂ ਪਾਉਂਦਾ ਏ।
ਨਾਮਧਾਰੀਆ ਹਰ ਮੁਸ਼ਕਿਲ ਅੰਦਰ ਮੁਸਕਾਉਂਦਾ ਹੈ।

ਜਿਹੜਾ ਵੀ ਸਿੱਖ ਕਰੇ ਅਰਦਾਸ
ਤੁਰੰਤ ਆਉਂਦੇ ਹਨ ਉਸ ਦੇ ਪਾਸ।
ਕਰਨ ਉਹ ਹਰ ਸਿੱਖ ਦੇ ਕੰਮ ਰਾਸ
ਤਿਆਗ ਦਾ ਵੱਲ ਸਿਖਾਉਂਦਾ ਹੈ।
ਮੁਰਾਦਾਂ ਮੰਗੀਆਂ ਪਾਉਂਦਾ ਏ।
ਨਾਮਧਾਰੀਆ ਹਰ ਮੁਸ਼ਕਿਲ ਅੰਦਰ ਮੁਸਕਾਉਂਦਾ ਹੈ।



Sri Satguru Jagjit Singh Ji eLibrary NamdhariElibrary@gmail.com

ਗ਼ਰੀਬਾਂ ਦੇ ਹਨ ਸੱਚੇ ਯਾਰ
ਕਰਨ ਸਿੱਖਾਂ ਨੂੰ ਸੁੱਚਾ ਪਿਆਰ।
ਡੁੱਬਦੇ ਦਿੰਦੇ ਬੇੜੇ ਤਾਰ
ਹਰਿਕ ਤੇ ਕਰਮ ਕਮਾਉਂਦਾ ਹੈ।
ਮੁਰਾਦਾਂ ਮੰਗੀਆਂ ਪਾਉਂਦਾ ਏ।
ਨਾਮਧਾਰੀਆ ਹਰ ਮੁਸ਼ਕਿਲ ਅੰਦਰ ਮੁਸਕਾਉਂਦਾ ਹੈ।

ਸੰਗੀਤ ਉਸਤਾਦਾਂ ਦੇ ਉਸਤਾਦ
ਕਰਾਉਂਦੇ ਧੁਨਾਂ ਅਨੇਕਾਂ ਯਾਦ।
ਤੇ ਗੁਣਵਾਨਾਂ ਨੂੰ ਦਿੰਦੈ ਦਾਦ
ਬਖਸ਼ਿਸ਼ਾਂ ਵੀ ਫਰਮਾਉਂਦਾ ਹੈ।
ਮੁਰਾਦਾਂ ਮੰਗੀਆਂ ਪਾਉਂਦਾ ਏ।
ਨਾਮਧਾਰੀਆ ਹਰ ਮੁਸ਼ਕਿਲ ਅੰਦਰ ਮੁਸਕਾਉਂਦਾ ਹੈ।

ਖੁੱਲ੍ਹੇ ਦਿੰਦੇ ਹਨ ਉਹ ਦਰਸ਼ਨ
ਸਭੇ ਚਰਨ ਉਸਦੇ ਪਰਸਨ।
ਕਈ ਗੋਪੀਆਂ ਵਾਂਗਰ ਮਰਸਨ
ਕ੍ਰਿਸ਼ਨ ਸਮ ਖੇਲ ਰਚਾਉਂਦਾ ਹੈ।
ਮੁਰਾਦਾਂ ਮੰਗੀਆਂ ਪਾਉਂਦਾ ਏ।
ਨਾਮਧਾਰੀਆ ਹਰ ਮੁਸ਼ਕਿਲ ਅੰਦਰ ਮੁਸਕਾਉਂਦਾ ਹੈ।

ਬੜੇ ਬੜੇ ਰੋਗੀ ਦਰ ਆਉਂਦੇ
ਦੁੱਖ ਤੇ ਭੁੱਖ ਨਾਲ ਕਰਲਾਉਂਦੇ।
ਦਰਸ ਕਰ ਸੰਕਟ ਦੂਰ ਭਜਾਉਂਦੇ
ਹਰਿਕ ਨੂੰ ਗਲੇ ਲਗਾਉਂਦਾ ਏ।
ਮੁਰਾਦਾਂ ਮੰਗੀਆਂ ਪਾਉਂਦਾ ਏ।
ਨਾਮਧਾਰੀਆ ਹਰ ਮੁਸ਼ਕਿਲ ਅੰਦਰ ਮੁਸਕਾਉਂਦਾ ਹੈ।



Sri Satguru Jagjit Singh Ji eLibrary NamdhariElibrary@gmail.com

ਡੇਰੇ ਹਨ ਭੈਣੀ ਸਾਹਿਬ ਲਾਏ
ਉਥਾਂਹ ਹੀ ਬਹਿ ਕੇ ਹੁਕਮ ਚਲਾਏ।
'ਜੌਹਲ' ਦੀ ਬਿਗੜੀ ਸਦਾ ਬਣਾਏ
ਉਹ ਤਕਦੀਰਾਂ ਪਲਟਾਉਂਦਾ ਹੈ।
ਮੁਰਾਦਾਂ ਮੰਗੀਆਂ ਪਾਉਂਦਾ ਏ।
ਨਾਮਧਾਰੀਆ ਹਰ ਮੁਸ਼ਕਿਲ ਅੰਦਰ ਮੁਸਕਾਉਂਦਾ ਹੈ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੫
੧੯ ਜੇਠ ਵੀਰਵਾਰ ਸੰ: ੨੦੫੭, ੧ ਜੂਨ ੨੦੦੦ ਈ:)



Sri Satguru Jagjit Singh Ji eLibrary NamdhariElibrary@gmail.com

## ਬਦ-ਹਾਲਾਂ ਖ਼ੁਸ਼ਹਾਲ ਕਰੇ

-ਮਾ. ਅਮਰੀਕ ਸਿੰਘ

ਗੁਰੂ ਜਗਜੀਤ ਸਿੰਘ ਅਸਾਡੀ ਸਭ ਦੀ ਹਰ ਹਾਲੇ ਪ੍ਰਤਿਪਾਲ ਕਰੇ।
ਗ਼ਮ-ਗੀਨਾਂ ਨੂੰ ਖ਼ੁਸ਼ੀਆਂ ਬਖ਼ਸ਼ੇ ਬਦ-ਹਾਲਾਂ ਖ਼ੁਸ਼ਹਾਲ ਕਰੇ।

ਥੁੜਿਆਂ ਦੀ ਥੁੜ ਪੂਰੀ ਕਰਦਾ, ਬੇ-ਘਰਿਆਂ ਘਰ ਬਖਸ਼ਦਾ ਏ,
ਤ੍ਰਿਪਤ ਕਰੇ ਅਤ੍ਰਿਪਤਾਂ ਤਾਈਂ ਰਖਵਾਲਾ ਹਰ ਸ਼ਖ਼ਸ ਦਾ ਏ,
ਚੰਗੇ ਮਾਪਿਆਂ ਵਾਂਗ ਸਭਸ ਦੀ ਆਪ ਹੀ ਸੁਰਤ ਸੰਭਾਲ ਕਰੇ।

ਦੇਂਦਾ ਏ ਪਰ ਕੁਝ ਨਹੀਂ ਮੰਗਦਾ ਲੈਣਹਾਰ ਤੋਂ ਪਿਆਰ ਬਿਨਾਂ,
ਜਿੱਤਦਾ ਏ ਦਿਲ ਲੋਕਾਂ ਦਾ ਉਹ ਨਜ਼ਰ ਨਾਲ ਹਥਿਆਰ ਬਿਨਾਂ,
ਪਤਾ ਨਹੀਂ ਉਹ ਕਿਵੇਂ ਹਰਿਕ ਦੇ ਦੂਰ ਸਭ ਜੰਜਾਲ ਕਰੇ।

ਓਟ ਦਵੇ ਬੇ-ਓਟਿਆਂ ਤਾਈਂ ਨਿਰਮਾਣਾਂ ਨੂੰ ਮਾਣ ਦੇਵੇ,
ਬਿਨਾਂ ਦੇਖਿਆਂ ਹਰ ਬੰਦੇ ਦੀ ਅਰਜ਼ ਦੀ ਨਬਜ਼ ਪਛਾਣ ਲਵੇ,
ਵੱਡੇ ਗੁਨਾਹਗਾਰਾਂ ਨੂੰ ਮੈਂ ਤੱਕਿਐ ਬਖਸ਼ਣ ਲੱਗਿਆਂ ਕਮਾਲ ਕਰੇ।

ਤੋੜ ਸਹਾਰੇ ਸਾਰੇ ਜਿਹੜਾ ਪਾਸ ਉਸ ਦੇ ਆ ਜਾਵੇ,
ਰੱਬ ਵਰਗਾ ਉਹਨੂੰ ਮਿਲੇ ਸਹਾਰਾ ਜਨਮ ਉਹ ਸਫਲਾ ਪਾ ਜਾਵੇ,
ਟਾਲ ਦੇਵੇ ਹਰ ਆਈ ਮੁਸੀਬਤ ਸਭ ਨੂੰ ਨਦਰਿ ਨਿਹਾਲ ਕਰੇ।

ਗਲਵੱਕੜੀਆਂ ਵਿਚ ਲੈ ਬੱਚਿਆਂ ਨੂੰ ਬੱਚਿਆਂ ਵਾਂਗ ਪਿਆਰਦਾ ਏ,
ਦਿਲ ਦੀਆਂ ਘੁੰਡੀਆਂ ਖੋਲ ਦੇਵੇ ਤੇ ਵਿਗੜੇ ਭਾਗ ਸਵਾਰਦਾ ਏ।
ਜਿਸ ਦੇ ਪੱਖ ਵਿਚ ਉਹ ਹੋ ਜਾਵੇ ਕੋਈ ਵਿੰਗਾ ਨਾ ਉਸਦਾ ਵਾਲ ਕਰੇ।

ਘਰ ਘਰ ਜਾ ਇਕ ਇਕ ਨੂੰ ਪੁੱਛਦਾ ਏ ਕੋਈ ਦੁੱਖ ਤਕਲੀਫ਼ ਤਾਂ ਨਹੀਂ,
ਮੈਂ ਕਰਦਾ ਹਾਂ ਸੱਚੀਆਂ ਸਿਫ਼ਤਾਂ ਇਹ ਝੂਠੀ ਤਾਰੀਫ਼ ਤਾਂ ਨਹੀਂ,
ਉਹ ਅਮਰੀਕ ਜਿਹਾਂ ਦਾ ਝਟ ਪਟ ਹਰ ਇਕ ਹੱਲ ਸਵਾਲ ਕਰੇ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੮
੧੨ ਮੱਘਰ ਵੀਰਵਾਰ ਸੰ: ੨੦੬੦, ੨੭ ਨਵੰਬਰ ੨੦੦੩ ਈ:)



Sri Satguru Jagjit Singh Ji eLibrary NamdhariElibrary@gmail.com

## ਜਿਨੂੰ ਗੁਰੂ ਜਗਜੀਤ ਦਾ ਪਿਆਰ ਮਿਲ ਜਾਏ

**–ਬਲਬੀਰ ਸਿੰਘ ਢਿਲੋਂ**

ਖ਼ੁਸ਼ਕਿਸਮਤ ਨੇ ਉਹ ਇਨਸਾਨ ਹੁੰਦੇ,
ਜਿਨ੍ਹਾਂ ਜਿਨ੍ਹਾਂ ਨੂੰ ਸੁਖੀ ਸੰਸਾਰ ਮਿਲ ਜਾਏ।
ਕਿਸੇ ਅੰਨ੍ਹੇ ਨੂੰ ਅੱਖੀਆਂ ਮਿਲ ਜਾਵਣ,
ਗੂੰਗੇ ਤਾਈਂ ਜ਼ੁਬਾਨ ਇਜ਼ਹਾਰ ਮਿਲ ਜਾਏ।
ਲੰਗੜਾ ਕਰੇ ਪਹਾੜ ਦੀ ਸਰ ਚੋਟੀ,
ਸਾਈਕਲ ਵਾਲੇ ਨੂੰ ਜੇਕਰਾਂ ਕਾਰ ਮਿਲ ਜਾਏ।
ਦੱਬਿਆ ਮਿਲੇ ਖ਼ਜ਼ਾਨਾ ਗ਼ਰੀਬ ਤਾਈਂ,
ਪਿਆਸੇ ਤਾਈਂ ਜੇ ਗੰਗਾ ਦੀ ਧਾਰ ਮਿਲ ਜਾਏ।
ਹੁੰਦਾ ਉਹ ਵੀ ਬੜਾ ਤਕਦੀਰ ਵਾਲਾ,
ਜਿਨੂੰ ਲਾਲਾਂ ਦਾ ਭਰਿਆ ਭੰਡਾਰ ਮਿਲ ਜਾਏ।
ਐਪਰ ਉਹਦੀ ਤਕਦੀਰ ਦੇ ਕਿਆ ਕਹਿਣੇ,
ਜਿਨੂੰ ਗੁਰੂ ਜਗਜੀਤ ਦਾ ਪਿਆਰ ਮਿਲ ਜਾਏ।

ਮੈਂ ਗੁਰੂ ਦਾ ਹਾਂ, ਗੁਰੂ ਹੈ ਮੇਰਾ,
ਰਹਿੰਦਾ ਹਰ ਵੇਲੇ ਮੇਰੇ ਪੱਖ ਹੋ ਕੇ।
ਧੰਨੇ ਵਾਂਗਰਾਂ ਜਦੋਂ ਮੈਂ ਯਾਦ ਕਰਨਾ,
ਓਦੋਂ ਮਿਲਦਾ ਏ ਮੈਨੂੰ ਪ੍ਰਤੱਖ ਹੋ ਕੇ।
ਉਹਦੇ ਚਰਨਾਂ ਦੀ ਛੋਹ ਨੂੰ ਲੋਚਦਾ ਹਾਂ,
ਬੇਸ਼ੱਕ ਰਹਾਂ ਮੈਂ ਗਲੀਆਂ ਦਾ ਕੱਖ ਹੋ ਕੇ,
ਮਰਨਾਂ ਚਾਹੁੰਦਾ ਹਾਂ ਉਹਦਾ ਅਖਵਾ ਕੇ ਮੈਂ,
ਜੀਉਣਾ ਚਾਹੁੰਦਾ ਨਹੀਂ ਉਹਦੇ ਤੋਂ ਵੱਖ ਹੋ ਕੇ।
ਸਿਰ 'ਤੇ ਹੱਥ ਸਮਰੱਥ ਦਾ ਹੋਇ ਜੇਕਰ,
ਕਦੇ ਹੋ ਨਹੀਂ ਸਕਦਾ ਹਾਰ ਮਿਲ ਜਾਏ।
ਉਹਦੀ ਹਾਰ ਵੀ ਜਿੱਤ ਵਿਚ ਬਦਲ ਜਾਂਦੀ,
ਜਿਨੂੰ ਗੁਰੂ ਜਗਜੀਤ ਦਾ ਪਿਆਰ ਮਿਲ ਜਾਏ।



Sri Satguru Jagjit Singh Ji eLibrary NamdhariElibrary@gmail.com

ਬੇਰ ਭੀਲਣੀ ਦੇ ਪਿਆ ਖਾਏ ਕਿਧਰੇ,
ਕਿਤੇ ਮੀਰਾਂ ਦਾ ਕ੍ਰਿਸ਼ਨ ਮੁਰਾਰ ਬਣ ਜਾਏ।
ਉਹਦੇ ਰੂਪ ਅਨੇਕ ਨਾ ਅੰਤ ਕੋਈ,
ਜਿਹੋ ਜਿਹਾ ਕੋਈ ਚਾਹੇ ਸਾਕਾਰ ਬਣ ਜਾਏ।
ਕਦੇ ਗੁਰੂ ਪ੍ਰਤਾਪ ਸਿੰਘ ਨਜ਼ਰ ਆਵੇ,
ਕਦੇ ਵੇਖਾਂ ਤਾਂ ਚੀਨੀ ਅਸਵਾਰ ਬਣ ਜਾਏ।
ਅਠਸਠ ਤੀਰਥਾਂ ਦਾ ਫਲ ਮਿਲ ਜਾਂਦਾ,
ਹੱਸ ਗੁਰੂ ਦਾ ਜੇ ਦੀਦਾਰ ਮਿਲ ਜਾਏ।
ਚਾਰੇ ਵੇਦਾਂ ਦਾ ਸਾਰ ਨਸੀਬ ਹੁੰਦਾ,
ਜਿਨੂੰ ਗੁਰੂ ਜਗਜੀਤ ਦਾ ਪਿਆਰ ਮਿਲ ਜਾਏ।

ਹੋਈਆਂ ਮੇਰੇ ਤੋਂ ਬੇਸ਼ੁਮਾਰ ਭੁੱਲਾਂ,
ਤੇਰੇ ਦਰ 'ਤੇ ਭੁੱਲਾਂ ਬਖਸ਼ੌਣ ਆਇਆ।
ਤੇਰੇ ਚਰਨਾਂ ਦੀ ਧੂੜੀ ਨੂੰ ਲਾ ਮੱਥੇ,
ਕੁਝ ਲੌਹਣ ਆਇਆ ਕੁਝ ਪਾਉਣ ਆਇਆ।
ਮੇਰੇ ਅੰਦਰ ਅੰਧੇਰਾ ਅਗਿਆਨਤਾ ਦਾ,
ਬੁੱਝੀ ਗਿਆਨ ਦੀ ਜੋਤ ਜਗੌਣ ਆਇਆ।
ਗੰਗਾ ਏਥੇ ਜੋ ਬਖਸ਼ਸ਼ ਦੀ ਵਗ ਰਹੀ ਏ,
ਟੁੱਬੀ ਓਸ ਦੇ ਵਿਚ ਲਗੌਣ ਆਇਆ।
ਉਹਦਾ ਲੋਕ ਪ੍ਰਲੋਕ ਹੀ ਸੁਧਰ ਜਾਂਦਾ,
ਥਾਂ ਜਿਸ ਨੂੰ ਤੇਰੇ ਦਰਬਾਰ ਮਿਲ ਜਾਏ।
ਧੰਨਾ, ਧਰੂ ਪ੍ਰਹਿਲਾਦ, ਕਬੀਰ ਬਣ ਜਾਏ,
ਜਿਨੂੰ ਗੁਰੂ ਜਗਜੀਤ ਦਾ ਪਿਆਰ ਮਿਲ ਜਾਏ।

ਕਰਨ ਲਈ ਕਲਿਆਣ ਸੰਸਾਰੀਆਂ ਦਾ,
ਦਾਤਾ ਸੂਰਮਾ ਭਗਤ ਅਨੂਪ ਆਇਆ।
ਜੀਹਦਾ ਰਾਜ ਮਨੁੱਖਾਂ ਦੇ ਮਨਾਂ ਉੱਤੇ,
ਸੱਚਾ ਲੋਕ ਪ੍ਰਲੋਕ ਦਾ ਭੂਪ ਆਇਆ।



Sri Satguru Jagjit Singh Ji eLibrary NamdhariElibrary@gmail.com

ਆਇਆ ਆਪ ਨਿਰੰਕਾਰ ਇਸ ਧਰਤ ਉੱਤੇ,
ਉਹੀ ਜੋਤ ਪਰ ਬਦਲ ਸਰੂਪ ਆਇਆ।
ਇਹ ਕੋਈ ਹੋਰ ਨਹੀਂ ਜੇ, ਨਾਮਧਾਰੀਓ,
ਰਾਮ, ਹਰੀ, ਪ੍ਰਤਾਪ ਦਾ ਰੂਪ ਆਇਆ।
ਅੰਦਰ ਜਿਸ ਦੇ ਪ੍ਰੀਤ ਪ੍ਰਤੀਤ ਢਿੱਲੋਂ,
ਉਹਦੀ ਨਾਲ ਦਾਤਾਰ ਦੇ ਤਾਰ ਮਿਲ ਜਾਏ।
ਤਨੋ ਮਨੋ ਜੋ ਉਸ ਦਾ ਹੋ ਜਾਵੇ,
ਉਹਨੂੰ ਗੁਰੂ ਜਗਜੀਤ ਦਾ ਪਿਆਰ ਮਿਲ ਜਾਏ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੬
੪ ਜੇਠ ਵੀਰਵਾਰ ਸੰ: ੨੦੫੮, ੧੭ ਮਈ ੨੦੦੧ ਈ:)



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ ਪਿਆਰਿਆ

-ਮਾਸਟਰ ਅਮਰੀਕ ਸਿੰਘ

ਤੈਥੋਂ ਜਾਵਾਂ ਸਦ ਬਲਿਹਾਰ ਗੁਰ ਜਗਜੀਤ ਪਿਆਰਿਆ,
ਤੇਰੀ ਮਹਿਮਾ ਅਪਰਮਪਾਰ ਗੁਰ ਜਗਜੀਤ ਪਿਆਰਿਆ।
ਗੁਰ ਪ੍ਰਤਾਪ ਦੀ ਅੱਖ ਦਾ ਤਾਰਾ, ਮਾਤ ਭੁਪਿੰਦਰ ਦਾ ਦੁਲਾਰਾ,
ਸਾਰੇ ਜਗ ਦਾ ਪਾਲਨਹਾਰ, ਗੁਰ ਜਗਜੀਤ ਪਿਆਰਿਆ।

ਸਾਰੇ ਪੰਥ ਦੀ ਕਾਇਆ ਪਲਟੀ, ਉਲਝਨ ਸਭ ਸੰਗਤ ਦੀ ਸਲਟੀ,
ਕੀਤੀ ਸਭ ਨੇ ਮਿਹਰ ਅਪਾਰ, ਗੁਰ ਜਗਜੀਤ ਪਿਆਰਿਆ।
ਸਾਰੇ ਜਗ 'ਤੇ ਫੇਰਾ ਲਾਇਆ, ਸਭ ਨੂੰ ਸਿੱਧੇ ਰਸਤੇ ਲਾਇਆ,
ਜੱਗ ਨੂੰ ਜਿੱਤਿਆ ਨਾਲ ਪਿਆਰ, ਗੁਰ ਜਗਜੀਤ ਪਿਆਰਿਆ।

ਉਸ ਦੇ ਦਿਲ ਦੀ ਚਾਹ ਹੈ ਇਕੋ, ਸਾਰੇ ਸੁਖੀ ਰਹੋ ਬਈ ਸਿੱਖੋ,
ਹਰ ਥਾਂ ਲਾਈ ਮੌਜ ਬਹਾਰ, ਗੁਰ ਜਗਜੀਤ ਪਿਆਰਿਆ।
ਹਰ ਦਮ ਰਸਨਾ 'ਚੋਂ ਰਸ ਚੋਵੇ, ਆਖੇ ਦੁਖੀ ਨਾ ਕੋਈ ਹੋਵੇ,
ਕਿਤੇ ਨਾ ਹੋਵੇ ਦੁੱਖ ਦੀ ਮਾਰ, ਗੁਰ ਜਗਜੀਤ ਪਿਆਰਿਆ।

ਹਰ ਦਮ ਰਸਨਾ 'ਚੋਂ ਰਸ ਚੋਵੇ, ਆਖੇ ਦੁਖੀ ਨਾ ਕੋਈ ਹੋਵੇ,
ਕਿਤੇ ਨਾ ਹੋਵੇ ਦੁੱਖ ਦੀ ਮਾਰ, ਗੁਰ ਜਗਜੀਤ ਪਿਆਰਿਆ।
ਉਸ ਦੀ ਜੱਗ ਤੋਂ ਸ਼ਾਨ ਨਿਰਾਲੀ, ਦਰ ਤੋਂ ਜਾਏ ਨਾ ਕੋਈ ਖ਼ਾਲੀ,
ਐਸੀ ਹੀ ਸੱਚੀ ਸਰਕਾਰ, ਗੁਰ ਜਗਜੀਤ ਪਿਆਰਿਆ।

ਜਿਸ 'ਤੇ ਨਜ਼ਰ ਮਿਹਰ ਦੀ ਕਰਦਾ, ਦੁਖੜੇ ਅਗਲੇ ਪਿਛਲੇ ਹਰਦਾ,
ਦੇਵੇ ਡੁੱਬਿਆ ਬੇੜਾ ਤਾਰ, ਗੁਰ ਜਗਜੀਤ ਪਿਆਰਿਆ।
ਸਾਰੀ ਸੰਗਤ ਨੇ ਇਹ ਚਾਹਿਆ, ਸਿਰ 'ਤੇ ਰਹੇ ਓਸ ਦੀ ਛਾਇਆ,
ਹੈ ਅਮਰੀਕ ਨੂੰ ਬਖਸ਼ਣਹਾਰ, ਗੁਰ ਜਗਜੀਤ ਪਿਆਰਿਆ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੯੬
੧੧ ਸਾਵਣ ਵੀਰਵਾਰ ਸੰ: ੨੦੫੮, ੨੬ ਜੁਲਾਈ ੨੦੦੧ ਈ:)



Sri Satguru Jagjit Singh Ji eLibrary NamdhariElibrary@gmail.com

## ਪੂਰਨੇ ਪਾਈ ਜਾਂਦੇ

-ਡਾ. ਬਲਵੰਤ ਸਿੰਘ ਦਰਦੀ

ਸੁੰਦਰ ਬਸਤਰ ਤੇ ਗਲੇ ਵਿਚ ਪਾ ਮਾਲਾ,
ਬੈਠੇ ਆਸਣ ਤੇ ਸੋਭਾ ਵਧਾਈ ਹੈ।
ਉਤੇ ਛਤਰ ਝੁਲੇ ਸੱਚੇ ਪਾਤਸ਼ਾਹ ਦੇ,
ਨਾਲੇ ਸੇਵਕ ਵੀ ਚੌਰ ਝੁਲਾਈ ਹੈ।

ਸੰਗਤ ਆ ਕੇ ਗੁਰਾਂ ਦਾ ਦਰਸ ਕਰਦੀ,
ਮੱਥੇ ਟਿਕਦੇ ਚੜ੍ਹਤ ਚੜ੍ਹਾਈ ਹੈ।
ਲੰਮੇ ਪੈ ਪੈ ਕਈ ਡੰਡੋਤ ਕਰਦੇ,
ਧੂੜੀ ਮੱਥੇ ਦੇ ਨਾਲ ਸੀ ਲਾਈ ਹੈ।

ਉਥੇ ਗਾਈ ਦੀ ਬਾਣੀ ਜੋ ਧੁਰੋਂ ਆਈ,
ਤੂੰ ਹੀ ਤੂੰ ਹੀ ਕਰ ਸਭ ਸੁਣਾਈ ਹੈ।
ਸੁਣ ਕੇ ਬਾਣੀ ਤਾਂ ਸਿੱਖ ਨੇ ਮਸਤ ਹੁੰਦੇ,
ਸੁਰਤੀ ਨਾਲ ਅਕਲ ਦੇ ਲਾਈ ਹੈ।

ਜਿਹੜੀ ਗੁਰ ਮਰਯਾਦਾ ਹੈ ਹਰੀ ਮੰਦਰ,
ਗੁਰੂ ਅਰਜਨ ਦੇਵ ਚਲਾਈ ਹੈ।
ਤੰਤੀ ਸਾਜ਼ਾਂ ਦੇ ਨਾਲ ਸੀ ਗਾਇਨ ਹੁੰਦਾ,
ਸੰਗ ਰਾਗਾਂ ਦੇ ਹੀ ਧੁਨੀ ਲਗਾਈ ਹੈ।

ਬਿਨਾਂ ਰਾਗਾਂ ਦੇ ਨਹੀਂ ਅਲਾਪ ਹੁੰਦਾ,
ਆਸਾ ਰਾਗ ਤੇ ਭੈਰਵੀ ਗਾਈ ਹੈ।
ਗਉੜੀ, ਕਾਨੜਾ, ਸੋਰਠ, ਧਨਾਸਰੀ ਵੀ,
ਮਾਲਕੌਂਸ ਬਸੰਤ ਸੁਣਾਈ ਹੈ।



Sri Satguru Jagjit Singh Ji eLibrary NamdhariElibrary@gmail.com

ਰਾਗੀ ਭੁੱਲ ਗਏ ਰਾਗਾਂ ਨੂੰ ਅੱਜ ਸਾਰੇ,
ਭੈਣੀ ਸਾਹਿਬ ਹੀ ਰਾਗਾਂ ਨੂੰ ਗਾਈ ਹੈ।
ਛੋਹੇ ਰਾਗ ਫਿਰ ਗੁਰੂ ਪਰਤਾਪ ਸਿੰਘ ਜੀ,
ਗੁਰੂ ਜਗਜੀਤ ਸਿੰਘ ਪੂਰਨੇ ਪਾਈ ਹੈ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੬**
**੧੦ ਜੇਠ ਵੀਰਵਾਰ ਸੰ: ੨੦੫੯, ੨੩ ਮਈ ੨੦੦੨ ਈ:)**



Sri Satguru Jagjit Singh Ji eLibrary NamdhariElibrary@gmail.com

## ਗੁਰ ਜਗਜੀਤ ਸਹਾਰਾ ਏ

-ਬਲਦੇਵ ਸਿੰਘ ਵੜੈਚ

ਦੇਵਤਿਆਂ ਦੀ ਨਗਰੀ ਗੁਰ ਜਗਜੀਤ ਸਹਾਰਾ ਏ।
ਭਾਰਤ ਦੇ ਵਿਚ ਭੈਣੀ ਸਾਹਿਬ, ਇਕ ਅਜਬ ਨਜ਼ਾਰਾ ਏ।

ਮਾਨ ਸਰੋਵਰ ਦੇ ਵਿਚ ਆ ਜੋ ਚੁੱਭੀ ਲਾ ਜਾਂਦੇ।
ਜੱਗ ਮਾਤਾ ਮਾਂ ਚੰਦ ਕੌਰ ਨੂੰ ਸੀਸ ਝੁਕਾ ਜਾਂਦੇ।
ਕਿਆ ਜੀਣਾ, ਕਿਆ ਮਰਨਾ, ਮੁੱਕਦਾ ਝੰਝਟ ਸਾਰਾ ਏ।

ਧਰੂ ਭਗਤ ਕਈ ਪੰਜ ਸਾਲ ਦੇ ਬਿਰਤੀ ਲਾਂਦੇ ਨੇ।
ਤੂਸ ਮੋਢੇ 'ਤੇ ਧਰ ਕੇ ਵਾਰ ਆਸਾ ਦੀ ਲਾਉਂਦੇ ਨੇ।
ਕਲਜੁਗ ਦੇ ਵਿਚ ਸਤਿਜੁਗ ਦਾ ਹੋ ਗਿਆ ਪਸਾਰਾ ਏ।

ਕਿਆ ਰਾਜੇ ਕਿਆ ਰਾਣੇ ਇਸ ਥਾਂ ਆਉਂਦੇ ਵੇਖੇ ਮੈਂ।
ਜਗਜੀਤ ਗੁਰੂ ਦੇ ਚਰਨੀਂ, ਸੀਸ ਝੁਕਾਉਂਦੇ ਵੇਖੇ ਮੈਂ।
ਭਰ ਕੇ ਝੋਲੀਆਂ ਜਾਂਦੇ, ਐਸਾ ਅਜਬ ਭੰਡਾਰਾ ਏ।

ਦਸਮ ਗੁਰੂ ਦੀ ਸਿੱਖੀ ਦਾ ਮੁੱਢ ਏਥੋਂ ਹੀ ਲੱਭੇਗਾ।
ਨਾਨਕ ਦੀ ਗੱਦੀ 'ਤੇ ਗੁਰ ਜਗਜੀਤ ਹੀ ਫੱਬੇਗਾ।
'ਬਲਦੇਵ' ਆਓ ਇਸ ਨੂੰ ਕਰੀਏ ਨਮਸਕਾਰਾ ਏ।
ਦੇਵਤਿਆਂ ਦੀ ਨਗਰੀ ਗੁਰ ਜਗਜੀਤ ਸਹਾਰਾ ਏ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੭
੧੦ ਸਾਵਣ ਵੀਰਵਾਰ ਸੰ: ੨੦੫੯, ੨੫ ਜੁਲਾਈ ੨੦੦੨ ਈ:)



Sri Satguru Jagjit Singh Ji eLibrary NamdhariElibrary@gmail.com

# ਸ਼ਾਹ ਰਗ ਦੇ ਨੇੜੇ ਹੈਂ ਤੂੰ

-ਸੂਬਾ ਸੁਰਿੰਦਰ ਕੌਰ ਖਰਲ

ਜੀਅ ਤਾਂ ਕਰਦੈ
ਤੇਰੇ ਕੋਲ ਉੱਡ ਕੇ ਆਵਾਂ
ਕੋਲ ਬੈਠਾਂ,
ਮਿਲਾਂ,
ਦਰਸ਼ਨ ਕਰ,
ਨੈਣਾਂ ਨੂੰ ਤ੍ਰਿਪਤ ਕਰਾਂ।

ਆਵਾਜ਼ ਸੁਣ
ਕੰਨਾਂ ਨੂੰ ਸਫਲ ਕਰਾਂ।
ਚਰਨ ਪਰਸਾਂ,
ਸੀਸ ਨਿਵਾਵਾਂ।
ਕਿਰਪਾ ਨਿਧਾਨ
ਬਖਸ਼ਿਸ਼ ਕਰ, ਬਖਸ਼ਿਸ਼ ਕਰ।

ਬਿਹਬਲ ਝੱਲਾ ਦਿਲ,
ਮਚਲ ਮਚਲ ਉੱਠਦਾ ਹੈ,
ਪੁੱਛਦਾ ਹੈ
ਕਦੋਂ ਮਿਲੇਂਗਾ ਤੂੰ ?
ਜਿਵੇਂ ਤੈਨੂੰ ਯਾਦ ਕਰਦੇ ਹਾਂ
ਤੂੰ ਵੀ ਯਾਦ ਕਰਦਾ ਹੋਵੇਂਗਾ ਕਦੇ ?

ਪਰ ਫਿਰ,
ਆਤਮਾ ਦੀ ਮਸਤੀ
ਕਹਿੰਦੀ ਹੈ
ਤੂੰ ਤਾਂ ਕੋਲ ਹੀ ਹੈਂ।
ਤੂੰ ਤਾਂ ਨਾਲ ਹੀ ਹੈਂ।
ਸ਼ਾਹ ਰਗ ਦੇ ਨੇੜੇ ਹੈਂ ਤੂੰ।



Sri Satguru Jagjit Singh Ji eLibrary NamdhariElibrary@gmail.com

ਮੇਰੇ ਦਿਲ ਦੀਆਂ
ਅਸੀਮ ਗਹਿਰਾਈਆਂ 'ਚ ਹੈ ਤੂੰ
ਮੇਰੀ ਆਤਮਾ 'ਚ
ਸਮਾਇਆ ਹੋਇਐਂ ਤੂੰ
ਤੇਰੇ ਤੋਂ ਦੂਰ ਰਹਿ ਸਕਣ ਦੀ
ਕਲਪਨਾ ਵੀ
ਅਸਹਿ ਹੈ
ਅਕਹਿ ਹੈ
ਤੂੰ ਤਾਂ ਕੋਲ ਹੀ ਹੈਂ
ਤੂੰ ਤਾਂ ਨਾਲ ਹੀ ਹੈਂ
ਸ਼ਾਹ ਰਗ ਦੇ ਨੇੜੇ ਹੈਂ ਤੂੰ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੯੦**
**੨੩ ਵੈਸਾਖ ਵੀਰਵਾਰ ਸੰ: ੨੦੬੨, ੫ ਮਈ ੨੦੦੫ ਈ:)**



Sri Satguru Jagjit Singh Ji eLibrary NamdhariElibrary@gmail.com

## ਗੁਰ ਜਗਜੀਤ ਪਿਆਰੇ ਨੇ

–ਡਾ. ਬਲਵੰਤ ਸਿੰਘ ਦਰਦੀ

ਗੁਰ ਜਗਜੀਤ ਪਿਆਰੇ ਨੇ, ਲੱਖਾਂ ਹੀ ਪਾਪੀ ਤਾਰੇ ਨੇ।
ਗਿਣਤੀ ਤਾਂ ਮੈਂ ਕਰ ਨਾ ਸਕਾਂ, ਜਿੰਨੇ ਅੰਬਰ ਤਾਰੇ ਨੇ।

ਇਹ ਤਾਂ ਜੋਤਿ ਇਲਾਹੀ ਏ, ਅਰਸ਼ਾਂ ਤੋਂ ਧਰਤ 'ਤੇ ਆਈ ਏ।
ਭੈਣੀ ਦੇ ਭਾਗ ਸੰਵਾਰੇ ਨੇ, ਗੁਰ ਜਗਜੀਤ ਪਿਆਰੇ ਨੇ।

ਦੁਨੀਆ ਦੇ ਦੁੱਖ ਵੰਡਾਣ ਲਈ, ਭੁੱਖਿਆਂ ਦੀ ਭੁੱਖ ਮਿਟਾਵਣ ਲਈ।
ਕੀਤੇ ਪਰਉਪਕਾਰ ਨੇ, ਗੁਰ ਜਗਜੀਤ ਪਿਆਰੇ ਨੇ।

ਤੀਨ ਲੋਕ ਦਾ ਵਾਲੀ ਏ, ਵੰਡਦਾ ਇਹ ਖ਼ੁਸ਼ਹਾਲੀ ਏ।
ਕੌਤਕ ਬਹੁਤ ਨਿਆਰੇ ਨੇ, ਗੁਰ ਜਗਜੀਤ ਪਿਆਰੇ ਨੇ।

ਰਾਜੇ ਸੀਸ ਨਿਵਾਂਦੇ ਨੇ, ਰਿੱਧੀਆਂ ਸਿੱਧੀਆਂ ਪਾਂਦੇ ਨੇ।
ਜਾਂਦੇ ਸਭ ਬਲਿਹਾਰੇ ਨੇ, ਗੁਰ ਜਗਜੀਤ ਪਿਆਰੇ ਨੇ।

ਅੰਮ੍ਰਿਤ ਵਰਖਾ ਲਾਂਦੇ ਨੇ, ਨਾਮ ਪ੍ਰਭੂ ਦਾ ਗਾਂਦੇ ਨੇ।
'ਦਰਦੀ' ਦੇ ਲਿਖੇ ਹੁੰਗਾਰੇ ਨੇ, ਗੁਰ ਜਗਜੀਤ ਪਿਆਰੇ ਨੇ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੯੦**
**੨੩ ਵੈਸਾਖ ਵੀਰਵਾਰ ਸੰ: ੨੦੬੨, ੫ ਮਈ ੨੦੦੫ ਈ:)**



Sri Satguru Jagjit Singh Ji eLibrary NamdhariElibrary@gmail.com

# ਗੁਰੂ ਜਗਜੀਤ ਸਿੰਘ

-ਕੁਲਦੀਪ ਸਿੰਘ ਕੋਮਲ

ਨਾਨਕ ਗੁਰੂ ਦਸਮੇਸ਼ ਦਾ ਵਰਦਾਨ ਗੁਰੂ ਜਗਜੀਤ ਸਿੰਘ।
ਰਾਮ ਸਿੰਘ ਸਤਿਗੁਰਾਂ ਦੀ ਪਹਿਚਾਣ ਗੁਰੂ ਜਗਜੀਤ ਸਿੰਘ।
ਨਿਲੱਜਿਆਂ ਦੀ ਲੱਜ ਨਿਆਸਰਿਆਂ ਦੇ ਆਸਰੇ,
ਨਿਥਾਵਿਆਂ ਦੇ ਥਾਨ ਤੇ ਮਾਨ ਗੁਰੂ ਜਗਜੀਤ ਸਿੰਘ।

ਨਾਮ ਖੁਮਾਰੀ ਨਿਤ ਵੰਡਣ ਦੇਸ ਤੇ ਪ੍ਰਦੇਸ ਵਿਚ,
ਪੰਥ ਦੀ ਆਨ ਬਾਨ ਸ਼ਾਨ ਗੁਰੂ ਜਗਜੀਤ ਸਿੰਘ।
ਦੁੱਧ ਚਿੱਟੇ ਵਸਤਰਾਂ ਵਿਚ ਨੂਰ ਨੂਰ ਲੱਗਦੇ,
ਸੀਸ ਸੁਨਹਿਰੀ ਨੂਰ ਦੀ ਖਾਨ ਗੁਰੂ ਜਗਜੀਤ ਸਿੰਘ।

ਬੇਕਸਾਂ ਦੇ ਯਾਰ ਤੇ ਢਾਲ ਸੱਚੇ ਪਾਤਸ਼ਾਹ,
ਦੁਸ਼ਟਾਂ ਲਈ ਦਸ਼ਮੇਸ਼ ਦੀ ਕਿਰਪਾਨ ਗੁਰੂ ਜਗਜੀਤ ਸਿੰਘ।
ਸੇਵਾ, ਸਿਮਰਨ, ਸਾਦਗੀ, ਵਿਧਵਾ ਵਿਆਹ ਦੇ ਪਕਸ਼ਧਰ,
ਇਸਤ੍ਰੀ ਸੰਸਾਰ ਦੇ ਸਨਮਾਨ ਗੁਰੂ ਜਗਜੀਤ ਸਿੰਘ।

ਊਚ-ਨੀਚ, ਜਾਤ-ਪਾਤ ਦੇ ਵਿਰੋਧੀ ਸਤਿਗੁਰੂ,
ਸਮੁੱਚੀ ਮਾਨਸ ਜਾਤ ਦੇ ਕਲਿਆਨ ਗੁਰੂ ਜਗਜੀਤ ਸਿੰਘ।
ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸੇਵਕ ਗੁਰਾਂ ਦੇ,
ਗੁਰਬਾਣੀ ਦਾ ਨਿੱਤ ਕਰਨ ਗੁਣਗਾਨ ਗੁਰੂ ਜਗਜੀਤ ਸਿੰਘ।

ਸੁੰਦਰ ਸਿੱਖੀ ਬਾਗ ਦੇ ਸੱਚੇ ਸੁਚੱਜੇ ਬਾਗਬਾਂ,
ਗੁਰਸਿੱਖੀ ਦਾ ਕਰਦੇ ਸਦਾ, ਉਥਾਨ ਗੁਰੂ ਜਗਜੀਤ ਸਿੰਘ।
ਮਹਾਂਦਾਨੀ, ਮਹਾਂ ਤਪੱਸਵੀ, ਨਿਮਰਤਾ ਦੇ ਪੁੰਜ ਉਹ,
ਮਿਹਰਾਂ ਵੰਡਣ ਵਾਲੜੇ, ਮਿਹਰਬਾਨ ਗੁਰੂ ਜਗਜੀਤ ਸਿੰਘ।

ਮਿੱਠੇ ਨਿਮਾਣੇ, ਉਦਾਰ ਚਿੱਤ, ਸੰਗੀਤਕਾਰ, ਦਾਰਸ਼ਨਿਕ,
ਮਹਾਨ ਮਾਤਾ ਪਿਤਾ ਦੀ ਸੰਤਾਨ ਗੁਰੂ ਜਗਜੀਤ ਸਿੰਘ।



Sri Satguru Jagjit Singh Ji eLibrary NamdhariElibrary@gmail.com

ਗਊ ਰਖਸ਼ਕ ਦੀਨਾ ਬੰਧੂ, ਕਰਮ ਵੀਰ, ਧਰਮ ਵੀਰ,
ਕੂਕਿਆਂ ਦੀ ਜਿੰਦ ਜਾਨ, ਪ੍ਰਾਨ ਗੁਰੂ ਜਗਜੀਤ ਸਿੰਘ।

ਨਿਹਾਲ ਕਰਦੇ ਸੇਵਕਾਂ ਨੂੰ ਚੋਜੀ ਦਾਤਾ ਸਤਿਗੁਰੂ,
ਕਲਿਆਣਕਾਰੀ ਜਨ ਸੇਵਕ ਮਹਾਨ ਗੁਰੂ ਜਗਜੀਤ ਸਿੰਘ।
ਕਰ ਦਿੱਤਾ ਨਿਰਮਾਣ ਪੂਰਾ ਅਪੋਲੋ ਹਸਪਤਾਲ ਦਾ,
ਪ੍ਰਤਾਪ ਸਿੰਘ ਸਤਿਗੁਰਾਂ ਤੇ ਕੁਰਬਾਨ ਗੁਰੂ ਜਗਜੀਤ ਸਿੰਘ।

ਰਾਮ ਸਿੰਘ ਸਤਿਗੁਰਾਂ ਦੇ ਚਰਨਾਂ ਦੇ ਭੰਵਰੇ ਪ੍ਰੀਤਵਾਨ,
'ਕੋਮਲ' ਭਲੇ ਸਰਬਤ ਦੇ ਚਾਹਵਾਨ ਗੁਰੂ ਜਗਜੀਤ ਸਿੰਘ।

◆

**(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੯**
**੧੬ ਮੱਘਰ ਵੀਰਵਾਰ ਸੰ: ੨੦੬੨, ੧ ਦਸੰਬਰ ੨੦੦੫ ਈ:)**



Sri Satguru Jagjit Singh Ji eLibrary NamdhariElibrary@gmail.com

## ਜਗਜੀਤ ਜਗ ਜਿੱਤਿਆ

–ਹਰਭਜਨ ਸਿੰਘ ਰਤਨ

ਜਗਜੀਤ ਜਗ ਜਿੱਤਿਆ ਅਤੇ ਨਾਮ ਵਾਲਾ ਡੰਕਾ ਵਜਾਇਆ।
ਰੋਗ ਸੋਗ ਉਹਦੇ ਮਿਟ ਗਏ, ਜਿਹਨੇ ਦਰਸ ਏਸ ਦਾ ਪਾਇਆ।
ਨਾਨਕ ਤੇ ਗੋਬਿੰਦ ਗੁਰੂ ਦੀ, ਇਹਦੀ ਪਿੱਠ 'ਤੇ ਹੈ ਸ਼ਕਤੀ ਭਾਰੀ।
ਸਤਿਗੁਰੂ ਰਾਮ ਸਿੰਘ ਦੀ, ਮਿਲੀ ਭਗਤੀ ਏਸ ਨੂੰ ਸਾਰੀ।
ਸਤਿਗੁਰੂ ਹਰੀ ਸਿੰਘ ਦਾ, ਤਪ ਤੇਜ ਇਹਦੇ ਹਿੱਸੇ ਵਿਚ ਆਇਆ।
ਜਗਜੀਤ ਜਗ ਜਿੱਤਿਆ ਅਤੇ ਨਾਮ ਵਾਲਾ ਡੰਕਾ ਵਜਾਇਆ।

ਇਹਦੇ ਵਿਚ ਜੋਤ ਵੇਖ ਕੇ, ਏਹਨੂੰ ਝੁਕਦਾ ਏ ਸਾਰਾ ਜ਼ਮਾਨਾ।
ਸਿਮਰਨ, ਸੇਵਾ, ਨੇਕੀ ਵਾਲੜਾ, ਇਹਨੇ ਭਰ ਭਰ ਵੰਡਿਆ ਖ਼ਜ਼ਾਨਾ।
ਸਤਿਗੁਰੂ ਪ੍ਰਤਾਪ ਸਿੰਘ ਨੇ, ਆਪ ਗੋਦ ਵਿਚ ਚੁੱਕ ਕੇ ਖਿਡਾਇਆ।
ਜਗਜੀਤ ਜਗ ਜਿੱਤਿਆ ਅਤੇ ਨਾਮ ਵਾਲਾ ਡੰਕਾ ਵਜਾਇਆ।

ਜੋ ਵੀ ਇਹਦੇ ਦਰ ਆ ਗਿਆ, ਤਨ ਮਨ ਤਾ ਉਸ ਰੋਗ ਗੁਆਇਆ।
ਨਿਮਾਣਿਆਂ ਨਿਤਾਣਿਆਂ ਨੂੰ, ਤਾਣ ਦਿੱਤਾ ਅਤੇ ਮਾਣ ਵਧਾਇਆ।
ਸੁੱਚਤਾ ਤੇ ਸਾਦਗੀ ਦਾ ਏਹਨੇ ਜਗ ਤਾਈਂ ਸਬਕ ਪੜ੍ਹਾਇਆ।
ਜਗਜੀਤ ਜਗ ਜਿੱਤਿਆ ਅਤੇ ਨਾਮ ਵਾਲਾ ਡੰਕਾ ਵਜਾਇਆ।

ਰਜ ਰਜ ਪੀਓ ਪਿਆਸਿਓ, ਖੁੱਲ੍ਹਾ ਨਾਮ ਵਾਲਾ ਇਸਦਾ ਮੈਖ਼ਾਨਾ।
ਇਕ ਘੁੱਟ ਜੋ ਵੀ ਪੀ ਲਵੇ, ਬਣੇ ਸਦਾ ਲਈ ਏਸ ਦਾ ਦੀਵਾਨਾ।
ਵੇਲਾ ਹੱਥ ਨਹੀਂ ਆਵਣਾ, ਜੋ ਵੀ ਖੁੰਝਿਆ, ਓਹੀ ਪਛਤਾਇਆ।
ਜਗਜੀਤ ਜਗ ਜਿੱਤਿਆ ਅਤੇ ਨਾਮ ਵਾਲਾ ਡੰਕਾ ਵਜਾਇਆ।



Sri Satguru Jagjit Singh Ji eLibrary NamdhariElibrary@gmail.com

ਦੋਹਾਂ ਹੀ ਜਹਾਨਾਂ ਵਾਲੀਆਂ, ਦਾਤਾਂ ਮਿਲਦੀਆਂ ਏਸ ਦੇ ਦੁਆਰੇ।
ਸ਼ਰਧਾ ਦੀ ਘਾਟ ਨਾ ਹੋਵੇ, ਬੰਦਾ ਸਿਦਕੋਂ ਕਦੀ ਨਾ ਹਾਰੇ।
ਲੋਕਾਂ ਦੀ ਮੈਂ ਗੱਲ ਕੀ ਕਰਾਂ, 'ਰਤਨ' ਆਪ ਮੈਂ ਏਹਨੂੰ ਅਜਮਾਇਆ।
ਜਗਜੀਤ ਜਗ ਜਿੱਤਿਆ ਅਤੇ ਨਾਮ ਵਾਲਾ ਡੰਕਾ ਵਜਾਇਆ।
ਰੋਗ ਸੋਗ ਉਹਦੇ ਮਿਟ ਗਏ, ਜਿਹਨੇ ਦਰਸ ਏਸ ਦਾ ਪਾਇਆ।

◆

(ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੯੧
੨੩ ਭਾਦਰੋਂ ਵੀਰਵਾਰ ਸੰ: ੨੦੬੩, ੭ ਸਤੰਬਰ ੨੦੦੬ ਈ:)



Sri Satguru Jagjit Singh Ji eLibrary NamdhariElibrary@gmail.com

## ਬੱਸ ਇਕੋ ਦੀਦਾਰ ਦੀ ਲੋੜ ਸਾਨੂੰ

–ਪ੍ਰਿੰਸੀਪਲ ਅਜੀਤ ਸਿੰਘ ਚੀਮਾ

ਧਰਮ ਰੱਖ ਕੇ ਮਰਿਆਦਾ ਦੇ ਪੁੰਜ ਸਤਿਗੁਰ,
ਤੈਨੂੰ ਧਰਮ ਸਮਝਾਂ ਜਾਂ ਈਮਾਨ ਸਮਝਾਂ।
ਸਾਂਝਾ ਗੁਰੂ ਤੂੰ ਸਾਰੇ ਸੰਸਾਰ ਦਾ ਏਂ,
ਤੈਨੂੰ ਰਾਮ ਸਮਝਾਂ ਜਾਂ ਰਹਿਮਾਨ ਸਮਝਾਂ।

ਤੇਰੇ ਅੰਦਰ ਗਿਆਨ ਦਾ ਹੈ ਸੋਮਾ,
ਤੈਨੂੰ ਵੇਦ ਸਮਝਾਂ ਜਾਂ ਪੁਰਾਨ ਸਮਝਾਂ।
ਅਨੇਕ ਕਲਾ ਦਾ ਮਾਲਕ ਬੇਅੰਤ ਹੈ ਤੂੰ,
ਤੈਨੂੰ ਗੁਰੂ ਸਮਝਾਂ ਜਾਂ ਭਗਵਾਨ ਸਮਝਾਂ।

ਤੇਰੀ ਨੇੜਤਾ ਜਿਹਨੂੰ ਨਸੀਬ ਹੋ ਗਈ,
ਉਹ ਸੰਤਾਂ ਦੇ ਸੰਤ ਸਰਦਾਰ ਬਣ ਗਏ।
ਅੰਮ੍ਰਿਤ ਭਰੀ ਤੂੰ ਜਿਸ ਵਲ ਨਿਗਾਹ ਕੀਤੀ,
ਭੇਵਕਾਰ ਉਹ ਬਾਵਕਾਰ ਬਣ ਗਏ।

ਤੇਰੇ ਕੋਲ ਬੇਅੰਤ ਨਿਆਮਤਾਂ ਨੇ,
ਤੂੰ ਬੇਅੰਤ ਬੇਅੰਤ ਪਿਆਰ ਵੰਡੇਂ।
ਤੇਰੇ ਜਾਮ ਲਬਰੇਜ ਨੇ ਮਸਤੀਆਂ ਦੇ,
ਬੇਖੁਦੀ ਦੇ ਖੁਦ ਖੁਮਾਰ ਵੰਡੇਂ।

ਖੁਸ਼ੀਂ ਦੇ ਕੇ ਖੁਸ਼ ਨਸੀਬ ਕਰਨੈ,
ਹਾਸੇ ਹੰਸੀਆਂ ਚਾਅ ਮਲਾਰ ਵੰਡੇਂ।
ਤੇਰੀ ਕਰਨੀ ਪਲਟ ਤਕਦੀਰ ਦੇਵੇਂ,
ਭਾਗ ਹੀਨਾਂ ਨੂੰ ਭਾਗ ਦਾਤਾਰ ਵੰਡੇਂ।

ਤੇਰੇ ਦਰ ਤੇ ਜੋ ਬੇਦਰਦ ਆਇਆ,
ਦਰਦਮੰਦ ਹੋ ਕੇ ਚਰਨੀਂ ਆ ਡਿੱਗਾ ।



Sri Satguru Jagjit Singh Ji eLibrary NamdhariElibrary@gmail.com

ਓਦ੍ਹੀ ਈਰਖਾਂ ਨਫ਼ਰਤ ਦਵੈਯ ਨਿਕਲੀ,
ਤੇਰੀ ਨਜ਼ਰਾਂ'ਚ ਹੋ ਪਰਵਾਨ ਡਿੱਗਾ।

ਤੇਰੀ ਰਹਿਮਤ ਦਾ ਦਰ ਨਹੀਂ ਬੰਦ ਹੁੰਦਾ,
ਚੋਰ ਯਾਰ ਡਾਕੂ ਬੇਸ਼ੁਮਾਰ ਬਖ਼ਸ਼ੇ।
ਜਿਹੜੇ ਰੱਬ ਗੁਨਾਹ ਨਹੀਂ ਮਾਫ਼ ਕਰਦਾ,
ਤੇਰੀ ਬਖ਼ਸ਼ਬੰਦੀ ਬਖ਼ਸ਼ਨ ਹਾਰ ਬਖ਼ਸ਼ੇ।

ਕਿਦ੍ਹੇ ਕਿਦ੍ਹੇ ਮੈਂ ਨਾਵਾਂ ਦੀ ਕਰਾਂ ਗਿਣਤੀ,
ਬਖ਼ਤਾਵਰ ਬਦਬਖਤ ਬਦਕਾਰ ਬਖ਼ਸ਼ੇ।
ਬੇਮਿਸਾਲ ਦੀ ਕੋਈ ਮਿਸਾਲ ਹੈ ਨਹੀਂ,
ਤੈਨੂੰ ਪਾਤਸ਼ਾਹ ਜੁਗਤੀ ਦਾ ਘਰ ਆਖਾਂ।

ਰਿੱਧ ਸਿੱਧ ਸਭ ਤੇਰੀਆਂ ਦਾਸੀਆਂ ਨੇ,
ਤੈਨੂੰ ਸਤਿਗੁਰੂ ਸ਼ਕਤੀ ਦਾ ਦਰ ਆਖਾਂ।
ਜਦੋਂ ਦੂਜੇ ਦੇ ਲੋਕ ਗੁਨਾਹ ਵੇਖਣ,
ਥਾਂ ਥਾਂ ਲੋਕੀਂ ਉਹੀਂ ਭੰਡਦੇ ਨੇ।

ਜ਼ਰਾ ਜਿੰਨਾ ਨਹੀਂ ਓਹਦਾ ਲਿਹਾਜ਼ ਕਰਦੇ,
ਗਿੱਲੇ ਕਪੜੇ ਵਾਂਗਰਾਂ ਛੰਡਦੇ ਨੇ।
ਕੋਈ ਵਿਛੜੇ ਯਾਰ ਮਲਾਵਦਾਂ ਨਹੀਂ,
ਟੁੱਟੀ ਹੋਈ ਨੂੰ ਕਦੇ ਨਾ ਗੰਢਦੇ ਨੇ।

ਵਿਚ ਪਰ੍ਹੇ ਪੰਚਾਇਤ ਦੇ ਸੱਦ ਉਹਨੂੰ,
ਛਿੱਤਰ ਮਾਰਦੇ ਤੇ ਨਾਲ ਦੰਡਦੇ ਨੇ।
ਲੋਕੀਂ ਇਕ ਗੁਨਾਹ ਨਹੀਂ ਮਾਫ਼ ਕਰਦੇ,
ਤੂੰ ਪਰ ਸੌ ਗੁਨਾਹਾਂ ਨੂੰ ਮਾਫ਼ ਕਰਨੈ।

ਅੱਖੀਂ ਵੇਖ ਕੇ ਤੂੰ ਹੀ ਅਣਡਿੱਠ ਕਰਨੈ,
ਸੱਚਾ ਸੁੱਚਾ ਸਚੁੱਜਾ ਇਨਸ਼ਾਫ਼ ਕਰਨੈ।
ਜਿਹਦੀ ਆਲ ਔਲਾਦ ਨਾ ਸਾਂਭਦੀ ਏ,
ਬਾਪੂ ਬਾਬਿਆਂ ਵੱਡੇ ਵਡੇਰਿਆਂ ਨੂੰ।



Sri Satguru Jagjit Singh Ji eLibrary NamdhariElibrary@gmail.com

ਉਦ੍ਹੀ ਖੰਘ ਖੰਘਾਰਾਂ ਨੂੰ ਵੇਖ ਕੇ ਤੇ,
ਕਹਿੰਦੇ ਭਰ ਦਿੱਤਾ ਬੁੱਢੇ ਵੇਹੜਿਆਂ ਨੂੰ।
ਮੰਜੀ ਚੁੱਕ ਡਿਉੜੀ ਵਿਚ ਰੱਖ ਦਿੰਦੇ,
ਕੀਤਾ ਕਿਰਕਿਰਾ ਖੁਸ਼ੀਆਂ ਤੇ ਖੇੜਿਆਂ ਨੂੰ ।

ਏ ਤਾਂ ਤੇਰੀ ਵਡਿਆਈ ਬੇਅੰਤ ਸਤਿਗੁਰ,
ਲਾਵੇਂ ਹਿੱਕ ਨਾਲ ਬੁੱਢਿਆਂ ਠੇਰਿਆਂ ਨੂੰ।
ਓਸ ਕਿਸ਼ਤੀ ਨੂੰ ਭੰਵਰ'ਚ ਕੱਢ ਦੇਵੇਂ,
ਜਿਸ ਕਿਸ਼ਤੀ ਦਾ ਹੁੰਦਾ ਮਲਾਹ ਕੋਈ ਨਹੀਂ।

ਓਸ ਰੋਗੀ ਨੂਮ ਤੂੰ ਤੰਦਰੁਸਤ ਕਰਨੈਂ,
ਜਿਸ ਰੋਗੀ ਦੀ ਹੋਰ ਦਵਾ ਕੋਈ ਨਹੀਂ।
ਸ਼ੱਚੇ ਪਾਤਸ਼ਾਹ ਸ਼ਾਹਾਂ ਦਾ ਸ਼ਾਹ ਹੈ ਤੂੰ,
ਮੇਰੇ ਜਿਹਾ ਮਸਕੀਨ ਗਰੀਬ ਕੋਈ ਨਹੀਂ।

ਖੱਚੀ ਯਾਰੀ ਸੰਸਾਰ ਦੇ ਬੰਦਿਆਂ ਦੀ,
ਥੇਰੇ ਜਿਹਾ ਮੈਂ ਡਿੱਠਾ ਹਬੀਬ ਕੋਈ ਨਹੀਂ।
ਗਦਾਗਰਾਂ ਨੂੰ ਰਾਜੇ ਬਣਾ ਦੇਵੇਂ,
ਬਦਲ ਸਕਦਾ ਹੋਰ ਨਸੀਬ ਕੋਈ ਨਹੀਂ।

ਤੂੰ ਵੇਦਾਂ ਦਾ ਵੈਦ ਸਿਰਤਾਜ ਹੈ ਤੂੰ,
ਤੇਰੇ ਜਿਹਾ ਮੈਂ ਡਿੱਠਾ ਤਬੀਬ ਕੋਈ ਨਹੀਂ।
ਇਕ ਨਿਗਾਹ ਹੀ ਕਾਫ਼ੀ ਮਸਤਾਨਿਆਂ ਨੂੰ,
ਨਹੀਂ ਹੋਰ ਪਦਾਰਥ ਦੀ ਲੋੜ ਸਾਨੂੰ।

ਬੂਹੇ ਰਹਿਮਤਾਂ ਦੇ ਚੀਮਾ ਖੋਲ੍ਹ ਦੇਵੇ,
ਬੱਸ ਇਕੋ ਦੀਦਾਰ ਦੀ ਲੋੜ ਸਾਨੂੰ।

◆

(ਸਤਿਜੁਗ, ਗੁਰਗੱਦੀ ਦੀ ਅੱਧੀ ਸਦੀ, 2009)



Sri Satguru Jagjit Singh Ji eLibrary NamdhariElibrary@gmail.com

# ਮਰਿਆਦਾ ਦੇ ਪੱਕੇ

–ਲਖਵਿੰਦਰ ਸਿੰਘ ਬਾਜਵਾ

ਸਤਿਗੁਰੂ ਜਗਜੀਤ ਸਿੰਘ ਪੱਕੇ ਰੱਖ ਅਸੂਲ।
ਮਰਿਆਦਾ ਦੇ ਵਿੱਚ ਉਹ ਢਿੱਲ ਨਾ ਦੇਂਦੇ ਮੂਲ।
ਭਾਵੇਂ ਕੋਈ ਏਸਦੀ ਘੱਟ ਕਰੇ ਪ੍ਰਵਾਹ।
ਐਪਰ ਉਹਨੂੰ ਫਿਰ ਵੀ ਦੇਂਦੇ ਰਹਿਣ ਸੁਝਾਅ।

ਚਿੱਟਾ ਬਾਣਾ ਇਸ ਲਈ ਚੰਗਾ ਕਹਿਣ ਹਮੇਸ਼ਾ।
ਇਸ ਦੇ ਉੱਤੇ ਜ਼ਰਾ ਵੀ ਦਿਸਦੀ ਲੱਗੀ ਲੇਸ਼।
ਬਸਤਰ ਗੂਹੜੇ ਰੰਗ ਦੇ ਜਾਂ ਰੰਗੇ ਜੋ ਭੂਮ।
ਵਿੱਚ ਸਮਾਉਂਦੀ ਮੈਲ ਹੈ ਹੁੰਦੀ ਨਹੀਂ ਮਾਲੂਮ।

ਵਿੱਚ ਕੀਟਾਣੂ ਪਨਪਦੇ ਦੱਸ ਰਿਹਾ ਵਿਗਿਆਨ।
ਘਰ ਰੋਗਾਂ ਦਾ ਮੈਲ ਹੈ ਰੋਜ਼ ਕਰੋ ਇਸ਼ਨਾਨ।
ਖਾਣਾ ਦੇਸੀ ਸ਼ੁੱਧ ਹੈ ਹੱਥੀਂ ਕਰੋ ਤਿਆਰ।
ਰਗ ਛੂਤ ਦੇ ਨਾਲ ਨਾ ਹੋਵੇ ਕੋਈ ਬੀਮਾਰ।

ਖਾਣਾ ਹੋਟਲ ਢਾਬਿਆਂ ਹੁੰਦਾ ਸਦਾ ਅਸ਼ੁੱਧ।
ਨਾਲੇ ਬਖ਼ਸ਼ੇ ਰੋਗ ਉਹ ਨਾਲੇ ਮਾਰੇ ਬੁੱਧ।
ਜਿਸ ਘਰ ਅੰਦਰ ਹੋਂਵਦਾ ਜੂਠ ਝੂਠ ਦਾ ਵਾਸ।
ਕਦੇ ਤਰੱਕੀ ਕਰੇ, ਨਾ ਹੁੰਦਾ ਰਹੇ ਵਿਨਾਸ਼।

ਪਰ ਨਾਰੀ ਪਰ ਮਰਦ ਦਾ ਮੇਲਾ ਬੁਰਾ ਅਖ਼ੀਰ।
ਧਰਮ ਗਵਾਵੇ ਧਨ ਹਰੇ ਰੋਗੀ ਹੋਏ ਸਰੀਰ।
ਘਰ ਵਿੱਚ ਮੁੱਢ ਕਲੇਸ਼ ਦਾ ਦੁਨੀਆਂ ਦੇ ਬਦਨਾਮ।
ਕਾਲਖ ਮੱਥੇ ਲੱਗਦੀ ਸਿਰੇ ਚੜ੍ਹਾਈਏ ਕਾਮ।



Sri Satguru Jagjit Singh Ji eLibrary NamdhariElibrary@gmail.com

ਨੈਣਾਂ ਵਿਚੋਂ ਸ਼ਰਮ ਦਾ ਉੱਡੇ ਨਾਮ ਨਿਸ਼ਾਨ।
ਇਸ ਦਲਦਲ ਦੇ ਗਰਤ ਵਿੱਚ ਗਰਕ ਜਾਣ ਬਲਵਾਨ।
ਆਇਆ ਏਸੇ ਗੱਲ ਤੋਂ ਯਾਦ ਗੁਰੂ ਉਪਦੇਸ਼।
ਲੋਕ ਭਲਾਈ ਵਾਸਤੇ ਦੇਂਦੇ ਰਹਿਣ ਹਮੇਸ਼।

◆

(ਸਾਚਾ ਸਾਹਿਬ ਵਿਸ਼ਵ ਨਾਮਧਾਰੀ ਸੰਗਤ, ਭੈਣੀ ਸਾਹਿਬ, 2014, ਪੰਨਾ 170.)



Sri Satguru Jagjit Singh Ji eLibrary NamdhariElibrary@gmail.com

## ਸਤਿਗੁਰੂ ਜਗਜੀਤ ਸਿੰਘ

**-ਕਰਮ ਸਿੰਘ ਬਾਲਮ**

ਗੁਰੂ ਜਗਜੀਤ ਸਿੰਘ ਆਏ ਜਗ ਜੀਤਨੇ ਕੇ
ਨਾਮ ਕੋ ਧਨੁਸ਼ ਸਚਾਈ ਕੋ ਹਾਥ ਤੀਰ ਹੈ।
ਮੀਰੀ ਕਾ ਹੈ ਤਖ਼ਤ ਨੀਚੇ ਪੀਰੀ ਕਾ ਹੈ ਤਾਜ ਸੀਸ
ਧਰਮ ਕੇ ਚੌਰ ਝੁਲੇ ਅਣਖ ਵਜੀਰ ਹੈ।

ਦੀਨਾ ਨਾਥ ਦਇਆ ਸਿੰਧੂ ਮਹਾਂਦਾਨੀ, ਦਿਲਦਾਰ,
ਜਾ ਕੇ ਗ੍ਰਿਹਿ ਮਾਂਗਨੇ ਕੇ ਬਾਲਮ ਫਕੀਰ ਹੈ।
ਰਾਜਨ ਕੇ ਰਾਜੇ ਮਹਾਰਾਜਨ ਕੇ ਮਹਾਰਾਜੇ
ਵਲੀਓਂ ਕੇ ਵਲੀ ਗੁਰੂ ਪੀਰਨ ਕੇ ਪੀਰ ਹੈ।

ਜਤ ਸਤ ਘੋੜੇ ਕੀ ਸਵਾਰੀ ਕਰੇਂ ਦਿਨ ਰਾਤ
ਪਕੜੀ ਜੇ ਵਾਗ ਹਾਥ ਜੀਵੇਂ ਕੀ ਭਲਾਈ ਹੈ।
ਸੁੱਚ ਸੋਧ ਸਿਮਰਨ ਦੀ ਪਹਿਣ ਕੇ ਪੁਸ਼ਾਕ ਰੱਖੇ।
ਅੱਖ ਮੇਂ ਖੁਮਾਰੀ ਨਾਮ ਮੁਖ ਮੇਂ ਸਚਾਈ ਹੈ।

ਸ਼ੋਭਾ ਸ਼ਾਤ ਭਗਤੀ ਦੀ ਕਲੀਓ ਕੀ ਮਾਲਾ ਗਲੇ
ਬੀਰਤਾ ਬਹਾਦਰੀ ਦੇ ਗਰਦਨ ਝੁਕਾਈ ਹੈ।
ਜਪੀ ਤਪੀ ਆਲਿਮ ਔਂ ਬਾਲਮ ਝੁਕਾਤੇ ਸੀਸ
ਸ਼ੇਸ਼ ਔ ਗੇਸ਼ ਵੇਦ ਮਹਿਮਾ ਜਾ ਕੀ ਗਾਈ ਹੈ।

◆

**(ਬਾਲਮ ਰਚਨਾਵਲੀ, ਸੰਪਾਦਕ ਨਿਸ਼ਾਨ ਸਿੰਘ, ਸਫ਼ਾ 72)**



Sri Satguru Jagjit Singh Ji eLibrary NamdhariElibrary@gmail.com

## ਬਸ ਤੂੰ ਹੀ ਤੂੰ

**–ਸੂਬਾ ਸੁਰਿੰਦਰ ਕੌਰ ਖਰਲ**

ਤੇਰੇ ਅਥਾਂਹ ਡੂੰਘੇ ਸੁਮੰਦਰ ਜਿਹੇ ਨੈਣਾਂ ਚ
ਮੈਨੂੰ ਸਾਰਾ ਬ੍ਰਹਿਮੰਡ ਨਜ਼ਰ ਆਉਂਦਾ ਹੈ।
ਤੇਰੇ ਹੋਠਾਂ ਚੋਂ ਨਿਕਲੇ ਸ਼ਬਦਾਂ ਦਾ ਹਰ ਫੁੱਲ,
ਜੀਅ ਕਰਦੈ ਆਪਣੀ ਝੋਲੀ ਚ ਸਮੇਟ ਲਵਾਂ
ਤੇ ਸੁਗੰਧੀ ਬਿਖੇਰਨ ਲਈ ਚੁਣ ਚੁਣ ਕੇ,
ਕਾਗਜ਼ਾਂ ਉੱਤੇ ਸਜਾ ਦੇਵਾਂ।
ਤੇਰਾ ਦੀਦਾਰ ਕਰ
ਬੇਖ਼ੌਫ ਬੇਫ਼ਿਕਰ ਆਪਾ ਖਿੜ ਖਿੜ ਉਠਦਾ ਹੈ
ਇਕਾਂਤ ਦੇ ਲਮ੍ਹਿਆ ਵਿਚ ਤੇਰਾ ਸਿਮਰਨ
ਰੂਹ ਨਸ਼ਿਆਂ ਜਾਂਦਾ ਹੈ
ਤੇਰੇ ਚਰਨ ਸਪਰਸ਼ ਮਾਣਦਾ ਹੈ ਜਦ ਵੀ ਮਸਤਕ
ਜਾਪਦੈ ਹੁਣੇ ਤੀਜੀ ਅੱਖ ਖੁੱਲ੍ਹ ਜਾਵੇਗੀ
ਜਾਗਦੀਆਂ ਅੱਖਾਂ ਦਾ ਸੁਪਨਾ ਹੈ ਜੋ,
ਸਭ ਝੂਠ ਹੈ
ਮੇਰੇ ਲਈ ਤਾਂ ਬਸ ਹੁਣ
ਤੂੰ ਹੀ ਤੂੰ ਹੈ
ਤੂੰ ਹੀ ਤੂੰ, ਬਸ ਤੂੰ ਹੀ ਤੂੰ

◆

**(ਬਖਸ਼ਿਸ਼, ਆਸ਼ਾ ਵਿਜ਼ਨ, ਲੁਧਿਆਣਾ, 1996, ਪੰਨਾ 32.)**



Sri Satguru Jagjit Singh Ji eLibrary NamdhariElibrary@gmail.com

# ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ

–ਕਿਰਪਾਲ ਸਿੰਘ ਸੋਹਲ

ਜਦੋਂ ਦਾ ਸਰੂਪ ਤੇਰਾ ਦਿਲ ਵਿਚ ਬਹਿ ਗਿਆ,
ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।
ਦਿਖਾ ਕੇ ਨਜ਼ਾਰੇ ਮੈਨੂੰ ਦਿਲ ਮੇਰਾ ਲੁਟਿਆ,
ਝਲਕ ਦਿਖਾ ਕੇ ਸੋਹਣੀ ਮੈਨੂੰ ਮਾਰ ਸੁਟਿਆ।

ਤੇਰਾ ਹੀ ਭਰੋਸਾ ਮੈਨੂੰ ਤੇਰਾ ਹੀ ਮੈਂ ਹੋ ਗਿਆ,
ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।
ਨਜ਼ਰਾਂ ਦੇ ਤੀਰਾਂ ਨਾਲ ਕੀਤਾ ਤੂੰ ਦਿਵਾਨਾ ਏਂ,
ਮਾਰ ਦਿਤੇ ਪੰਜੇ ਕੱਠੇ ਗਜ਼ਬ ਦਾ ਨਿਸ਼ਾਨਾ ਏ।

ਸੁੱਖ ਮੈਨੂੰ ਦਿੱਤੇ ਸਾਰੇ ਸਾਡੇ ਦੁੱਖ ਸਾਰੇ ਲੈ ਗਿਆ,
ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।
ਪਿਆਰ ਮੇਰੇ ਦਿਲ ਵਿਚ ਸਭ ਤੋਂ ਨਿਆਰਾ ਏਂ,
ਸੱਚੀਆਂ ਇਹ ਗੱਲਾਂ ਤੇ ਗੁਪਤ ਇਸ਼ਾਰਾ ਏ।

ਚਰਨਾਂ ਦੇ ਨਾਲ ਤੇਰੇ ਪ੍ਰੇਮ ਏਨਾ ਪੈ ਗਿਆ,
ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।
ਪੰਜਾਹ ਵਰ੍ਹੇ ਗੱਦੀ ਉੱਤੇ ਬੈਠਿਆਂ ਨੂੰ ਹੋ ਗਏ,
ਭੈਣੀ ਦੇ ਸ਼ਿੰਗਾਰ ਵੀ ਕਿੰਨੇ ਸੋਹਣੇ ਹੋ ਗਏ।

ਰਾਮ ਜੀ ਨੇ ਔਣਾਂ ਕਦੋਂ ਸਮਾਂ ਕਿੰਨਾ ਰਹਿ ਗਿਆਂ,
ਮੈਂ ਮੇਰੀ ਮੁੱਕ ਗਈ ਤੂੰ ਹੀ ਊਂ ਰਹਿ ਗਿਆ।
ਪਿਆਰ ਮੇਰੇ ਦਿਲ ਵਿਚ ਠਾਠਾਂ ਪਿਆ ਮਾਰਦਾ,
ਇਕ ਇਕ ਪਲ ਵਾਂਗ ਸਾਲਾਂ ਦੇ ਗੁਜ਼ਰਦਾ।

ਪਤਾ ਨਹੀਂ ਵਿਛੋੜਾ ਇੰਨਾ ਲੰਮਾ ਕਿਉਂ ਪੈ ਗਿਆ,
ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।



Sri Satguru Jagjit Singh Ji eLibrary NamdhariElibrary@gmail.com

ਸੱਧਰਾਂ ਨਾ ਦਿਲ ਵਿਚ ਹੋਰ ਕੋਈ ਖਾਸ ਹੈ,
ਨਿਭ ਜਾਣ ਨਾਲ ਤੇਰੇ ਜਿੰਨੇ ਬਾਕੀ ਸਵਾਸ ਹੈ।

ਸਮਝਾਂਗਾ ਮੁੱਲ ਮੇਰੀ ਜ਼ਿੰਦਗੀ ਦਾ ਪੈ ਗਿਆ,
ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।
ਦੇਖਿਆ ਮੈਂ ਜਗ ਵਿਚ ਤੇਰਾ ਕੋਈ ਸਾਨੀ ਨਾ,
ਤੇਰੇ ਬਗੈਰ ਮੇਰਾ ਹੋਰ ਦਿਲ ਜਾਨੀ ਨਾ।
ਸੋਹਲ ਨਿਮਾਣਾ ਆ ਕੇ ਤਾਹੀਓਂ ਏਥੇ ਢਹਿ ਗਿਆਂ,
ਮੈਂ ਮੇਰੀ ਮੁੱਕੀ ਗਈ ਤੂੰ ਹੀ ਤੂੰ ਰਹਿ ਗਿਆ।

◆

**(ਸਤਿਗੁਰੂ ਲੀਲ੍ਹਾ, ਪੰਨਾ 69)**



Sri Satguru Jagjit Singh Ji eLibrary NamdhariElibrary@gmail.com

## ਮੇਰਾ ਰਹਿਬਰ

-ਅਜੀਤ ਸਿੰਘ ਲਾਇਲ

ਮੇਰਾ ਰਹਿਬਰ
ਅੰਬਰਾਂ ਵਰਗਾ
ਜੇਰਾ ਉਸਦਾ
ਧਰਤੀ ਵਰਗਾ
ਪ੍ਰੀਤਾਂ ਵੰਡੇ
ਮਹਿਕਾ ਵੰਡੇ
ਹਰ ਚਿਹਰੇ ਤੋਂ ਨਜ਼ਰੀਂ ਪੈਂਦੀ
ਨਿੱਤ ਰੂਹਾਨੀ ਟਹਿਕਾਂ ਵੰਡੇ।
ਵਿੱਚ ਮਜੀਠੀ ਰੰਗ'ਚ ਉਸ ਨੇ
ਬਹੁਤੇ....ਹੀ
ਕਸੁੰਭੜੇ ਰੰਗੇ।
ਪਰਬਤ ਵਾਗੂੰ
ਓਹਲਾ ਬਣ ਕੇ,
ਬੈਠ ਅਗੇਰੇ
ਫੇਰੇ ਮਣਕੇ
ਇਹੀ ਹੈ ਤੁਲਵਾਰ ਉਸੇ ਦੀ,
ਹੱਥ ਫੜਿਓ
ਕਿਰਪਾਨ ਉਸੇ ਦੀ
ਸੰਗਤਾਂ ਲਈ ਹੈ
ਢਾਲ ਉਸੇ ਦੀ
ਦੁਸ਼ਮਣ ਲਈ
ਇਹੀਓ ਹੈ.....ਥਾਂਣ
ਆਵੇ ਜਿਹੜਾ
ਛਾਤੀ ਤਾਣ
ਵੇਖ ਕੇ



Sri Satguru Jagjit Singh Ji eLibrary NamdhariElibrary@gmail.com

ਸੂਰਤ ਸੀਰਤ ਇਸਦੀ
ਹੋ ਜਾਵੇ ਨਿਰਮਾਣ॥
ਸੂਰਤ ਗੁਰ ਜਗਜੀਤ ਜਹੀ ਲੱਗੇ
ਵਡ ਪ੍ਰਤਾਪੀ ਵਾਗੂੰ ਦੱਗੇ
ਜਾਹੋ ਜਲਾਲ ਰਾਮ ਗੁਰ ਜੈਸਾ
ਬੈਠਾ ਉਸਦੇ ਵਾਗੂੰ ਫੱਬੇ
ਉਂਝ ਭਾਵੇਂ ਬਹੁਤਾ ਨਾ ਬੋਲੇ
ਬੋਲੇ ਜਦ ਧੁਰ ਅੰਦਰੋਂ ਬੋਲੇ
ਭਿੱਜਿਆਂ ਹਰ ਇੱਕ ਅੱਖਰ ਜੀਕੂੰ
ਗੁਰ ਜਗਜੀਤ ਦੇ ਪਿਆਰ 'ਚ ਬੋਲੇ
ਜਿਸਦੇ ਕੰਨਾਂ ਦੇ ਵਿੱਚ ਪੈਂਦੇ
ਬੰਦ ਕਪਾਟ ਦਿਲੇ ਦੇ ਖੋਹਲੇ
ਹਰ ਕੋਈ ਗੁਰ ਜਗਜੀਤ ਦੀ
ਯਾਦ 'ਚ
ਭਰ ਭਰ ਅੱਖੀਆਂ ਹੰਝੂ ਡੋਹਲੇ
ਇੰਜ ਜਾਪੇ ਹੈ
ਜੀਕੂੰ ਸਾਹਵੇਂ
ਆਪੇ ਗੁਰ ਜਗਜੀਤ ਹੀ ਬੋਲੇ।

◆

**(ਵਰਤਮਾਨ ਹਿੰਦੁਸਤਾਨ (ਮਾਸਿਕ), ਨਵੰਬਰ 2013, ਪੰਨਾ 16)**



Sri Satguru Jagjit Singh Ji eLibrary NamdhariElibrary@gmail.com

## ਅਸਾਡੀ ਤੁਹਾਡੀ ਮੁਲਾਕਾਤ ਹੋਈ

-ਸੁਰਜੀਤ ਪਾਤਰ

ਅਸਾਡੀ ਤੁਹਾਡੀ ਮੁਲਾਕਾਤ ਹੋਈ
ਜਿਵੇਂ ਬਲ਼ਦੇ ਜੰਗਲ ਤੇ ਬਰਸਾਤ ਹੋਈ
ਸੀ ਚਾਰੇ ਦਿਸ਼ਾ ਹੀ ਰਾਤ ਹੋਈ
ਤੇਰਾ ਮੁਖੜਾ ਦਿਸਿਆ ਤਾਂ ਪਰਭਾਤ ਹੋਈ
ਤੂੰ ਤੱਕਿਆਂ ਤਾਂ ਰੁੱਖਾਂ ਨੂੰ ਫੁੱਲ ਪੈ ਗਏ ਸਨ
ਮੇਰੇ ਤੱਕਿਆਂ ਤਾਂ ਰੁੱਖਾਂ ਨੂੰ ਫੁੱਲ ਪੈ ਗਏ ਸਨ
ਮੇਰੇ ਤੱਕਦੇ ਤੱਕਦੇ ਕਰਾਮਾਤ ਹੋਈ
ਮੈਂ ਲਫਜ਼ਾਂ 'ਚ ਉਸਦਾ ਹੀ ਅਨੁਵਾਦ ਕੀਤਾ
ਜੋ ਰੁੱਖਾਂ ਤੇ ਪੌਣਾਂ 'ਚ ਗੱਲਬਾਤ ਹੋਈ
ਉਹਦੇ ਨੈਣਾਂ ਵਿਚੋਂ ਮੇਰੇ ਹੰਝੂ ਸਿੰਮੇ
ਅਜਬ ਗੱਲ ਖ਼ਵੀਤੀਨੋ ਹਜ਼ਰਾਤ ਹੋਈ
ਉਹ ਓਨਾ ਕੁ ਖੁਰਿਆਂ ਪਿਘਲਿਆਂ ਤੇ ਰੁਲਿਆ
ਹੈ ਜਿੰਨੀ ਕੁ ਜਿਸ ਜਿਸ ਦੀ ਔਕਾਤ ਹੋਈ
ਪਲਕ ਤੇਰੀ ਮਿਜ਼ਰਾਬ ਦਿਲ ਸਾਜ਼ ਮੇਰਾ
ਸੀ ਅਨੁਰਾਗ ਦੀ ਇਉਂ ਸ਼ੁਰੂਆਤ ਹੋਈ
ਰਗਾਂ ਰਾਗ ਹੋਈਆਂ ਲਹੂ ਲਫਜ਼ ਹੋਇਆ
ਕਵੀ ਦੀ ਤੇ ਕਵਿਤਾ ਦੀ ਇਕ ਜ਼ਾਤ ਹੋਈ ।

ਇਹ ਨੇ ਸ਼ਾਜ ਸਾਜ਼ਨਹਾਰ ਤੂੰ
ਤੇ ਫ਼ਿਜ਼ਾ ਨੂੰ ਧੁਨ ਦੀ ਉਡੀਕ ਹੈ
ਤੇਰੇ ਪੋਟਿਆਂ ਤੇ ਸੁਰਾਂ 'ਚੋਂ ਇਹ
ਕੇਹੇ ਫ਼ਾਸਿਲੇ, ਕੇਹੀ ਲੀਕ ਹੈ
ਇਹ ਜੋ ਕਹਿ ਰਹੇ ਹੈ ਰਬਾਬ ਸੁਣ
ਜੋ ਸੁਖਨ ਸੁਣਾਏ ਕਿਤਾਬ ਸੁਣ
ਤੂੰ ਇਹ ਸੁਣ ਤੇ ਫਿਰ ਮੇਰੇ ਕੁਫ਼ਰ ਨੂੰ
ਜੋ ਸਜ਼ਾ ਸੁਣਾਵੇਂ ਸੋ ਠੀਕ ਹੈ



Sri Satguru Jagjit Singh Ji eLibrary NamdhariElibrary@gmail.com

ਮੈਂ ਹਾਂ ਆਪ ਮੁਜਰਿਮ ਤੇ ਆਪ ਹੀ
ਹਾਂ ਕਿਤਾਬ ਕਾਜ਼ੀ ਜੱਲਾਦ ਵੀ
ਜਿੱਥੇ ਚਾਰੇ ਪਾਸੇ ਨੇ ਆਈਨੇ
ਮੇਰੀ ਰੋਜ਼ ਓਥੇ ਤਰੀਕ ਹੈ
ਚੇਤੇ ਕਰ ਗੁਨਾਹਾਂ ਨੂੰ ਰੋ ਲਿਆ
ਮੁਖ ਹੰਝੂਆਂ ਨਾਲ ਹੀ ਧੋ ਲਿਆ
ਇਹ ਵੁਜ਼ੂ ਹੈ ਮੇਰੀ ਨਮਾਜ਼ ਦਾ
ਸਾਨੂੰ ਕਾਫਰਾਂ ਨੂੰ ਏਹੀ ਠੀਕ ਹੈ
ਕਿਤੇ ਨੂਰ ਨੂੰ, ਕਿਤੇ ਨਾਰ ਨੂੰ
ਕਿਤੇ ਬਾਦਸ਼ਾਹ ਦੀ ਕਟਾਰ ਨੂੰ

ਜਾਈਂ ਦੂਰ ਨਾ, ਮੇਰੇ ਪੂਰਨਾ
ਤੇਰੀ ਹਰ ਕਿਸੇ ਨੂੰ ਉਡੀਕ ਹੈ
ਤੇਰੀ ਲੋਏ
ਲਫ਼ਜ਼ ਪਰੋਏ
ਸਭ ਗ਼ਮ ਮਿਟ ਕੇ ਨਗਮਾ ਹੋਏ
ਹਰ ਰੁੱਖ ਸਾਜ਼ ਜਿਹਾ ਵਜਦਾ ਹੈ
ਪੱਤਾ ਪੱਤਾ ਸੁਰ ਲੱਗਦਾ ਹੈ
ਇਹ ਦਰਬਾਰ ਸਦਾ ਸਜਦਾ ਹੈ
ਰਿਸ਼ਮਾਂ ਕਿਰਨਾਂ ਬੁਣਨ ਚੰਦੋਏ
ਅੰਬਰ ਦੇ ਉਸ ਨੀਲੇ ਵਰਕੇ
ਅੱਖਰ ਜਗ ਪਏ, ਇਕ ਇਕ ਕਰ ਕੇ
ਦੇਖਿਆਂ ਅਸਾਂ ਉਨ੍ਹਾਂ ਨੂੰ ਪੜ੍ਹ ਕੇ
ਕੀ ਕੀ ਅਰਥ ਉਜਾਗਰ ਹੋਏ
ਜੁਗ ਬੀਤੇ ਤੇ ਲੰਘੀਆਂ ਸਦੀਆਂ
ਭੁੱਲੀਆਂ ਨਾ ਆਪਣਾ ਰਾਹ ਨਦੀਆਂ
ਹਰ ਪਲ ਸ਼ਹੁ ਸਾਗਰ ਵੱਲ ਵਧੀਆਂ



Sri Satguru Jagjit Singh Ji eLibrary NamdhariElibrary@gmail.com

ਕਿੰਨੀ ਵੀ ਰਾਤ ਹਨ੍ਹੇਰੀ ਹੋਏ
ਭੇਦ ਰਿਹਾ ਨਾ ਜਾਤ ਨਸਲ ਦਾ
ਪਾਇਆਂ ਭੇਤ ਜੋ ਅੰਤ ਅਸਲ ਦਾ
ਨੂਰ ਹੀ ਬੀਜ ਹੈ ਆਦਿ ਫਸਲ ਦਾ
ਰੰਗ ਰੰਗ ਦੇ ਫੁੱਲ ਉਗ ਖਲੋਏ
ਤੇਰੀ ਲੋਏ
ਲਫ਼ਜ਼ ਪਰੋਏ
ਮਿਟ ਸਾਰੇ ਗ਼ਮ ਸਰਗਮ ਹੋਏ

◆



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

-ਜੋਗਿੰਦਰ ਸਿੰਘ ਕੰਗ

ਸਾਲ ਉਨਤਾਲੀਵੇਂ ਬੈਠੇ ਗੁਰ-ਗੱਦੀ ਉੱਤੇ
ਗੁਰੂ ਜਗਜੀਤ ਕੀਤਾ ਕੰਮ ਉਪਕਾਰ ਦਾ।

ਰਾਜ ਦਰਬਾਰ ਵੀ ਵਿਰੋਧੀ ਉਦੋਂ ਕੂਕਿਆ ਸੀ
ਪਰ ਪੰਥ ਵਾਲਾ ਕੰਮ ਕੀਤਾ ਗੁਰਾਂ ਬੇ-ਸ਼ੁਮਾਰ ਦਾ।

ਨੂਰੀ ਦਾਤਾਰ ਨੇ ਜਗ ਨੂਰੋ ਨੂਰ ਕੀਤਾ
ਛੇ ਖੰਡਾਂ ਤਾਈਂ ਜਾ ਸਤਿਗੁਰੂ ਠਾਰਦਾ।

ਨਾਮ ਇਸ਼ਨਾਨਾ ਦਾਨ ਸ਼ਬਦ ਨੇ ਗੂੰਜ ਉੱਠੇ
ਚਮਕਿਆਂ ਏ ਨਾਂ ਨਾਮਧਾਰੀ ਦਰਬਾਰ ਦਾ।

ਭੈਣੀ ਸਾਹਿਬ ਮੰਦਰ ਤੇ ਬਿਲਡਿੰਗਾਂ ਉਸਾਰ ਉਹਨਾਂ
ਕੀਤਾ ਵੱਡਾ ਰੁਤਬਾ ਭੈਣੀ ਦੇ ਦੁਆਰ ਦਾ।

ਸਾਰੇ ਜਗ ਤਾਈਂ ਪਿਆ ਰਹਿਮਤਾ ਉਹ ਵੰਡਦਾ ਏ
ਗੁਰੂ ਜਗਜੀਤ ਮੀਤ ਸਾਰੇ ਸੰਸਰਾ ਦਾ

◆ ◆ ◆

ਨਵੀਂ ਏ ਨੁਹਾਰ ਸੋਧ ਦਿੱਤੀ ਜੀਵਨ ਨਗਰ ਤਾਈਂ
ਸੜਕਾਂ ਤੇ ਮਾਰਗ ਬੜੇ ਸੁੰਦਰ ਬਣਵਾਏ ਨੇ।

ਦਲਦਲ ਤੇ ਬੰਜਰ ਜ਼ਮੀਨਾਂ ਨੂੰ ਆਬਾਦ ਕਰ
ਮਾਲੀ ਬਣ ਬਾਗੀਂ ਗੁਲਜ਼ਾਰ ਖਿੜਾਏ ਨੇ।

ਲਹਿਰਾਉਂਦੀਆਂ ਫਸਲਾਂ ਤੇ ਮਿੱਟੀ ਅੱਜ ਸੋਨਾ ਬਣੀ
ਬੇ-ਜ਼ੁਮੀਨਿਆਂ ਤੋਂ ਕਿਵੇਂ ਮਾਲਕ ਬਣਾਏ ਨੇ।

ਨਗਰ ਵਸਾਏ ਸਕੂਲ ਕਾਲਿਜ ਵੀ ਖੋਲ੍ਹ ਦਿੱਤੇ
ਵਿੱਦਿਆਂ ਦੇ ਚਾਨਣ 'ਚ ਪੰਥ ਰੁਸ਼ਨਾਏ ਨੇ



Sri Satguru Jagjit Singh Ji eLibrary NamdhariElibrary@gmail.com

ਚੰਗੀਆ ਨਸਲਾਂ 'ਚ ਮੱਝਾਂ ਅਤੇ ਗਊਆਂ ਰੱਖ
ਜਾਪੇ ਰੂਪ ਧਾਰ ਆਇਆ ਕ੍ਰਿਸ਼ਨ ਮੁਰਾਰ ਦਾ।

'ਗੋਪਾਲ ਰਤਨ' ਮਿਲਿਆ ਏ ਇਹਨਾਂ ਨੂੰ ਖਿਤਾਬ ਵੱਡਾ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

◆ ◆ ◆

ਸਾਦਗੀ ਸੰਜਮ ਸਵੱਛਤਾ ਦੇ ਅਲੰਬਰਦਾਰ
ਚਰਨ ਛੋਹ ਜਿਸ ਦੀ ਪਾਰਸ ਸਮਾਨ ਏ।

ਸਚਮੁੱਚ ਰਹਿਬਰ ਏ ਸਾਰੀ ਹੀ ਮਨੁੱਖਤਾ ਦਾ
ਕੱਟਦਾ ਚਉਰਾਸੀ ਜਿਹਦਾ ਦਰਸ ਮਹਾਨ ਏ।

ਲੀਲ੍ਹਾ ਏ ਬੇਅੰਤ ਉਹਦੀ ਜਾਣਦੀ ਲੋਕਾਈ ਸਾਰੀ
ਨਾਮ-ਬਾਣੀ ਉਸ ਦਾ ਸਦੀਵੀ ਵਿਆਖਿਆਨ-ਏ।

ਸਾਰੇ ਸੰਸਾਰ ਵਿਚੋਂ ਰੁਤਬਾ ਮਹਾਨ ਉਹਦਾ
ਜੀਵ-ਜੰਤ ਸਭ ਦਾ ਉਹ ਕਰੇ ਕਲਿਆਣ ਏ

ਝੋਲੀਆਂ ਨੂੰ ਨੱਕੋ ਨੱਕ ਭਰ ਦਿੰਦਾ ਝਟ-ਪਟ
ਖੋਲ੍ਹਦਾ ਏ ਦਰ ਜਦੋਂ ਰਹਿਮਤ-ਭੰਡਾਰ ਦਾ

ਮਾਲਕ ਬ੍ਰਹਿਮੰਡ ਦਾ ਏ, ਮਾਣ ਏ ਮਨੁੱਖਤਾ ਦਾ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

◆ ◆ ◆

ਸੂਰਜ ਤੇ ਚੰਨ ਤਾਰੇ ਸੱਭੇ ਇਹਦੇ ਹੁਕਮ ਵਿਚ
ਕੌਤਕ ਅਲੌਕਿਕ ਰਚਾਏ ਸਤਿਗੁਰੂ ਜੀ

ਸੁੱਕੀ ਤਕਦੀਰ ਦਿਆ ਕਾਨਿਆ ਤੇ ਖੇੜਾ ਆਵੇ
ਜਦ ਮੇਹਰ ਵਾਲੀ ਨਜ਼ਰ ਮਿਲਾਏ ਸਤਿਗੁਰੂ ਜੀ।

ਸਾਹਿਤਕਾਰਾਂ ਕਵੀਆਂ ਰਾਗੀਆਂ ਖਿਡਾਰੀਆਂ ਨੂੰ
ਪਿਆਰ ਸਨਮਾਨ ਵੀ ਦਿਵਾਏ ਸਤਿਗੁਰੂ ਜੀ।

ਵਿਸ਼ਵ ਪੰਜਾਬੀ ਤੇ ਅਮਨ-ਕਾਨਫਰੰਸਾ ਤਾਈਂ
ਸਦਾ ਚਲ ਆਪ ਰਹਿਨਮਾਏ ਸਤਿਗੁਰੂ ਜੀ।

ਲੀਲ੍ਹਾ ਏ ਬੇਅੰਤ ਨਾ ਅੰਤ ਕੋਈ ਪਾ ਸਕੇ
ਡੁੱਬਿਆਂ ਦੇ ਬੇੜੇ ਗੁਰੂ ਸਦਾ ਹੀ ਇਹ ਤਾਰਦਾ।

'ਕੰਗ' ਦੀ ਨਿਮਾਣੀ ਕਲਮ ਚੋਜ ਲਿਖ ਸਕਦੀ ਨਾ
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

◆

**(ਵਰਿਆਮ, ਨਵੰਬਰ 2010, ਪੰਨਾ 36)**



Sri Satguru Jagjit Singh Ji eLibrary NamdhariElibrary@gmail.com

## ਜਗਜੀਤ ਕਹਾਇਆ

-ਸੰਤ ਨਿਸ਼ਾਨ ਸਿੰਘ ਕਥਾਕਾਰ

ਪਰਗਟ ਹੋਈ ਜਗਤ ਵਿਚ ਇੱਕ ਜੋਤ ਨਿਰਾਲੀ।
ਧੁੰਦ ਮਿਟੀ ਜਗ ਅਮਬਰੋਂ ਜਦ ਚਮਕੀ ਲ਼ਾਲੀ।
ਜਗਤ ਬਗੀਚਾ ਪਾਲਿਆ ਜਿਸ ਬਣਕੇ ਪਾਲੀ।
ਜਿਦ੍ਹੇ ਦਰ ਤੋਂ ਜਾਚਕ ਗਿਆ ਨਾ ਕਦੇ ਮੁੜਕੇ ਖਾਲੀ।

ਉਹ ਦੀਨਾਂ ਅਤੇ ਨਿਮਾਣਿਆਂ ਦਾ ਬਣਿਆ ਪਾਲੀ।
ਧਰ ਰੂਪ ਅਗੰਮ ਅਕਾਲ ਨੇ ਕੁੱਲ ਸ੍ਰਿਸਟ ਸੰਭਾਲੀ।
ਸ੍ਰੀ ਗੁਰ ਪ੍ਰਤਾਪ ਦਾ ਲਾਡਲਾ ਭੁਪਿੰਦਰ ਜਾਇਆ।
ਜੋ ਗਊ ਗਰੀਬਾਂ ਵਾਸਤੇ ਹੋ ਮਾਨਸ ਆਇਆ।

ਇਸ ਧੰਨੇ ਲਾਲੋ ਤਾਰਨੇ ਲਈ ਰੂਪ ਵਟਾਇਆ।
ਜਿਸ ਨੂਰੀ ਮੁੱਖੜਾ ਤੱਕਿਆ ਉਸ ਦੁਖ ਗਵਾਇਆ।
ਇਹਨੂੰ ਧਰਿ, ਗੰਭੀਰ,ਅਥਾਹ ਹੈ ਵੇਦਾਂ ਨੇ ਗਾਇਆ।
ਇਸ ਦੈਤੋਂ ਕੀਤੇ ਦੇਵਤੇ ਜਦ ਨਾਮ ਸੁਣਾਇਆ।

ਜਿਸ ਚਰਨੀਂ ਮੱਥਾ ਟੇਕਿਆ ਦੁਰ-ਲੇਖ ਮਿਟਾਇਆ।
ਕੁੱਲ ਮੁਨੀਆਂ ਸਿੱਧ-ਸਾਧਿਕਾਂ ਇਹਨੂੰ ਸੀਸ ਨਿਵਾਇਆ।
ਇਸ ਬਖਸ਼ਿਆ ਮਾਣ ਨਿਮਾਣਿਆਂ ਗੁਮਾਨ ਹਰਾਇਆ।
ਇਸ ਕਲਯੁਗ ਅੰਦਰ ਆਣ ਕੇ ਸਤਿਜੁਗ ਹੈ ਲਾਇਆ।

ਇਹ ਰੂਪ ਹੈ ਨਾਨਕ ਰਾਮ ਦਾ ਜਗਜੀਤ ਕਹਾਇਆ।
ਤਾਹੀਓਂ ਜੱਸ ਨਿਰਵੈਰ ਦਾ, ਦੁਨੀਆਂ ਨੇ ਗਾਇਆ।

◆

(ਸਤਿਜੁਗ, 1 ਦਸੰਬਰ ਤੋਂ 3 ਦਸੰਬਰ 2019, ਪੰਨਾ 37)



Sri Satguru Jagjit Singh Ji eLibrary NamdhariElibrary@gmail.com

## ਮਹਿਕਿਆ ਪੁਸ਼ਪ

-ਪ੍ਰੀਤਮ ਸਿੰਘ ਕਵੀ

ਇਹ ਹੈ ਸੋਮਾ ਪਿਆਰਾਂ ਦਾ
ਖਿਮਾ, ਸ਼ੀਲਤਾ, ਸੱਚ, ਸੁੱਚ, ਸੰਜਮ,
ਘੇਰਾ ਇਦ੍ਹੇ ਦੀਦਾਰਾਂ ਦਾ
ਤਪਤ ਬੁਝ ਤਨ ਮਨ ਤੇ ਧਨ ਦੀ
ਪਾ ਝਲਕਾ ਇਕ ਵਾਰਾਂ ਦਾ
ਦੁਖ ਭੁਲਦੇ, ਸੁਖ ਸਹਿਜ ਉਪਜਦੇ
ਰਸ ਮਿਲਦਾ ਝਣਕਾਰਾਂ ਦਾ
ਸੂਖਮ, ਕੋਮਲ, ਸਦਾ ਸੁਗੰਧਤ
ਮਹਿਰ, ਦਿਲ ਦੀਆਂ ਤਾਰਾਂ ਦਾ
ਮਾਨੁੱਖਤਾ ਦੇ ਬੂਟੇ ਉਤੇ
ਮਹਿਕਿਆ ਪੁਸ਼ਪ ਬਹਾਰਾਂ ਦਾ।

◆

(ਵਰਿਆਮ, ਨਵੰਬਰ 2008)



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ ਪਿਆਰਾ

–ਬੀਬੀ ਸਿੰਦਰ ਕੌਰ

ਗੁਰੂ ਜਗਜੀਤ ਪਿਆਰਾ
ਗਰੀਬਾਂ ਦਾ ਸਹਾਰਾ
ਅੰਨ ਦੇਵੇ ਧੰਨ ਦੇਵੇ
ਭਰ ਦੇਵੇ ਭੰਡਾਰਾ
ਬਹੁਤਾ ਇਹ ਨਾਮ ਜਪਾਵੇ
ਮਿਠੇ ਇਹ ਰਾਗ ਸੁਣਾਵੇ
ਜਦ ਲੱਗਦਾ ਏ ਆਸਾ ਦਾ ਵਾਰਾ
ਬੱਚਿਆਂ ਨੂੰ ਬਹੁਤ ਪਿਆਰ ਕਰਦੈ
ਨੀਵਿਆਂ ਨੂੰ ਉਚੇ ਕਰਦੈ
ਇਸ ਦਾ ਨਾਹੀ ਜੇ ਪਾਰਾਵਾਰਾ
ਮੈਂ ਨਿੱਕੀ ਜਹੀ ਬੱਚੀ ਹਾਂ
ਅਕਲੋਂ ਅਜੇ ਮੈਂ ਕੱਚੀ ਹਾਂ
ਸਤਿਗੁਰੂ ਜੀ ਮੈਨੂੰ ਵੀ ਦਿਓ ਸਹਾਰਾ
ਗੁਰੂ ਜਗਜੀਤ ਪਿਆਰਾ
ਗਰੀਬਾਂ ਦਾ ਸਹਾਰਾ

◆

(ਵਰਿਆਮ, ਜਨਵਰੀ 2012, ਪੰਨਾ 25)



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ ਪਿਆਰੇ

–ਜੇ. ਕੇ. ਸੰਧੂ

ਆਓ, ਸੱਜਣ ਜੀ, ਜੀ ਆਇਆ ਨੂੰ,
ਬੈਠੋ ਦਿਲ ਦੇ ਵਿਹੜੇ।
ਬਹਿ ਚਰਨਾਂ ਵਿਚ ਖੋਲ ਸਨਾਵਾਂ
ਬੀਤ ਚੁੱਕੇ ਪਲ ਜਿਹੜੇ।
ਬੜੇ ਸੁਖੀ ਸਾ ਮੌਜਾਂ ਹੀ ਸਨ
ਮਾਣ ਰਹੇ ਸਾਂ ਚਾਵਾਂ।
ਇੰਝ ਰੱਖਿਆਂ ਜਗਜੀਤ ਪਿਆਰੇ
ਜਿਉਂ ਪੁੱਤਰਾਂ ਨੂੰ ਮਾਵਾਂ।
ਇਕ ਦਿਹਾੜੇ ਕਹਿਰ ਵਰਤਿਆ
ਕੁਦਰਤ ਰੰਗ ਵਟਾਇਆ
ਦੀਨਾ ਨਾਥ ਦਿਆਲ ਪੀਆ ਨੇ
ਕੀ ਭਾਣਾ ਵਰਤਾਇਆ
ਕੀ ਦਸਾਂ ਉਹ ਦੁਖਾਂ ਮਾਰੇ
ਦਿਨ ਕਿਵੇਂ ਸੀ ਬੀਤੇ
ਬ੍ਰਿਹੋਂ ਦਾ ਦੇ ਰੋਗ ਅਵੱਲਾ
ਤੁਰ ਗਏ ਚੁਪ ਚਪੀਤੇ
ਚੁਪ ਦੀ ਮਾਰ ਤਾਂ ਚਿਰ ਤੋਂ ਹੀ ਸੀ
ਦੇਂਦੀ ਸੀ ਦੁਖ ਭਾਰੀ।
ਫਿਰ ਉਹਨਾਂ ਕਿਉਂ ਬ੍ਰਿਹੋਂ ਵਾਲੀ
ਵਿਚ ਕਲੇਜੇ ਮਾਰੀ।
ਅੰਬਰ ਧਰਤੀ ਦੋਵੇਂ ਰੋਏ,
ਰੋਏ ਚੰਨ ਤੇ ਤਾਰੇ।
ਪੀੜ ਪਰਾਗਾ ਝੋਲੀ ਪਾ ਗਏ
ਉਹ ਜਗਜੀਤ ਪਿਆਰੇ
ਘਰ ਘਰ ਦੇ ਵਿਚ ਸੋਗ ਵਰਤਿਆ



Sri Satguru Jagjit Singh Ji eLibrary NamdhariElibrary@gmail.com

ਹੋ ਗਏ ਬੇਸਹਾਰੇ
ਦਿੱਤਾ ਫੇਰ ਦਿਲਾਸਾ ਸਾਨੂੰ
ਗੁਰੂ ਜਗਜੀਤ ਪਿਆਰੇ
ਤੁਸੀਂ ਮਿਲੇ ਤਾਂ ਸਭ ਕੁਛ ਮਿਲਿਆ
ਮਿਲ ਗਿਆ ਰੱਬ ਸਾਡਾ
ਤਾਹੀਉਂ ਕਹੀਏ ਮਾਰਨ ਨਾਲੋਂ
ਰੱਖਣ ਵਾਲਾ ਡਾਢਾ
ਬੇਸ਼ੱਕ ਬ੍ਰਿਹੋਂ ਦੇ ਭੱਠ ਤਪਦੇ
ਤਪਦੀ ਜਿਵੇਂ ਤੰਦੂਰੀ
ਪਰ ਸਾਡੇ ਤੇ ਹੋ ਮਿਹਰਬਾ
ਮੇਟਣ ਲਗੇ ਦੂਰੀ
ਅਸੀਂ ਤੁਸਾਂ ਤੇ ਤੁਸੀਂ ਅਸਾਡੇ
ਵਸ ਜਾਉ ਦਿਲ ਦੇ ਨੇੜੇ
ਬਹਿ ਚਰਨਾਂ ਵਿਚ ਬੈਠ ਸੁਨਾਵਾਂ
ਬੀਤ ਚੁਕੇ ਦਿਨ ਜਿਹੜੇ
'ਜੇ. ਕੇ. ਸੰਧੂ' ਕਹੇ ਕਟ ਦਿਉ
ਜਨਮ ਮਰਨ ਦੇ ਗੇੜੇ
ਆਉ ਸੱਜਣ ਜੀ ਆਇਆ ਨੂੰ
ਬੈਠੇ ਦਿਲ ਦੇ ਵਿਹੜੇ।

◆

**(ਵਰਿਆਮ, ਮਈ 2013, ਪੰਨਾ 24)**



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

–ਨਰਿੰਦਰ ਕੌਰ ਦਿੱਲੀ

ਮਨਸਾ ਪੂਰਨ ਹਾਰ ਗੁਰੂ ਜਗਜੀਤ ਸਿੰਘ ਜੀ।
ਹਰ ਦਿਲ ਦੇ ਦਿਲਦਾਰ ਗੁਰੂ ਜਗਜੀਤ ਸਿੰਘ ਜੀ।
ਸਭ ਜਗ ਪਾਲਨਹਾਰ ਗੁਰੂ ਜਗਜੀਤ ਸਿੰਘ ਜੀ।
ਸਭ ਨੂੰ ਬਖਸਣਹਾਰ ਗੁਰੂ ਜਗਜੀਤ ਸਿੰਘ ਸੀ।
ਦੀਨਾਂ ਦੇ ਰਖਵਾਲ ਗੁਰੂ ਜਗਜੀਤ ਸਿੰਘ ਸੀ।
ਗਊਆਂ ਦੇ ਪ੍ਰਿਤਪਾਲ ਗੁਰੂ ਜਗਜੀਤ ਸਿੰਘ ਸੀ।
ਨਿਓਟਿਆਂ ਦੀ ਓਟ ਗੁਰੂ ਜਗਜੀਤ ਸਿੰਘ ਸੀ।
ਨਿਥਾਵਿਆ ਦੀ ਥਾਂ ਗੁਰੂ ਜਗਜੀਤ ਸਿੰਘ ਸੀ।
ਸ਼ਾਹਾਂ ਦੇ ਸ਼ਾਹ ਗੁਰੂ ਜਗਜੀਤ ਸਿੰਘ ਸੀ।
ਪਾਤਸ਼ਾਹਾਂ ਦੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਸੀ।
ਦੀਨਾਂ ਦੇ ਹਨ ਨਾਥ ਗੁਰੂ ਜਗਜੀਤ ਸਿੰਘ ਸੀ।
ਹਰ ਪਲ ਹਰ ਦਮ ਸਾਥ ਗੁਰੂ ਜਗਜੀਤ ਸਿੰਘ ਸੀ।
ਦਾਤਾ ਹਨ ਦਾਤਾਰ ਗੁਰੂ ਜਗਜੀਤ ਸਿੰਘ ਸੀ।
ਸਭ ਕਉ ਦੇਵਨਹਾਰ ਗੁਰੂ ਜਗਜੀਤ ਸਿੰਘ ਸੀ।
ਤੇਰਾ ਵੱਧਦਾ ਰਹੇ ਪਰਤਾਪ ਗੁਰੂ ਜਗਜੀਤ ਸਿੰਘ ਸੀ।
ਸਭ ਦੇ ਦੂਰ ਕਰੋ ਸੰਤਾਪ ਗੁਰੂ ਜਗਜੀਤ ਸਿੰਘ ਸੀ।
ਮੇਰੀ ਹਰ ਪਲ ਇੱਕੋ ਆਸ ਗੁਰੂ ਜਗਜੀਤ ਸਿੰਘ ਸੀ।
ਮੈਨੂੰ ਰੱਖੋ ਚਰਨਾਂ ਪਾਸ ਗੁਰੂ ਜਗਜੀਤ ਸਿੰਘ ਸੀ।
ਤੇਰੀ ਸਭ ਤੋਂ ਉੱਚੀ ਸ਼ਾਨ ਗੁਰੂ ਜਗਜੀਤ ਸਿੰਘ ਸੀ।
'ਨਰਿੰਦਰ' ਦੇ ਭਗਵਾਨ ਗੁਰੂ ਜਗਜੀਤ ਸਿੰਘ ਸੀ।

◆

(ਵਰਿਆਮ, ਨਵੰਬਰ 2018)



Sri Satguru Jagjit Singh Ji eLibrary NamdhariElibrary@gmail.com

## ਅਨੋਖਾ ਯਾਰ ਮਿਲਾਇਆ ਏ

–ਹਰਭਜਨ ਸਿੰਘ ਪ੍ਰਵਾਨਾ

ਭਾਗਾਂ ਵੱਡਿਆਂ ਵਾਲੇ ਨੇ ਜਿਨ੍ਹਾਂ ਨੂੰ ਪਿਆਰ ਮਿਲਿਆਂ ਏ।
ਗੁਰੂ ਜਗਜੀਤ ਸਿੰਘ ਵਰਗਾ ਸੱਚਾ ਗਮਖਾਰ ਮਿਲਿਆ ਏ।
ਮੰਨਣ ਹੁਕਮ ਏਸਦਾ ਜੋ ਉਹੀ ਪਰਵਾਨ ਹੁੰਦੇ ਨੇ।
ਜਿਹੜੇ ਹੁਕਮ ਨਹੀਂ ਮੰਨਦੇ ਬੁਰੇ ਇਨਸਾਨ ਹੁੰਦੇ ਨੇ।
ਬਦਲੇ ਭੈੜੀਆਂ ਸੋਚਾਂ ਨੂੰ ਸਿਰਜਨਹਾਰ ਮਿਲਿਆ ਏ।
ਭਾਗਾਂ ਵੱਡਿਆ ਵਾਲੇ ਨੇ...।

ਇਸ ਦੇ ਪਿਰਮ ਪਿਆਲੇ ਚੋਂ ਜੋ ਭਰ ਜਾਮ ਪੀਂਦੇ ਨੇ।
ਸਦਾ ਮਖਮੂਰ ਰਹਿੰਦੇ ਨੇ ਜੋ ਪੱਲਾ ਥਾਮ ਲੈਂਦੇ ਨੇ।
ਬੜੀ ਖੁਸ਼ਕਿਸਮਤੀ ਸਾਡੀ ਇਹ ਦਿਲਦਾਰ ਮਿਲਿਆਂ ਏ।
ਭਾਗਾਂ ਵੱਡਿਆਂ ਵਾਲੇ ਨੇ...।

ਸੱਚਾ ਮਿੱਤਰ ਸਭਨਾਂ ਦਾ ਅਤੇ ਵਣਜਾਰਾ ਪ੍ਰੀਤਾਂ ਦਾ।
ਹਾਮੀ ਸਦ ਪਰਤੀਤਾਂ ਦਾ ਤੇ ਅੰਤਰਜਾਮੀ ਨੀਤਾ ਦਾ।
ਪਰਖੇ ਸਾਡੇ ਸਿਦਕ ਨੂੰ ਪਰਖਣਹਾਰ ਮਿਲਿਆਂ ਏ।
ਭਾਗਾਂ ਵੱਡਿਆਂ ਵਾਲੇ ਨੇ...।

ਮੋਰਾਂ ਵਾਂਗ ਬੱਦਲ ਸੰਗ ਪ੍ਰੀਤ ਜੇ ਕਰਦੇ ਰਹਿੰਦੇ ਨੇ।
ਮੱਛਲੀ ਵਾਂਗ ਸਾਗਰ ਪ੍ਰੇਮ ਦੇ ਵਿੱਚ ਤਰਦੇ ਰਹਿੰਦੇ ਨੇ।
ਪੱਤਝੜ ਸੁੰਞੇ ਜੀਵਨ ਵਿੱਚ ਖਿੜ੍ਹੀ ਗੁਲਜ਼ਾਰ ਮਿਲਿਆ ਏ।
ਭਾਗਾਂ ਵੱਡਿਆਂ ਵਾਲੇ ਨੇ...।

ਪਵਿੱਤਰ ਚਰਨਾਂ ਵਿੱਚ ਬਹਿਕੇ ਨਜ਼ਾਰਾ ਗਜਬ ਦਾ ਮਿਲਦਾ।
ਤੱਕ ਕੇ ਨੂਰੀ ਮੁਖੜੇ ਨੂੰ ਸਹਾਰਾ ਗਜ਼ਬ ਦਾ ਮਿਲਦਾ।
ਨਾ ਰਹਿੰਦੀ ਹੋਸ਼ ਆਪ ਦੀ ਇਹ ਠੱਗਣਹਾਰ ਮਿਲਿਆ ਏ।
ਭਾਗਾਂ ਵੱਡਿਆਂ ਵਾਲੇ ਨੇ...।



Sri Satguru Jagjit Singh Ji ... .com

ਜੋ ਇਸ ਤੋਂ ਬੇਮੁੱਖ ਹੋ ਜਾਂਦੇ ਉਹ ਲੱਖੋਂ ਕੱਖ ਹੋ ਜਾਂਦੇ ਨੇ।
ਜੋ ਇਸ ਦੇ ਨਾਲ ਜੁੜੇ ਰਹਿੰਦੇ ਉਹ ਕੱਖੋਂ ਲੱਖ ਹੋ ਜਾਂਦੇ ਨੇ।
ਇਹ ਦਾਤਾ ਦਾਤਾਂ ਦਾ ਸਾਨੂੰ ਭਰਿਆਂ ਭੰਡਾਰ ਮਿਲਿਆ ਏ।
ਭਾਗਾਂ ਵੰਡਿਆਂ ਵਾਲੇ ਨੇ...।

(ਇਸ) ਲੱਖਾਂ ਬੇਬੱਸ ਜੀਵਾਂ ਦੀ ਰੁਕੀ ਰਫਤਾਰ ਤੋਰੀ ਏ।
ਭੁੱਲੇ ਭਟਕੇ ਰਾਹੀਆਂ ਦੀ ਖੁਦਾ ਸੰਗ ਤਾਰ ਜੋੜੀ ਏ।
ਐਸਾ ਦੁਨੀਆਂ ਵਿਚ ਪਹਿਲਾਂ ਹੀ ਜੋੜਨ ਹਾਰ ਮਿਲਿਆ ਏ।
ਭਾਗਾਂ ਵੱਡਿਆਂ ਵਾਲੇ ਨੇ...।

ਇਸ ਕੁਰਖਤ ਬੰਦਿਆਂ ਦੀ ਅੱਖੜ ਗੁਫਤਾਰ ਬਦਲੀ ਏ।
ਦੇ ਕੇ ਚਰਨ ਛੂਹ ਪਾਰਸ ਨੀਰਸ ਨੁਹਾਰ ਬਦਲੀ ਏ।
ਜੀਵਨ ਵਿਚ 'ਪਰਵਾਨੇ' ਨੂੰ ਅਨੋਖਾਂ ਯਾਰ ਮਿਲਿਆ ਏ
ਭਾਗਾਂ ਵੱਡਿਆ ਵਾਲੇ ਨੇ...।

◆

**(ਸਤਿਜੁਗ, 2010)**



Sri Satguru Jagjit Singh Ji eLibrary NamdhariElibrary@gmail.com

# ਰਹਿਮਤ ਦੇ ਭੰਡਾਰ

–ਜੋਗਿੰਦਰ ਸਿੰਘ ਕੰਗ

ਸ੍ਰੀ ਭੈਣੀ ਸਾਹਿਬ ਮੁੱਖ ਕੇਂਦਰ ਜੋ ਕੂਕਿਆਂ ਦਾ,
ਮਹਾਨਤਾ ਨੂੰ ਚਾਰ ਚੰਨ ਲਾਇਆਂ ਹੈ ਸਤਿਗੁਰਾਂ।
ਸ੍ਰੀ ਭੈਣੀ ਸਾਹਿਬ ਵੇਖੋ ਕੱਚਿਓਂ ਹੈ ਪੱਕਾ ਕੀਤਾ,
ਪ੍ਰਤਾਪ ਮੰਦਰ ਏਥੇ ਬਣਾਇਆਂ ਹੈ ਸਤਿਗੁਰਾਂ।

ਆਲੀਸ਼ਾਨ ਇਮਾਰਤਾਂ 'ਚੋਂ ਡੇਰੇ ਹੁਣ ਲੱਗ ਗਏ,
ਬਿਰਧ–ਆਸ਼ਰਮ ਏਥੋਂ ਚਲਾਇਆਂ ਹੈ ਸਤਿਗੁਰਾਂ।
ਸੋਹਣਿਆਂ ਤਬੇਲਿਆਂ 'ਚ ਮਨ ਮੋਹਣੀਆਂ ਗਊਆਂ ਰਹਿਣ,
'ਆਓ ਭਗਤ' ਸੰਕਲਪ ਨੂੰ ਰਚਾਇਆਂ ਹੈ ਸਤਿਗੁਰਾਂ।

ਜੀਵਨ ਨਗਰ ਜੀਵਨ ਦੀ ਨਵ–ਜਾਚ ਦੱਸਦਾ ਏ,
ਗਈਆਂ ਵਿਚ ਰੌਣਕਾਂ ਨੂੰ ਲਾਇਆਂ ਹੈ ਸਤਿਗੁਰਾਂ।
ਗੁਰੂ ਹਰੀ ਸਿੰਘ ਕਾਲਜ ਬਿਸ਼ਨ ਯਾਦਗਾਰੀ ਸਕੂਲ,
ਅਕਾਦਮੀ ਪ੍ਰਤਾਪ ਨੂੰ ਚਲਾਇਆਂ ਹੈ ਸਤਿਗੁਰਾਂ।

ਵਰਤਮਾਨ ਲੱਕ ਤੋੜ ਮਹਿੰਗਾਈ ਦੇ ਯੁੱਗ ਵਿਚ,
ਰਸਮ ਰੀਤ ਸਾਦਗੀ ਨੂੰ ਵਡਿਆਇਆ ਹੈ ਸਤਿਗੁਰਾਂ।
ਠਾਕੇ, ਸਗਨ, ਵਿਆਹ ਤੇ ਨਾ ਖਰਚ ਕੋਈ ਫਜ਼ੂਲ ਕਰੋ।
ਮਿਲਣੀ–ਮੁਕਲਾਵੇ ਨੂੰ ਮੁਕਾਇਆ ਹੈ ਸਤਿਗੁਰਾਂ।

ਸੰਗੀਤ ਕਲਾ ਖੇਡਾਂ ਤੇ ਸਾਹਿਤ ਦੇ ਖੇਤਰ 'ਚ,
ਬੱਚਿਆਂ ਨੂੰ ਖੂਬ ਰਹਿਨਮਾਇਆਂ ਹੈ ਸਤਿਗੁਰਾਂ।
ਹਿੰਦੂ–ਸਿੱਖ ਏਕਤਾ ਅਨਮੋਲ ਸੰਦੇਸ਼ ਦੇਣ,
ਗਊ ਸਤਿਕਾਰ ਦ੍ਰਿੜਾਇਆਂ ਹੈ ਸਤਿਗੁਰਾਂ।

'ਗੋਪਾਲ ਰਤਨ' ਖਿਤਾਬ ਹੈ ਦਿਤਾ ਰਾਸ਼ਟਰਪਤੀ ਜੀ ਨੇ,
ਗਊ ਗਰੀਬ ਨੂੰ ਜੁ ਬਚਾਇਆ ਹੈ ਸਤਿਗੁਰਾਂ।



Sri Satguru Jagjit Singh Ji eLibrary NamdhariElibrary@gmail.com

ਵਿਦਿਅਕ ਜਥੇ ਬਣਾਕੇ ਤੇ ਜਥੇਬੰਦ ਕੀਤੇ ਯੁਵਕ,
'ਨਾਮਧਾਰੀ' ਦਰਬਾਰ ਵੀ ਰਚਾਇਆ ਹੈ ਸਤਿਗੁਰਾਂ।

ਵਿਦਿਅਕ-ਸੰਮੇਲਨਾਂ ਦਾ ਹਜ਼ੂਰ ਨੇ ਹੈ ਆਰੰਭ ਕੀਤਾ,
ਲੇਖਕਾਂ ਵਿਦਵਾਨਾਂ ਨੂੰ ਵਡਿਆਇਆ ਹੈ ਸਤਿਗੁਰਾਂ।
ਪ੍ਰੋਫੈਸਰਾਂ ਡਾਕਟਰ ਅਫਸਰ ਇੰਜਨੀਅਰ ਨੇ ਬਣੇ ਕੂਕੇ,
ਨਾਮਧਾਰੀ ਪੰਥ ਨੂੰ ਰੁਸ਼ਨਾਇਆ ਹੈ ਸਤਿਗੁਰਾਂ।

ਨਵ-ਨਿਰਮਾਣ ਕੀਤਾ ਪਲਟਿਆ ਏ ਯੁੱਗ ਸਾਰਾ,
ਰਹਿਮਤਾਂ ਦੇ ਭੰਡਾਰਾਂ ਨੂੰ ਵਰਤਾਇਆ ਹੈ ਸਤਿਗੁਰਾਂ।
ਸੁਚ ਸੋਧ ਨਾਮ ਬਾਣੀ ਦਾ ਚਲਿਆਂ ਹੈ ਪ੍ਰਵਾਹ ਜਿਹੜਾ,
ਕਲਿਜੁਗ ਵਿਚ ਸਤ੍ਰਿਜੁਗ ਲਗਾਇਆ ਹੈ ਸਤਿਗੁਰਾਂ।

◆

**(ਨਿਰੀਖਿਅਕ, ਸਤੰਬਰ 1988)**



Sri Satguru Jagjit Singh Ji eLibrary NamdhariElibrary@gmail.com

# ਜਾਗਤਿ ਜੋਤਿ

–ਹਰਪਾਲ ਸਿੰਘ ਸੇਵਕ

ਜਾਗਤਿ ਜੋਤਿ ਜੁਗੋ ਜੁਗ ਭੀਤਰਿ, ਦੁਖ ਹਰਤਾ ਸੁਖ ਮੀਤ ॥
ਰਾਮ, ਹਰੀ, ਪ੍ਰਤਾਪ ਦੀ ਮੂਰਤਿ, ਸ੍ਰੀ ਸਤਿਗੁਰੂ ਜਗਜੀਤ ॥
ਕਸ਼ਟ ਨਿਵਾਰਨ ਪਤਿਤ ਉਧਾਰਨ ਪਾਵਨ ਪਰਮ ਪੁਨੀਤ ॥
ਦੁਸਟ ਬਿਦਾਰਨ ਸਮਤ ਉਬਾਰਨ, ਧਰਮ ਕਰਮ ਕੀ ਰੀਤ ॥
ਨਾਮ-ਬਾਣੀ ਤੇ ਸੇਵਾ-ਸਿਮਰਨ , ਰਾਗ-ਨਾਦ ਨਵਨੀਤ ॥
ਸਤਿਗੁਰੂ ਸੱਚ-ਸੁੱਚ ਦ੍ਰਿੜਾਏ, ਗੁਰ ਪੀੜੀ ਸੁਭ ਰਤਿ ॥
ਤਾਪ, ਪਾਪ, ਸੰਤਾਪ ਬਿਨਾਸੇ ਆਤਮ ਗਿਆਨ ਅਤੀਤ ॥
ਸਦਾ ਅਨੰਦ ਰਹੇ ਦਿਨ ਰਾਤੀ, ਗੁਰ ਚਰਨਨ ਸੰਗ ਪ੍ਰੀਤ ॥
ਆਧਿ ਬਿਆਧਿ ਉਪਾਧ ਬਿਨਾਸੇ, ਮਨ ਜੀਤੈ ਜਗਜੀਤ ॥
ਗਿਆਨ ਪ੍ਰਕਾਸ਼ ਭਏ ਰਿਦ ਅੰਤਰਿ, ਜੋ ਗਾਵੈ ਗੁਰ ਗੀਤ ॥
ਪੂਰਨ ਭਾਗ ਬਣੇ ਸੇਵਕ ਕੇ, ਪ੍ਰੇਮ ਭਗਤਿ ਪਰਤੀਤ ॥
ਜਨਮ, ਮਰਨ ਭੈ, ਬੰਦਨ ਕਾਟੇ, ਸਿਮਰੇ ਗੁਰ ਜਗਜੀਤ ॥

◆

**(ਸਤਿਜੁਗ, 2010)**



Sri Satguru Jagjit Singh Ji eLibrary NamdhariElibrary@gmail.com

## ਪੂਰਨ ਪ੍ਰਤਾਪ ਜਗਜੀਤ ਮਹਿ ਸਮਾਇ ਹੈਂ

**–ਲਾਭ ਸਿੰਘ ਜੀ ਅਮੋਲਕ ਨਾਭਾ**

ਪਾਵਨ, ਪਰਮ ਪੁਰਖ, ਪ੍ਰਬੀਨ, ਪ੍ਰਭੂ
ਪਾਪਨ, ਪਖੰਡਨ ਕੋ ਤਾਪ ਰੂਪੀ ਤਾਪੀ ਥੇ।
ਮੋਹ, ਮਦ ਮਹਾਂਮਾਨ, ਮਲਨ, ਮਲੀਨ ਮਨ
ਮਾਜਨ ਕਰਤ ਰੂਪ ਕੂਪ ਥੇ ਕਿ ਬਾਪੀ ਥੇ।

ਮਾਧਵ ਮਹਾਨ ਜੋਤ, ਮਧੂ ਸਮ, ਮੀਠੇ ਵਾਕ
ਮਾਨ ਮੁਕੰਦ, ਮਗ ਮਾਨਨ ਕੋ ਥਾਪੀ ਥੇ।
ਪੂਰਨ ਪਾਰਬ੍ਰਹਮ, ਪਾਵਨ ਪ੍ਰੀਤ ਵਾਨ
ਸ੍ਰੀ ਗੁਰੁ ਪ੍ਰਤਾਪ ਸਿੰਘ ਪੂਰਨ ਪ੍ਰਤਾਪੀ ਥੇ।

ਦਾਲਦ, ਦਰਦ ਦੁਖ, ਦੋਖਨ, ਦਲਤ ਸਦਾ
ਦੀਨਨ ਕੋ ਦਯਾਲ ਕ੍ਰਿਪਾਲਨ ਸਹਾਇ ਹੈਂ।
ਮਿਤ੍ਰਨ ਕੋ ਪਾਲ ਹੈ ਕਿ ਦੀਨਨ ਦਯਾਲ ਹੈ ਕਿ
ਸਦਾ ਪ੍ਰਿਤਪਾਲ ਜਮ ਜਾਲ ਕੇ ਛਡਾਇ ਹੈਂ।

ਮੋਹ, ਭਰਮ, ਅਘ, ਜਗ ਕਿਮਰ ਕੇ ਨਿਵਾਰਨ ਕੋ
ਬਾਣੀ ਕੇ ਪ੍ਰਤਾਪ ਸੰਗ ਸੂਰਜ ਸੁਹਾਇ ਹੈਂ।
ਤੀਨੋ ਲੋਕ, ਤੀਨੋ ਕਾਲ, ਤੀਨੋ ਦੇਵ, ਤੀਨੋ ਪੁਰੀ
ਸ੍ਰੀ ਗੁਰੁ ਪ੍ਰਤਾਪ ਸਿੰਘ ਅਲਖ ਲਗਾਇ ਹੈਂ।

ਪਰੰਮ ਦਯਾਲ ਹੈ ਕਿ ਪੂਰਨ ਕ੍ਰਿਪਾਲ ਹੈ ਕਿ
ਸਭਨ ਕੋ ਮੂਲ ਹੈ ਕਿ ਮਿਤਰਨ ਕੀ ਰੀਤ ਹੈਂ।
ਆਦਿ ਹੈਂ, ਅਨਾਦਿ ਹੈਂ, ਅਗੋਚਰ ਅਗਾਧਿ ਹੈਂ,
ਕਿ ਪੂਰਨ ਮਰਜਾਦ ਸਤਿ ਸੰਗਤ ਪ੍ਰੀਤ ਹੈਂ।

ਸੱਚ, ਸੁਚ, ਸੋਧ, ਸੁਖ, ਸੰਪਤਿ, ਸਹਾਈ ਸਦਾ
ਸਤਿ ਸੰਤੋਖ ਸੰਗ ਸਗਲਨ ਕੀਤ ਹੈਂ।



Sri Satguru Jagjit Singh Ji eLibrary NamdhariElibrary@gmail.com

ਪੂਰਨ ਪਰਮ ਹੰਸ ਪੂਰਨ ਪ੍ਰਤਾਪ ਸਿੰਘ
ਪੂਰਨ ਪ੍ਰਤਾਪ ਅਬ ਸਿੰਘ ਜਗਜੀਤ ਹੈਂ।

ਸਬਦ ਸੁਰਟ ਸੰਗ ਸਭ ਕੀ ਸੁਰਤ ਕੀਨ
ਵਰਨੀ, ਹਵਨ, ਅਖੰਡ ਪਾਠਨ ਪ੍ਰਵਾਇ ਹੈਂ।
ਸੁੰਦਰ ਹੈ ਸੂਰਤ ਸਭ ਗੁਣ ਪੂਰਤ ਹੈ,
ਸ਼ਾਮ ਕੋ ਜਿਉਂ ਘੂਰਤ ਸੁ ਐਸੇ ਪ੍ਰਭਤਾਇ ਹੈਂ।

ਪਰਮ ਦਯਾਲ ਲਾਲ ਲੋਚਨ ਬਿਸਾਲ ਮੁਖ
ਬਚਨ ਰਸਾਲ ਮਾਨੋਂ ਅੰਮ੍ਰਿਤ ਪਿਆਇ ਹੈਂ।
ਪਰੀ ਪੂਰਨ, ਪੂਰਨ ਸੰਪੂਰਨ ਪ੍ਰਤਾਪ ਸਿੰਘ
ਪੂਰਨ ਪ੍ਰਤਾਪ ਜਗਜੀਤ ਮਹਿ ਸਮਾਇ ਹੈਂ।

◆

**(ਸਤਿਜੁਗ, 6 ਤੋਂ 16 ਸਤੰਬਰ, 2018)**



Sri Satguru Jagjit Singh Ji eLibrary NamdhariElibrary@gmail.com

## ਕਾਫ਼ੀ

**–ਮਾ. ਅਮਰੀਕ ਸਿੰਘ**

ਨਹੀਂ ਸਰਦਾ ਗੁਰ ਜਗਜੀਤ ਬਿਨਾ।
ਕਿਸ ਕੰਮ ਦੇ ਹਾਂ ਉਹਦੀ ਪ੍ਰੀਤ ਬਿਨਾ।

ਹਰ ਦਿਲ ਦੀਆਂ ਰਮਜ਼ਾਂ ਜਾਣਦਾ ਏ
ਹਰ ਕੋਝੇ ਨੂੰ ਵੀ ਪਰਵਾਨਦਾ ਏ
ਲੱਗਦਾ ਉਹ ਰੱਬ ਦੇ ਹਾਣ ਦਾ ਏ
ਨਹੀਂ ਰੀਝਦਾ ਪਿਆਰ ਸੰਗੀਤ ਬਿਨਾ
ਨਹੀਂ ਸਰਦਾ...

ਦੁਖੀਆਂ ਦੇ ਦੁੱਖੜੇ ਹਰਦਾ ਏ
ਬਿਨ ਮੰਗਿਆਂ ਬਖਸ਼ਿਸ਼ ਕਰਦਾ ਏ
ਜਿਹੜਾ ਸਰਨ ਪਵੇ ਭਵ ਤਰਦਾ ਏ
ਹਰ ਕੌਤਕ ਉਸਦੇ ਰੀਤ ਬਿਨਾਂ
ਨਹੀਂ ਸਰਦਾ...

ਸਭ ਕਾਰਜ ਸਭ ਦੇ ਸਾਰੇ ਨੇ
ਕਾਇਆ ਪਲਟੀ ਇਕ ਇਸ਼ਾਰੇ ਨੇ
ਉਹਦੇ ਇਕ ਹੀ ਮਹਾਨ ਸਹਾਰੇ ਨੇ
ਝੱਟ ਲੰਘਦਾ ਨਹੀਂ ਮਨਮੀਤ ਬਿਨਾ
ਨਹੀਂ ਸਰਦਾ...

ਵਿਗੜੀ ਤਕਦੀਰ ਬਣਾਂਦਾ ਏ
ਏਸੇ ਲਈ ਥਾਂ ਥਾਂ ਜਾਂਦਾ ਏ
ਰੁੱਸਿਆਂ ਨੂੰ ਆਪ ਮਨਾਂਦਾ ਏ
ਨਹੀਂ ਮਿਲਦਾ ਚੰਗੇਰੀ ਨੀਤ ਬਿਨਾ
ਨਹੀਂ ਸਰਦਾ...



Sri Satguru Jagjit Singh Ji eLibrary NamdhariElibrary@gmail.com

ਹਰ ਇਕ ਨੂੰ ਜੀਵਨ ਦਾਨ ਦਵੇ
ਕਰੋ ਬਖਸ਼ਸ਼ ਜੋ ਵੀ ਸਰਨ ਪਵੇ
ਸਭ ਡੋਲਦਿਆਂ ਨੂੰ ਥਾਮ ਲਵੇ
ਕਰੇ ਕੌਣ ਇਹ ਪਤਿਤ ਪੁਨੀਤ ਬਿਨਾ
ਨਹੀਂ ਸਰਦਾ...

ਉੱਜਲ ਦੀਦਾਰ ਜੋ ਵੀ ਪਾਵੇ
ਉਹਦੇ ਮੁੱਕ ਜਾਂਦੇ ਨੇ ਸਭ ਹਾਵੇ
ਘਰ ਬੈਠਿਆਂ ਹੀ ਹੱਜ ਹੋ ਜਾਵੇ
ਮੱਕੇ ਜਾਂ ਮਦੀਨੇ ਮਸੀਤ ਬਿਨਾਂ
ਨਹੀਂ ਸਰਦਾ...

ਨਹੀਂ ਸਰਦਾ ਗੁਰ ਜਗਜੀਤ ਬਿਨਾ
ਕਿਸ ਕੰਮ ਦੇ ਹਾਂ ਉਹਦੀ ਪ੍ਰੀਤ ਬਿਨਾ।

◆

(ਸਤਿਜੁਗ, 2000)



Sri Satguru Jagjit Singh Ji eLibrary NamdhariElibrary@gmail.com

## ਸਤਿਗੁਰੂ ਜਗਜੀਤ ਸਿੰਘ ਜੀ
## ਬਸ ਇਕੋ ਦੀਦਾਰ ਦੀ ਲੋੜ ਸਾਨੂੰ

–ਪ੍ਰਿੰਸੀਪਲ ਅਜੀਤ ਸਿੰਘ ਚੀਮਾ

ਧਰਮ ਰੱਖ ਕੇ ਮਰਿਆਦਾ ਦੇ ਪੁੰਜ ਸਤਿਗੁਰ,
ਤੈਨੂੰ ਧਰਮ ਸਮਝਾਂ ਜਾਂ ਈਮਾਨ ਸਮਝਾਂ।
ਸਾਂਝਾ ਗੁਰੂ ਤੂੰ ਸਾਰੇ ਸੰਸਾਰ ਦਾ ਏਂ,
ਤੈਨੂੰ ਰਾਮ ਸਮਝਾਂ ਜਾਂ ਰਹਿਮਾਨ ਸਮਝਾਂ।
ਤੇਰੇ ਅੰਦਰ ਗਿਆਨ ਦਾ ਹੈ ਸੋਮਾ,
ਤੈਨੂੰ ਵੇਦ ਸਮਝਾਂ ਜਾਂ ਪੁਰਾਨ ਸਮਝਾਂ।
ਅਨੇਕ ਕਲਾ ਦਾ ਮਾਲਕ ਬੇਅੰਤ ਹੈ ਤੂੰ,
ਤੈਨੂੰ ਗੁਰੂ ਸਮਝਾਂ ਜਾਂ ਭਗਵਾਨ ਸਮਝਾਂ।

ਤੇਰੀ ਨੇੜਤਾ ਜਿਹਨੂੰ ਨਸੀਬ ਹੋ ਗਈ,
ਉਹ ਸੰਤ ਦੇ ਸੰਤ ਸਰਦਾਰ ਬਣ ਗਏ।
ਅੰਮ੍ਰਿਤ ਭਰੀ ਤੂੰ ਜਿਸ ਵਲ ਨਿਗਾਹ ਕੀਤੀ,
ਬੇਵਕਾਰ ਉਹ ਬਾਵਕਾਰ ਬਣ ਗਏ।

ਤੇਰੇ ਕੋਲ ਬੇਅੰਤ ਨਿਆਮਤਾਂ ਨੇ,
ਤੂੰ ਬੇਅੰਤ ਬੇਅੰਤ ਪਿਆਰ ਵੰਡੇਂ।
ਤੇਰੇ ਜਾਮ ਲਬਰੇਜ ਨੇ ਮਸਤੀਆਂ ਦੇ,
ਬੇਖ਼ੁਦੀ ਦੇ ਖ਼ੁਦ ਖ਼ੁਮਾਰ ਵੰਡੇਂ।
ਖ਼ੁਸ਼ੀ ਦੇ ਕੇ ਖ਼ੁਸ਼ ਨਸੀਰ ਕਰਨੈ,
ਹਾਸੇ ਹੰਸੀਆਂ ਚਾਅ ਮਲਾਰ ਵੰਡੇਂ।
ਤੇਰੀ ਤਕਨੀ ਪਲਟ ਤਕਦੀਰ ਦੇਵੇ,
ਭਾਗ ਹੀਨਾਂ ਨੂੰ ਭਾਗ ਦਾਤਾਰ ਵੰਡੇਂ।

ਤੇਰੇ ਦਰ ਤੇ ਜੋ ਬੇਦਰਦ ਆਇਆ,
ਦਰਦਮੰਦ ਹੋ ਕੇ ਚਰਨੀਂ ਆ ਡਿੱਗਾ।



Sri Satguru Jagjit Singh Ji eLibrary NamdhariElibrary@gmail.com

ਓਦ੍ਹੀ ਈਰਖਾ ਨਫ਼ਰਤ ਦਵੈਸ਼ ਨਿਕਲੀ,
ਤੇਰੀ ਨਜ਼ਰਾਂ 'ਚ ਹੋ ਪਰਵਾਨ ਡਿੱਗਾ।

ਤੇਰੀ ਰਹਿਮਤ ਦਾ ਦਰ ਨਹੀਂ ਬੰਦ ਹੁੰਦਾ,
ਚੋਰ ਯਾਰ ਡਾਕੂ ਬੇਸ਼ੁਮਾਰ ਬਖਸ਼ੇ।
ਜਿਹੜੇ ਰੱਬ ਗੁਨਾਹ ਨਹੀਂ ਮਾਫ਼ ਕਰਦਾ,
ਤੇਰੀ ਬਖ਼ਸ਼ਬੰਦੀ ਬਖਸ਼ਨ ਹਾਰ ਬਖ਼ਸ਼ੇ।
ਜਿਹੜੇ ਕਈ ਵਾਰ ਸੌਂਹ ਤੋੜਦੇ ਨੇ,
ਗੁਨਾਹਗਾਰ ਤੂੰ ਕਈ ਬੇਇਤਬਾਰ ਬਖ਼ਸ਼ੇ।
ਕਿਦ੍ਹੇ ਕਿਦ੍ਹੇ ਮੈਂ ਨਾਵਾਂ ਦੀ ਕਰਾਂ ਗਿਣਤੀ,
ਬਖ਼ਤਾਵਰ ਬਦਬਖ਼ਤ ਬਦਕਾਰ ਬਖ਼ਸ਼ੇ।

ਬੇਮਿਸਾਲ ਦੀ ਕੋਈ ਮਿਸਾਲ ਨਹੀਂ ਹੈ,
ਤੈਨੂੰ ਪਾਤਸ਼ਾਹ ਜੁਗਤੀ ਦਾ ਘਰ ਆਖਾਂ।
ਰਿੱਧ ਸਿੱਧ ਸਭ ਤੇਰੀਆਂ ਦਾਸੀਆਂ ਨੇ,
ਤੈਨੂੰ ਸਤਿਗੁਰੂ ਸ਼ਕਤੀ ਦਾ ਦਰ ਆਖਾਂ।

ਜਦੋਂ ਦੂਜੇ ਦੇ ਲੋਕ ਗੁਨਾਹ ਵੇਖਣ,
ਥਾਂ ਥਾਂ ਲੋਕੀਂ ਉਹਨੂੰ ਭੰਡਦੇ ਨੇ।
ਜ਼ਰਾ ਜਿੰਨਾ ਨਹੀਂ ਓਹਦਾ ਲਿਹਾਜ ਕਰਦੇ,
ਗਿੱਲੇ ਕਪੜੇ ਵਾਗਰਾਂ ਛੰਡਦੇ ਨੇ।
ਕੋਈ ਵਿਛੜੇ ਯਾਰ ਮਿਲਾਂਵਦਾ ਨਹੀਂ,
ਟੁੱਟੀ ਹੋਈ ਨੂੰ ਕਦੇ ਨਾ ਗੰਢਦੇ ਨੇ।
ਵਿਚ ਪਰ੍ਹੇ ਪੰਚਾਇਤ ਦੇ ਸੱਦ ਉਹਨੂੰ,
ਛਿੱਤਰ ਮਾਰਦੇ ਤੇ ਨਾਲ ਦੰਡਦੇ ਨੇ।

ਲੋਕੀਂ ਇਕ ਗੁਨਾਹ ਨਹੀਂ ਮਾਫ਼ ਕਰਦੇ,
ਤੂੰ ਪਰ ਸੌ ਗੁਨਾਹਾਂ ਨੂੰ ਮਾਫ਼ ਕਰਨੈ।



Sri Satguru Jagjit Singh Ji eLibrary NamdhariElibrary@gmail.com

ਅੱਖੀਂ ਵੇਖ ਕੇ ਤੂੰ ਹੀ ਅਣਡਿੱਠ ਕਰਨੈ,
ਸੱਚਾ ਸੁੱਚਾ ਸੁਚੱਜਾ ਇਨਸਾਫ਼ ਕਰਨੈ।

ਜਿਹਦੀ ਆਲ ਔਲਾਦ ਨਾ ਸਾਂਭਦੀ ਏ,
ਬਾਪੂ ਬਾਬਿਆਂ ਵੱਡੇ ਵਡੇਰਿਆਂ ਨੂੰ।
ਉਹ੍ਹੀ ਖੰਘ ਖੰਘਰਾਂ ਨੂੰ ਵੇਖ ਕੇ ਤੇ
ਕਹਿੰਦੇ ਭਰ ਦਿੱਤਾ ਬੁੱਢੇ ਵੇਹੜਿਆਂ ਨੂੰ।
ਮੰਜੀ ਚੁੱਕ ਡਿਉੜੀ ਵਿਚ ਰੱਖ ਦਿੰਦੇ,
ਕੀਤਾ ਕਿਰਕਿਰਾ ਖੁਸ਼ੀਆਂ ਤੇ ਖੇੜਿਆਂ ਨੂੰ।
ਏ ਤਾਂ ਤੇਰੀ ਵਡਿਆਈ ਬੇਅੰਤ ਸਤਿਗੁਰ,
ਲਾਵੇਂ ਹਿੱਕ ਨਾਲ ਬੁੱਢਿਆਂ ਠੇਰਿਆਂ ਨੂੰ।

ਓਸ ਕਿਸ਼ਤੀ ਨੂੰ ਭੰਗਰ 'ਚੋਂ ਕੱਢ ਦੇਵੇਂ,
ਜਿਸ ਕਿਸ਼ਤੀ ਦਾ ਹੁੰਦਾ ਮਲਾਹ ਕੋਈ ਨਹੀਂ।
ਓਸ ਰੋਗੀ ਨੂੰ ਤੂੰ ਤੰਦਰੁਸਤ ਕਰਨੈਂ,
ਜਿਸ ਰੋਗੀ ਦੀ ਹੋਰ ਦਵਾ ਕੋਈ ਨਹੀਂ।
ਸੱਚੇ ਪਾਤਸ਼ਾਹ ਸ਼ਾਹਾਂ ਦਾ ਸ਼ਾਹ ਹੈਂ ਤੂੰ,
ਮੇਰੇ ਜਿਹਾ ਮਸਕੀਨ ਗਰੀਬ ਕੋਈ ਨਹੀਂ।
ਕੱਚੀ ਯਾਰੀ ਸੰਸਾਰ ਦੇ ਬੰਦਿਆਂ ਦੀ,
ਤੇਰੇ ਜਿਹਾ ਮੈਂ ਡਿੱਠਾ ਹਬੀਬ ਕੋਈ ਨਹੀਂ।

ਇਕ ਨਿਗਾਹ ਹੀ ਕਾਫ਼ੀ ਮਸਤਾਨਿਆਂ ਨੂੰ,
ਨਹੀਂ ਹੋਰ ਪਦਾਰਥ ਦੀ ਲੋੜ ਸਾਨੂੰ।
ਬੂਹੇ ਰਹਿਮਤਾਂ ਦੇ 'ਚੀਮਾ' ਖੋਲ੍ਹ ਦੇਵੇਂ,
ਬੱਸ ਇਕੋ ਦੀਦਾਰ ਦੀ ਲੋੜ ਸਾਨੂੰ।

◆

**(ਸਤਿਜੁਗ, ਗੁਰਗੱਦੀ ਦੀ ਅੱਧੀ ਸਦੀ, 2009)**



Sri Satguru Jagjit Singh Ji eLibrary NamdhariElibrary@gmail.com

# ਗੁਰੂ ਜਗਜੀਤ ਸਿੰਘ ਜੀ ਤੇਰੇ ਦਰਸ਼ਨਾਂ ਦੀ ਲੋੜ ਏ

-ਕੁਲਦੀਪ ਸਿੰਘ ਦੀਪ

ਗੁਰੂ ਜਗਜੀਤ ਤੇਰੇ ਦਰਸ਼ਨਾਂ ਦੀ ਲੋੜ ਏ।
ਹੋਰ ਕਿਸੇ ਗੱਲ ਦੀ ਵੀ ਨਾਹੀ ਕੋਈ ਥੋੜ੍ਹ ਏ।
ਫੇਰਾ ਪਾ ਜੀਵਨ ਨਗਰ ਇਕ ਵਾਰੀ ਆਣ ਕੇ।
ਸੰਗਤਾਂ ਨੂੰ ਤਾਰ ਜਾਈਂ ਨਿਸ਼ਾਨ ਪਛਾਣ ਕੇ।
ਬੀਤ ਗਏ ਸਾਲ ਕਈ ਨਾ ਮੇਲੇ ਗੇਲੇ ਜੋੜ ਦੇ।
ਗੁਰੂ ਜਗਜੀਤ ਤੇਰੇ...।

ਭੈਣੀ ਸਾਹਿਬ ਜਾਣ ਲੱਗੇ ਫੈਸਲਾ ਇਹ ਲੀਤਾ ਸੀ।
ਛੇਤੀ ਆਣ ਦਊਂ ਦਰਸਨ ਕੌਲ ਤੁਸਾਂ ਕੀਤਾ ਸੀ।
ਜੀਵਣਾ ਮੁਹਾਲ ਹੋਇਆ ਡਾਢਾ ਔਖਾ ਮੋੜ ਏ।
ਗੁਰੂ ਜਗਜੀਤ ਤੇਰੇ...।

ਤਾਰ ਦਿਉ ਆਣ ਕੇ ਇਲਾਕੇ ਇਸ ਸਾਰੇ ਨੂੰ।
ਸ਼ਹਿਦ ਵਾਂਗ ਮਿੱਠਾ ਕਰੋ ਦਿਲ ਸਾਡੇ ਖਾਰੇ ਨੂੰ।
ਆਪ ਦਾ ਦੀਦਾਰ ਇੱਦਾਂ ਛਾਂ ਜਿਵੇਂ ਬੋਹੜ ਏ।
ਗੁਰੂ ਜਗਜੀਤ ਤੇਰੇ...।

ਚੁੱਪ ਬੈਠੋ ਨਾ ਏਦਾਂ ਸਤਿਗੁਰੂ ਪਿਆਰਿਓ।
ਮਾਤਾ ਭੁਪਿੰਦਰ ਜੀ ਦੇ ਨੈਣਾਂ ਦੇ ਸਿਤਾਰਿਓ।
ਸਾਵਣ ਦੇ ਮਹੀਨੇ ਲੱਗੀ ਵਰਖਾ ਦੀ ਔੜ ਏ।
ਗੁਰੂ ਜਗਜੀਤ ਤੇਰੇ...।

ਡਾਢਿਆਂ ਦਾ ਸੱਤੀਂ ਵੀਹੀਂ ਸੌ ਸਭ ਆਖਦੇ।
ਮਸਤਾਨਗੜ੍ਹ ਵੱਲ ਦਾਤਾ ਤੁਸੀਂ ਕਿਉਂ ਨਹੀਂ ਝਾਕਦੇ।
'ਦੀਪ' ਨੇ ਸਿਦਕ ਕਰ ਲਿਵ ਰੱਖੀ ਜੋੜ ਏ।
ਗੁਰੂ ਜਗਜੀਤ ਤੇਰੇ ਦਰਸ਼ਨਾਂ ਦੀ ਲੋੜ ਏ।

◆

(ਸਤਿਜੁਗ, ਪਰਉਪਕਾਰੀ ਦੀ ਅਰਧ ਸ਼ਤਾਬਦੀ, 2010)



Sri Satguru Jagjit Singh Ji eLibrary NamdhariElibrary@gmail.com

# ਜਗਜੀਤ ਗੁਰੂ ਤੇਰੀ ਉਪਮਾ ਹਰ ਥਾਂ ਭਾਰੀ ਏ

**-ਕੁਲਦੀਪ ਸਿੰਘ ਦੀਪ**

ਜਗਜੀਤ ਗੁਰੂ ਤੇਰੀ ਉਪਮਾ ਹਰ ਥਾਂ ਭਾਰੀ ਏ।
ਝੁਕ ਝੁਕ ਸਿਜਦੇ ਕਰਦੀ ਦੁਨੀਆਂ ਸਾਰੀ ਏ।
ਜੋ ਵੀ ਦਰ 'ਤੇ ਆਇਆ ਖ਼ਾਲੀ ਮੋੜਿਆ ਨਾ।
ਕੀਤੇ ਕਾਰਜ ਪੂਰੇ ਦਿਲਾਂ ਨੂੰ ਤੋੜਿਆ ਨਾ।
ਤਾਂਹੀ ਇਹ ਗੀਤ ਗੋਂਦੀ ਦੁਨੀਆਂ ਸਾਰੀ ਏ।
ਜਗਜੀਤ ਗੁਰੂ ਤੇਰੀ ਉਪਮਾ...

ਤੂੰ ਦੁਖੀਆਂ ਦਾ ਸਦਾ ਹੀ ਦੁੱਖ ਵੰਡਾਨਾ ਏ।
ਲੋੜਵੰਦਾਂ ਦੀ ਝੋਲੀ ਭਰਦਾ ਜਾਨਾਂ ਏ।
ਪਾਂਦੇ ਮਿਠੜੇ ਮੇਵੇ ਸਭ ਨਰ ਨਾਰੀ ਏ।
ਜਗਜੀਤ ਗੁਰੂ ਤੇਰੀ ਉਪਮਾ...

ਦਰ ਤੇਰੇ 'ਤੇ ਸਦਾ ਹੀ ਰਹਿਮਤ ਵਸਦੀ ਏ।
ਬਖ਼ਸ਼ਿਸ਼ ਦੇ ਦਰਵਾਜ਼ੇ ਖੁਲ੍ਹੇ ਦੱਸਦੀ ਏ।
ਕਰੇਂ ਮੁਰਾਦਾਂ ਪੂਰੀਆਂ ਨਾ ਇਨਕਾਰੀ ਏ।
ਜਗਜੀਤ ਗੁਰੂ ਤੇਰੀ ਉਪਮਾ...

ਸਭ ਦੁਨੀਆਂ ਨੂੰ ਰੋਜ਼ੀ ਤੂੰ ਪਹੁੰਚਾਨਾ ਏ।
ਡਿਗ ਪਏ ਗਰੀਬਾਂ ਤਾਈਂ ਤੂੰ ਉਠਾਨਾ ਏ।
ਰਸਤਾਂ ਵੰਡੇਂ 'ਦੀਪ' ਨੂੰ ਬਣ ਭੰਡਾਰੀ ਏ।
ਜਗਜੀਤ ਗੁਰੂ ਤੇਰੀ ਉਪਮਾ ਹਰ ਥਾਂ ਭਾਰੀ ਏ।

◆

**(ਸਤਿਜੁਗ, ਗੁਰਗੱਦੀ ਦੀ ਅੱਧੀ ਸਦੀ, 2009)**



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ

-ਨਿਸ਼ਾਨ ਸਿੰਘ ਕਥਾਵਾਚਕ

ਪੂਰਨ ਪ੍ਰਤਾਪੀ ਪਤਿਤ ਪਾਵਨ ਪ੍ਰੇਮ ਪੁੰਜ
ਪਾਪ ਪਾਤੀ ਪਾਰਬੇ ਕਉ ਪਰਮ ਪੁਨੀਤ ਹੈਂ।
ਭਰਮ ਭੈ ਭੰਜਨ ਕੋ ਭੂਖਨ ਕੇ ਭਾਰੇ ਭੂਪ
ਭਵ ਮਾਰਿ ਆਏ ਭਵ ਲੀਏ ਨਿਰਭੀਤ ਹੈਂ।
ਸੱਚ ਸੁੱਚ ਸੰਜਮ ਸਵੱਛਤਾ ਔ ਸਾਦਗੀ ਸੇ
ਸਿਮਰਨ ਕਰਾਵਤੇ ਸਿਖਾਵਤੇ ਸੰਗੀਤ ਹੈਂ।
ਜਬ ਦੇਖਾ ਜਗ ਪਰ ਜੁਲਮ ਜਮਾਯਾ ਜੋਰ
ਜਬਰ ਜਲਾ ਕੇ ਜਲ ਆਏ ਜਗਜੀਤ ਹੈਂ।

ਜੀਵਨ ਜੁਗਤ ਦਸ ਜਾਪ ਕੋ ਜਪਾਏ ਜੋਊ
ਜੰਮਨ ਜਲਨ ਜਾਰ ਤੇਰੇ ਜਮ ਜਾਲ ਹੈਂ।
ਗੋਬਿੰਦ ਕੇ ਗੁਨ ਛਾਡ ਗਰਤ ਗਰੂਰ ਗਿਰੇ
ਗਾਵਾਏ ਗੁਨ ਗੁਰ ਗਮ ਗਰਬ ਕੋ ਗਾਲ ਹੈਂ।
ਜੋਰੇ ਜਨਾ ਜਾਏ ਜੋਊ ਜਗ ਜਗ ਜੀਤ ਜਾਏ
ਜੋਰੇ ਨ ਜਮ ਜਰ ਜਰਾ ਕੋ ਜਵਾਲ ਹੈਂ।
ਤਮ੍ਹਾ ਤਮ ਤਾਈਂ ਤੋਰੇ ਤੇਊ ਤਾਰ ਤਾਰ ਕਰ
ਤਨ ਤਨ ਤਾਰਿਬੇ ਕੋ ਤਰਸ ਕੋ ਤਾਲ ਹੈਂ।

◆

(ਸਤਿਜੁਗ, ਵਿਸ਼ੇਸ਼ ਸ਼ਤਾਬਦੀ ਅੰਕ, 2020)



Sri Satguru Jagjit Singh Ji eLibrary NamdhariElibrary@gmail.com

## ਹੈ ਸਿੱਖੀ ਦੀ ਸ਼ਾਨ ਗੁਰ ਜਗਜੀਤ ਸਿੰਘ

-ਅਜੀਤ ਸਿੰਘ ਲਾਇਲਪੁਰੀ

ਹੈ ਸਿੱਖੀ ਦੀ ਆਨ ਗੁਰੁ ਜਗਜੀਤ ਸਿੰਘ
ਤੇ ਸਿੱਖੀ ਦੀ ਸ਼ਾਨ ਗੁਰ ਜਗਜੀਤ ਸਿੰਘ।

ਬੋਲ ਮਿੱਠੇ ਵਾਂਗ ਮਿਸ਼ਰੀ ਮਾਖਿਓਂ
ਵਾਰ ਤਿਰੀ ਮੁਸਕਾਨ ਗੁਰ ਜਗਜੀਤ ਸਿੰਘ।

ਵੰਡਦਾ ਏ ਬੁੱਕ ਭਰ ਭਰ ਰਹਿਮਤਾਂ
ਬਹੁ ਕਰੇ ਅਹਿਸਾਨ ਗੁਰ ਜਗਜੀਤ ਸਿੰਘ।

ਪ੍ਰੇਮ ਵਿਚ ਨਹੀਂ ਨੇਮ ਕੋਈ ਜਾਣਦਾ
ਭੀਲਣੀ ਲਈ ਰਾਖ ਗੁਰ ਜਗਜੀਤ ਸਿੰਘ।

ਰਾਗ ਇਹਦੀ ਬੁੱਲੀਆਂ ਤੇ ਖੇਡਦਾ
ਸੰਗੀਤ ਦੀ ਹੈ ਤਾਨ ਗੁਰ ਜਗਜੀਤ ਸਿੰਘ।

ਪਿਆਰ ਨਹੀਂ ! ਇਹ ਤਾਂ ਏ ਸੋਮਾ ਪਿਆਰ ਦਾ
ਮੋਹ ਦੀ ਹੈ ਖਾਨ ਗੁਰ ਜਗਜੀਤ ਸਿੰਘ।

ਛੋਹ ਅੱਗੇ ਤੁੱਛ ਸੁਖ ਸੰਸਾਰ ਦੇ
ਜਾਂ ਦੁੱਖਾਂ ਦਾ ਘਾਣ ਗੁਰ ਜਗਜੀਤ ਸਿੰਘ।

ਰਹਿਨੁਮਾ ਰਹਿਬਰ ਤੇ ਪੂਰਾ ਸਤਿਗੁਰੂ
ਧਰਮ ਤੇ ਈਮਾਨ ਗੁਰ ਜਗਜੀਤ ਸਿੰਘ।

ਜੋ ਅਸੰਭਵ ਨੂੰ ਤੁਰਤ ਸੰਭਵ ਕਰੇ,
ਓਸ ਦੀ ਪਹਿਚਾਣ ਗੁਰ ਜਗਜੀਤ ਸਿੰਘ।



Sri Satguru Jagjit Singh Ji eLibrary NamdhariElibrary@gmail.com

ਪਾਤਰ ਹੈ ਹਰ ਜੀਵ ਦੇ ਸਤਿਕਾਰ ਦਾ
ਰਾਮ ਤੇ ਰਹਿਮਾਨ ਗੁਰੂ ਜਗਜੀਤ ਸਿੰਘ।

ਜ਼ਹਿਮਤਾਂ ਨੂੰ ਰਹਿਮਤਾਂ ਨਾਲ ਕੱਟਦਾ
ਹਰ ਸਿੱਖ ਦਾ ਨਿਗਰਾਨ ਗੁਰ ਜਗਜੀਤ ਸਿੰਘ।

•

**(ਸਤਿਜੁਗ, ਸ਼ਤਾਬਦੀ ਵਿਸ਼ੇਸ਼ ਅੰਕ, 2020, ਪੰਨਾ 23)**



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ ਸਿੰਘ

–ਸੰਤ ਨਿਸ਼ਾਨ ਸਿੰਘ

ਜਿਹੜਾ ਆਂਵਦਾ ਸਰਨ ਤੇ ਪਰਸਦਾ ਚਰਨ
ਕੱਟ ਜਨਮ ਮਰਨ ਲੋਹਾ ਹਰਨ ਹੋ ਜਾਂਵਦਾ॥
ਦਰ ਆਏ ਜੋ ਸਵਾਲੀ ਕੱਟ ਜਨਮਾਂ ਕੰਗਾਲੀ
ਭਰ ਦੇਵੇ ਝੋਲੀ ਖ਼ਾਲੀ ਸ਼ਹਿਨਸ਼ਾਹ ਹੈ ਬਣਾਂਵਦਾ॥
ਸਿੱਖੀ ਬਾਗ ਦਾ ਇਹ ਮਾਲੀ ਤੇ ਭਗਤ ਪ੍ਰਤਿਪਾਲੀ
ਕੱਟ ਜਮਾਂ ਵਾਲੀ ਜਾਲੀ ਸੋਹਣਾ ਕੰਠ ਨਾਲ ਲਾਂਵਦਾ॥
ਬਣ ਦੁਖੀਆਂ ਦਾ ਮੀਤ ਜੀਤਾ ਜਗ ਜਗਜੀਤ
ਕੀਤਾ ਸੜਦਿਆਂ ਨੂੰ ਸੀਤ ਤਾਹੀ ਗੀਤ ਜਗ ਗਾਂਵਦਾ॥

ਗੁਰੂ ਜਗਜੀਤ ਮੀਤ ਦੇਵੋ ਪਰਤੀਤ ਮੈਨੂੰ
ਨੀਤ ਨੀਤ ਗੁਣ ਗੀਤ ਆਪਦੇ ਹੀ ਗਾਵਾਂ ਮੈਂ॥
ਹਰ ਦੇਵੋ ਦੋਖ ਮੇਰੇ ਹਰ ਵਿਚ ਹਰ ਵੇਖਾਂ
ਹਰ ਘਰ ਆਪ ਦਾ ਸੰਦੇਸਰਾ ਪੁਚਾਵਾਂ ਮੈਂ॥
ਹੋਰ ਦਰ ਪਰ ਦਾਤਾ ਝੁਕੇ ਨਾਹੀ ਸਰ ਮੇਰਾ
ਬਖਸ਼ਿਸ਼ ਦੇ ਸਰ ਵਿਚ ਟੁੱਬੀਆਂ ਲਗਾਵਾਂ ਮੈਂ॥
ਲਬਾਲਬ ਦਿਲ ਮੇਰਾ ਹੋਵੇ ਤੇਰੀ ਪ੍ਰੀਤ ਨਾਲ
ਤੇਰੇ ਦਰੋਂ ਮੋਖ ਭੋਰਾ ਕਾਮਨਾ ਨੂੰ ਪਾਵਾਂ ਮੈਂ॥

ਅਵਗਨ ਅਨੰਤ ਮੋ ਮੇ ਗੁਣਹ ਸੁਖ ਸਾਗਰਾ ਤੂੰ
ਮੋਰਾ ਸਨਬੰਧ ਤੋ ਸੇ ਕੈਸੋ ਬਨਿ ਆਵੈ ਜੀ॥
ਬਾਪ ਬਡ ਰਾਜਾ ਤਾਤ ਕੰਕਰੋਂ ਕੋ ਜਾਚਤ ਹੈ
ਐਸੋ ਜੋ ਕਪੂਤ ਜਮ ਕਾਹੂੰ ਨ ਸੁਖਾਵੈ ਜੀ॥
ਸਾਹਿਬ ਅਤਿ ਸਖੀ ਹੋ ਸੇਵਕ ਕੰਜੂਸ ਲੋਭੀ
ਲਾਖ ਜਤਨ ਸੇ ਖੁਸ਼ੀ ਸਾਹਿਬ ਨ ਪਾਵੈ ਜੀ॥
ਬਸ ਏਕ ਆਸ ਮਨ ਗੁਰੂ ਬਖਸੰਦ ਮੇਰੋ
ਅਵਗਨ ਮੇਟ ਕਰਿ ਮੋਹਿ ਗਲ ਲਾਵੋ ਜੀ॥

◆

**(ਸਤਿਜੁਗ, ਸਤਿਗੁਰੂ ਜਗਜੀਤ ਸਿੰਘ ਸ਼ਤਾਬਦੀ ਅੰਕ, 2020, ਪੰਨਾ 75)**



Sri Satguru Jagjit Singh Ji eLibrary NamdhariElibrary@gmail.com

## ਸਿੱਖ ਹਾਂ ਗੁਰੂ ਜਗਜੀਤ ਦਾ

-ਸੇਵਕ ਹਰਪਾਲ ਸਿੰਘ

ਮੈਂ ਸਿੱਖ ਹਾਂ ਗੁਰੂ ਜਗਜੀਤ ਦਾ,
ਉਸ ਬਾਲ-ਸਖਾ ਮਨ ਮੀਤ ਦਾ।
ਉਹਦੀ ਰਾਗ-ਰੀਤ ਖੁਰਾਕ ਸਦਾ
ਪਹਿਨੇ ਉਹ ਸੱਚ ਪੁਸ਼ਾਕ ਸਦਾ
ਉਸ ਪਾਵਨ ਪਰਮ ਪੁਨੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ...

ਜਿਹਦਾ ਸਿਮਰਨ ਨਾਮ ਆਧਾਰ ਹੈ
ਬਾਣੀ ਨਾਲ ਸੱਚਾ ਪਿਆਰ ਹੈ
ਉਸ ਦਸਮ ਗੁਰੂ ਦੀ ਰੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ...

ਉਹ ਗਰੀਬਾਂ ਦਾ ਸੱਚਾ ਯਾਰ ਹੈ
ਬਿਰਧਾਂ ਦਾ ਪਾਲਣਹਾਰ ਹੈ
ਉਸ ਬਾਲ ਨਿਵਾਜ ਸੁਖ-ਮੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ...

ਉਹ ਦੁਖੀ ਦਲਿੱਦ੍ਰੀ ਸੋਗੀ ਲਈ
ਉਹ ਵੈਦ ਗੁਰੂ ਹੈ ਰੋਗੀ ਲਈ
ਉਹ ਸੁਖ ਸਾਗਰ, ਸੁਖ ਮੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ...

ਉਹ ਸਾਗਰ ਜੇਡਾ ਮਹਾਨ ਹੈ
ਉਹ ਸਭ ਤੋਂ ਵੱਧ ਨਿਰਮਾਣ ਹੈ
ਉਸ ਬੇਅੰਤ, ਅਨੰਤ ਅਜੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ...



Sri Satguru Jagjit Singh Ji eLibrary NamdhariElibrary@gmail.com

ਸਾਨੂੰ ਸੁਰਗ ਨਰਕ ਦਾ ਫ਼ਿਕਰ ਨਹੀਂ
ਕਿਤੇ ਪੁੰਨ-ਪਾਪ ਦਾ ਜ਼ਿਕਰ ਨਹੀਂ
ਸਾਡਾ ਧਰਮ-ਕਰਮ ਗੁਰ ਪ੍ਰੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ...

ਅਕਥ ਕਥਾ ਉਹਦੀ ਬਾਤ ਹੈ
ਜਨਮਾਂ ਦਾ ਉਸ ਸੰਗ ਸਾਥ ਹੈ
ਉਸ ਭਗਤ ਵਛਲ ਗੁਰ ਰੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ...

ਦਾਦੀ ਨੇ ਇਹੋ ਸਿਖਾਇਆ ਏ
ਨਾਨੀ ਨੇ ਵੀ ਸਮਝਾਇਆ ਏ
ਰਹੀਂ ਪੱਕਾ ਗੁਰੂ ਦੀ ਰੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ
ਉਸ ਬਾਲ ਸਖਾ ਮਨਮੀਤ ਦਾ।

◆



Sri Satguru Jagjit Singh Ji eLibrary NamdhariElibrary@gmail.com

# ਗੁਰ ਜਗਜੀਤ ਸਿੰਘ

-ਅਜੀਤ ਸਿੰਘ ਲਾਇਲ

ਹੈ ਸਿੱਖੀ ਦੀ ਆਨ ਗੁਰ ਜਗਜੀਤ ਸਿੰਘ
ਤੇ ਸਿੱਖੀ ਦੀ ਸ਼ਾਨ ਗੁਰ ਜਗਜੀਤ ਸਿੰਘ।
ਬੋਲ ਮਿੱਠੇ ਵਾਂਗ ਮਿਸ਼ਰੀ ਮਾਖਿਓਂ
ਵਾਹ ਤੇਰੀ ਮੁਸਕਾਨ ਗੁਰ ਜਗਜੀਤ ਸਿੰਘ।

ਵੰਡਾ ਏ ਬੁੱਕ ਭਰ ਭਰ ਰਹਿਮਤਾਂ
ਬਹੁ ਕਰੇ ਅਹਿਸਾਨ ਗੁਰ ਜਗਜੀਤ ਸਿੰਘ।
ਪ੍ਰੇਮ ਵਿਚ ਨਹੀਂ ਨੇਮ ਕੋਈ ਜਾਣਦਾ
ਭੀਲਣੀ ਲਈ ਰਾਮ ਗੁਰ ਜਗਜੀਤ ਸਿੰਘ।

ਰਾਗ ਇਹਦੀ ਬੁੱਲ੍ਹੀਆਂ 'ਤੇ ਖੇਡਦਾ
ਸੰਗੀ ਦੀ ਹੈ ਤਾਨ ਗੁਰ ਜਗਜੀਤ ਸਿੰਘ।
ਪਿਆਰ ਨਹੀਂ ! ਇਹ ਤਾਂ ਏ ਸੋਮਾ ਪਿਆਰ ਦਾ
ਮੋਹ ਦੀ ਹੈ ਖਾਨ ਗੁਰ ਜਗਜੀਤ ਸਿੰਘ।

ਛੂਹ ਅੱਗੇ ਤੁੱਛ ਸੁੱਖ ਸੰਸਾਰ ਦੇ
ਜਾਂ ਦੁੱਖਾਂ ਦਾ ਘਾਣ ਗੁਰ ਜਗਜੀਤ ਸਿੰਘ।
ਰਹਿਨੁਮਾ ਰਹਿਬਰ ਤੇ ਪੂਰਾ ਸਤਿਗੁਰੂ
ਧਰਮ ਤੇ ਇਮਾਨ ਗੁਰ ਜਗਜੀਤ ਸਿੰਘ।

ਜੋ ਅਸੰਭਵ ਨੂੰ ਤੁਰਤ ਸੰਭਵ ਕਰੇ
ਓਸ ਦੀ ਪਹਿਚਾਣ ਗੁਰ ਜਗਜੀਤ ਸਿੰਘ।
ਪਾਤਰ ਹੈ ਹਰ ਜੀਵ ਦੇ ਸਤਿਕਾਰ ਦਾ
ਰਾਮ ਤੇ ਰਹਿਮਾਨ ਗੁਰ ਜਗਜੀਤ ਸਿੰਘ

ਜਹਿਮਤਾਂ ਨੂੰ ਰਹਿਮਤਾਂ ਨਾਲ ਕੱਟਦਾ
ਹਰ ਸਿੱਖ ਦਾ ਨਿਗਰਾਨ ਗੁਰ ਜਗਜੀਤ ਸਿੰਘ।

◆



Sri Satguru Jagjit Singh Ji eLibrary NamdhariElibrary@gmail.com

## 'ਜੈਸਾ ਸਤਿਗੁਰ ਸੁਣੀਦਾ'—ਸ਼ਤਵਾਰਾ

-ਪ੍ਰੋ. ਕਿਰਪਾਲ ਸਿੰਘ ਕਸੇਲ

ਉੱਜਲ ਭਾਗ ਹੋਣ ਜੇ ਮੇਰੇ
ਜਾ ਪੁੱਜੀਏ ਸਤਿਗੁਰ ਦੇ ਡੇਰੇ
ਪਰਸ ਚਰਨ ਮਿਲਣ ਸੂਖ ਘਨੇਰੇ।
ਜਾ ਕੇ ਸ਼ਰਧਾ ਭੇਟ ਚੜ੍ਹਾਈਏ,
ਹਾਰ ਫੁੱਲਾਂ ਦਾ ਗੁੰਦ ਲੈ ਜਾਈਏ।
ਅੱਖਰ ਜੋੜ ਇਹ ਬਣਤ ਬਣਾਈਏ,
ਗੁਰ ਚਰਨਾਂ 'ਤੇ ਜਾਏ ਟਿਕਾਈਏ।
ਇਹ ਸਤਵਾਰਾ ਕਿੰਝ ਬਿਤਾਈਏ ?
ਚਰਨ-ਸਰਨ ਗੁਰ ਚਿੱਤ ਰਹਾਈਏ।

ਸੋਮਵਾਰ ਹੈ ਚੜ੍ਹ ਪਿਆ,
ਵਸੇ ਗੁਰੂ ਪਿਆਰ।
ਮਨ ਖਿੜਿਆ ਹੈ ਕੰਵਲ ਸਮ,
ਬਰਸੇ ਅੰਮ੍ਰਿਤ ਧਾਰ।
ਸੋਮਵਾਰ ਪਿਆਰਾ ਹੈ ਚੜ੍ਹਿਆ,
ਮਨ ਵਿਚ ਗੁਰ-ਮੂਰਤ ਨੂੰ ਧਾਰਿਆ,
ਨਾਮ ਅਰਾਧ ਚੌਬਾਰੇ ਚੜ੍ਹਿਆ,
ਦੀਪਕ ਮਨ ਮਸਤਕ ਵਿਚ ਧਰਿਆ,
ਜਾਵਾਂ ਬਲਿਹਾਰ ਮੈਂ।

ਮੰਗਲ ਖੁਸ਼ੀ ਅਪਾਰ ਹੈ,
ਸਹਿਜ ਅਨੰਦ ਸੰਜੋਏ।
ਹਿਰਦੇ ਕੋਲ ਹੈ ਖਿੜ ਪਿਆ,
ਗੁਰ-ਪ੍ਰੀਤਮ ਦੀ ਸੋਏ।
ਗੁਰ ਪ੍ਰੀਤਮ ਦਾ ਆਵਣ ਸੁਣਿਆ,
ਰਸਨਾ ਨਾਮ ਅੰਮ੍ਰਿਤ ਨੂੰ ਭਣਿਆ,
ਹੰਸ ਆਤਮਾ ਮੋਤੀ ਚੁਣਿਆ



...uru Jagjit Singh Ji eLibrary NamdhariElibrary@gmail.com

ਕਾਮ, ਕ੍ਰੋਧ ਵਕਾਰਾਂ ਨੂੰ ਲੁਣਿਆ
ਪਾਈ ਸਾਰ ਮੈਂ।

ਬੁੱਧਵਾਰ ਸੁੱਧ ਜਾਗ ਪਈ
ਸਿਮਰਿਆ ਪੁਰਖ ਅਕਾਲ।
ਸਭ ਸ੍ਰਿਸ਼ਟਿ ਵਿਚ ਰਮ ਰਿਹਾ,
ਕੈਸਾ ਰੂਪ ਕਮਾਲ !
ਕੈਸਾ ਰੂਪ ਕਮਾਲ ਹੈ ਤੇਰਾ
ਲਾਇਆ ਹਰ ਹਿਰਦੇ ਵਿਚ ਡੇਰਾ,
ਵਣ-ਤ੍ਰਿਣ ਵਿਚ ਵੀ ਵਾਸਾ ਤੇਰਾ,
ਪਸ਼ੂ-ਪੰਛੀ ਤੇ ਚਾਰ ਚੌਫ਼ੇਰਾ
ਤੇਰਾ ਜੱਸ ਗਾਂਵਦੇ।

ਵੀਰਵਾਰ ਸ਼ੁਭ ਦਿਵਸ ਹੈ,
ਦੇਵਪਤੀ ਦਾ ਵਾਰ।
ਧਿਆਨ ਧਰਾਂ ਗੁਰਦੇਵ ਦਾ,
ਪਰਸਾਂ ਚਰਨ ਰਸਾਲ।
ਪਰਸਾਂ ਚਰਨ ਰਸਾਲ ਗੁਰ ਤੇਰੇ,
ਭਾਗ ਜਾਗ ਪਏ ਸੁੱਤੇ ਮੇਰੇ,
ਦਇਆ-ਧਾਰ ਵਿਛੜੇ ਪ੍ਰਭ-ਮੇਲੇ,
ਸਦ-ਬਖਸ਼ਿੰਦ ਗੁਰ ਪ੍ਰੀਤਮ ਮੇਰੇ,
ਢਾਡੀ ਜੱਸ ਗਾਂਵਦੇ।
ਸ਼ੁਕਰਵਾਰ ਨੂੰ ਸ਼ੁਕਰ ਕਰ,
ਬੱਝੀ ਮਨ ਵਿਚ ਆ।
ਗੁਰ ਦਰਸ਼ਨ ਦੀ ਸਿੱਕ ਘਣੀ,
ਬੁੱਝੇ ਨਾ ਕਦੀ ਪਿਆਸ।
ਬੁੱਝੇ ਨਾ ਕਦੀ ਪਿਆਸ ਦਰਸ ਦੀ,
ਜਿੰਦ ਨਿਮਾਣੀ ਸਦਾ ਤਰਸਦੀ,



Sri Satguru Jagjit Singh Ji eLibrary NamdhariElibrary@gmail.com

ਸਭ ਕੁਝ ਹੈ ਦਰ ਤੇਰੇ ਅਰਪਦੀ,
ਪਾਣੀ ਦੇ ਬਿਨ ਮੀਨ ਤੜਪਦੀ,
ਅੰਮ੍ਰਿਤ ਕੁੰਡ ਨਹਾਂਵਦੇ।

ਚਰਨ ਕੰਵਲ ਦੀ ਟੇਕ ਧਰ,
ਆਇਆ ਸ਼ਨਿਚਰਵਾਰ।
ਨਦਰਿ ਕਰਮ ਦੀ ਖੇਡ ਇਹ,
ਝੂਠੇ ਡੰਫ਼ ਪਾਸਾਰ।
ਝੂਠੇ ਡੰਫ਼ ਪਾਸਾਰ ਜਗਤ ਦੇ,
ਸੋਂਹਦੇ ਦਰ ਤੇਰੇ 'ਤੇ ਭਗਤ ਨੇ
ਮੈਂ ਬਲਿਹਾਰੀ ਸਾਧ ਸੰਗਤ ਦੇ,
ਤੇਰੇ ਨਾਮ ਦੇ ਵਿਚ ਜੋ ਰੰਗ ਕੇ,
ਧੂੜ ਮਸਤਕ ਲਾਂਵਦੇ।

ਆਇਆ ਰਵੀ ਵਾਰ ਹੈ,
ਸੂਰਜ ਸਮ ਪ੍ਰਕਾਸ਼।
ਸਤਿਗੁਰ ਦਰਸ਼ਨ ਪਾ ਲਏ,
ਪੁੰਨੀ ਦਿਲ ਦੀ ਆਸ।
ਦਿਲ ਦੀ ਆਸ ਪੁੰਨੀ ਗੁਰ ਪਾਇਆ,
ਸਤਿਗੁਰ-ਚਰਨੀਂ ਸੀਸ ਨਿਵਾਇਆ,
ਹਾਰ ਨਗਾਂ ਦਾ ਗੁੰਦ ਲਿਆਇਆ,
ਚਰਨ-ਕੰਵਲਾਂ ਤੇ ਜਾ ਟਿਕਾਇਆ,
ਗੁਰ-ਉਪਮਾ ਜੱਸ ਗਾਂਵਦੇ।

◆



Sri Satguru Jagjit Singh Ji eLibrary NamdhariElibrary@gmail.com

## ਪਹਿਰੇ

–ਪ੍ਰੋ. ਕਿਰਪਾਲ ਸਿੰਘ ਕਸੇਲ

ਪਹਿਲੇ ਪਹਿਰੇ ਉੱਠ ਕੇ
ਗੁਰ ਨਾਮ ਧਿਆਇਆ,
ਦੂਜੇ ਪਹਿਰੇ ਜਾਇ ਕੇ,
ਗੁਰ ਦਰਸ਼ਨ ਪਾਇਆ।

ਤੀਜੇ ਪਹਿਰੇ ਸਾਧ ਸੰਗਤ ਨੂੰ,
ਸੀਸ ਨਿਵਾਇਆ।
ਚੌਥੇ ਪਹਿਰ ਦੀਵਾਨ ਵਿਚ,
ਹਰੀ ਨਾਮ ਧਿਆਇਆ।

ਧੰਨ ਗੁਰੂ ਜਗਜੀਤ ਹੈ,
ਜਿਨ ਕਿਰਪਾ ਧਾਰੀ।
ਸੰਤ ਖਾਲਸਾ ਗੁਰੂ ਦਾ
ਪੰਥ ਨਾਮਧਾਰੀ।

ਉਜਵਲ ਛਬਿ ਜਿਸ ਦੀ ਸਦਾ,
ਗੁਰ ਪਰਉਪਕਾਰੀ।
ਸਾਧ ਸੰਗਤ ਗੁਰਦੇਵ ਤੋਂ
ਮੈਂ ਸਦ ਬਲਿਹਾਰੀ।

ਪੈਜ ਰਖੋ ਦਾਸ ਜੀ,
ਮੈਂ ਕੀਟ ਭਿਖਾਰੀ।
ਗੁਰੂ ਘਰ ਦਾ ਹਾਂ ਮੰਗਤਾ,
ਗੁਰ ਵੱਡ ਉਪਕਾਰੀ।

ਗੁਰ ਦਾਤਾ ਹੈ ਗੁਣ ਨਿਧਾਨ,
ਗੁਰੂ ਕਲਾ ਧਾਰੀ।
ਮਸਤਕ ਉੱਤੇ ਹੱਥ ਧਰ,
ਗੁਰ ਪੈਜ ਸਵਾਰੀ।



Sri Satguru Jagjit Singh Ji eLibrary NamdhariElibrary@gmail.com

## ਧੰਨ ਗੁਰੂ ਜਗਜੀਤ

-ਰਾਗੀ ਮਨਜੀਤ ਸਿੰਘ ਦਿੱਲੀ

ਵੈਦਾਂ ਦਾ ਉਹ ਵੈਦ ਗੁਰੂ ਹੈ ਸਭ ਦੀ ਨਬਜ਼ ਪਛਾਣੇ
ਗੁਰ ਪਰਤਾਪ ਦੀ ਅੱਖ ਦਾ ਤਾਰਾ ਸਭ ਦਾ ਬਣਿਆ ਮੀਤ
ਆਉ ਸਾਰੇ ਰਲ ਕੇ ਕਹੀਏ ਧੰਨ ਗੁਰੂ ਜਗਜੀਤ।

ਖੁਸ਼ੀਆਂ ਭਰਿਆ ਦਿਨ ਅੱਜ ਆਇਆ ਸਾਰੇ ਰਲ ਮਨਾਈਏ
ਸਤਿਜੁਗ ਜੀ ਦੇ ਆਵਣ ਉੱਤੇ ਨੱਤ ਮਸਤਕ ਹੋ ਜਾਈਏ
ਧੋਈਏ ਪਾਪ ਦਿਲਾਂ ਦੇ ਸਾਰੇ ਜੀਵਨ ਕਰੀਏ ਸਫਲਾ
ਚਉਰਾਸੀ ਦੇ ਚੱਕਰ ਵਾਲਾ ਹਲ ਕਰ ਲਈਏਂ ਮਸਲਾ
ਗੁਰ ਬਚਨਾਂ ਦੇ ਨਾਲ ਅਸਾਂ ਦੀ ਹੋਵੇ ਸਦਾ ਪ੍ਰੀਤ
ਆਉ ਸਾਰੇ ਰਲ ਕੇ ਕਹੀਏ ਧੰਨ ਗੁਰੂ ਜਗਜੀਤ।

ਸੱਤ ਸਮੁੰਦਰੋਂ ਪਾਰੋਂ ਉਸਦੀ ਸੁਣਦੀ ਜੈ ਜੈ ਕਾਰ
ਥਾਈ ਕਨੇਡਾ ਲੰਡਨ ਵਸਦਿਆਂ ਦਾ ਉਹ ਕਰੇ ਉਧਾਰ
ਵਿਚ ਅਫਰੀਕੀ ਦੇਸ਼ਾਂ ਜਾਂ ਉਸ ਪਾਇਆ ਬੜਾ ਪਿਆਰ
ਨਾਨਕ ਨਾਮ ਦੀ ਫੁਲਵਾੜੀ ਨੂੰ ਦਿੱਤਾ ਖ਼ੂਬ ਸ਼ਿੰਗਾਰ
ਜੱਗ ਜਿਤਿਆ ਜਗਜੀਤ ਗੁਰੂ ਮੈਂ ਹੋਇਆ ਨ ਮਨ ਜੀਤ
ਆਉ ਸਾਰੇ ਰਲ ਕੇ ਕਹੀਏ ਧੰਨ ਗੁਰੂ ਜਗਜੀਤ।

◆

**(ਵਰਿਆਮ, ਨਵੰਬਰ 2020)**



Sri Satguru Jagjit Singh Ji eLibrary NamdhariElibrary@gmail.com

## ਪੂਰਨ ਪੁਰਖ ਅਕਾਲ

-ਸੁਵਰਨ ਸਿੰਘ ਵਿਰਕ

ਸ੍ਰੀ ਸਤਿਗੁਰੂ ਜਗਜੀਤ ਸਿੰਘ ਪੂਰਨ ਪੁਰਖ ਅਕਾਲ।
ਅਮੀਂ ਫੁਹਾਰਾਂ ਛੱਡਦਾ, ਮਸਤਕ ਜਿਨ੍ਹਾਂ ਵਿਸ਼ਾਲ।
ਜਗ ਜਲਦੇ ਨੂੰ ਵੇਖ ਕੇ ਰਚੀਓ ਨੇ ਤਦਬੀਰ।
ਨਵੀਂ ਪਨੀਰੀ ਸਿਰਜਣੀ ਸਿਖੀ ਦੀ ਤਸਵੀਰ।

ਪੱਛਮ ਦੀ ਤਹਿਜ਼ੀਬ ਨੇ ਫੈਸ਼ਨ-ਜ਼ਹਿਰ ਖਿੰਡਾਅ।
ਨਵੀਆਂ ਲਗਰਾਂ ਕੀਤੀਆਂ ਉੱਕਾ ਬੇ-ਪਰਵਾਹ।
ਗੁਰਮੁਖ ਸਾਦੇ ਵੇਸ ਨੂੰ, ਨਵੀਂ ਪੌਦ ਨੇ ਤਿਆਗ।
ਆਪ ਮੁਹਾਰੀ ਫੜ ਲਈ, ਫੈਸ਼ਨ-ਪ੍ਰਸਤਿ ਉਪਾਧ।

ਨਵੀਂ ਜਵਾਨੀ ਸੱਦ ਲਈ, ਇਕ ਦਿਨ ਆਪਣੇ ਕੋਲ।
ਭੈਣੀ ਸਾਹਿਬ ਰਚ ਲਿਆ ਇਕ ਮੇਲਾ ਅਨਮੋਲ।
ਤੇਰਾਂ ਤੋਂ ਲੈ ਤੀਹ ਤੱਕ ਪਹੁੰਚੀ ਜਿਨ੍ਹਾਂ ਵਰੇਸ।
ਪੜ੍ਹੇ ਅਜੇਹੇ ਸੱਦ ਲਏ ਕ੍ਰਿਪਾ ਕਰੀ ਵਿਸ਼ੇਸ਼।

ਮਹਿੰਗਾ ਹੀਰਿਓਂ ਵਕਤ ਜੋ ਉਸਦੇ ਦਿਨ ਦੇ ਸੱਤ।
ਬੱਚੇ ਲੈ ਗਲਵਕੜੀ ਪਿਆਰ ਕੀਤਾ ਨੇ ਅੱਤ।
ਪੂਰਬ ਦੀ ਮਰਿਆਦਾ ਨੂੰ ਦਿੱਤਾ ਆਪ ਸਿਖਾ।
ਆਪਣੇ ਵਰਗੇ ਕਰ ਲਏ ਭ੍ਰਿੰਗੀ ਨੇ ਸਮਝਾ।

ਅੰਮ੍ਰਿਤ ਵੇਲੇ ਉਠਦੇ ਉਹ ਮਾਵਾਂ ਦੇ ਲਾਲ।
ਰੱਸਾ ਸੂਰਜ ਚੜ੍ਹ ਪਿਆ, ਜੋ ਨ ਕਰਨ ਸੰਭਾਲ।
ਅੰਮ੍ਰਿਤ ਕੀਰਤਨ ਅਚਵਦੇ, ਆਸਾ ਵਾਰ ਦਾ ਨਿੱਤ।
ਲਾਉਂਦੇ ਰਹੇ ਸਮਾਧੀਆਂ, ਭਜਨ ਵਿਖੇ ਲਾ ਚਿੱਤ।

ਭੁੰਜੇ ਲੇਟਣ ਮੌਜ ਸੰਗ, ਪਲੰਘ ਗਦੇਲੇ ਤਿਆਗ।
ਜਗਤ ਜੀਤ ਦੇ ਪਿਆਰ ਨੇ, ਆਣ ਜਗਾਏ ਭਾਗ।
ਲੰਗਰ ਛਕ, ਹੱਥ ਜੋੜ ਕੇ ਆਪਣੇ ਬਰਤਨ ਮਾਂਜ।



Sri Satguru Jagjit Singh Ji eLibrary NamdhariElibrary@gmail.com

ਨਵਾਂ ਸਵੇਰਾ ਚਾੜ੍ਹਿਆ, ਰਿਦੇ ਵਸਾ ਕੇ ਸਾਂਝ।
ਹਾਸਾ, ਠੱਠਾ, ਮਸ਼ਕਰੀ ਸਭ, ਵਿੱਤ ਦੇ ਵਿਚ ਰੱਖ।
ਨਵਯੁਵਕਾਂ, ਨਵ-ਕੂਕਿਆਂ, ਸਮਝੀ ਗੁਰ ਦੀ ਅੱਖ।

ਕੁੱਲ ਆਦਤਾਂ ਵੇਖੀਆਂ, ਕੀਕਰ ਕਰਨ ਖਰਾਬ।
ਚਾਹ ਚੰਦਰੀ ਮੰਗਦੀ, ਕਿੰਜ ਪਿਆਲੀ ਸਵਾਬ।
ਸਭੇ ਬੱਧੇ ਪ੍ਰੇਮ ਵਿਚ, ਸਤਿਗੁਰੂ ਸ੍ਰੀ ਜਗਜੀਤ।
ਹਰ ਇਕ ਸਮਝੇ; ਓਸ ਨੂੰ, ਬਹੁਤੀ ਕਰਨ ਪ੍ਰੀਤ।

ਕੀਤਾ ਇਹ ਉਪਦੇਸ਼ ਨੇ ਸਭ ਵੀਰਾਂ ਨੂੰ ਆਪ।
"ਡਿਗ ਨਾ ਫੈਸ਼ਨ ਗੜ੍ਹੇ ਵਿਚ ਭੋਗੇ ਪਏ ਸੰਤਾਪ।
ਸਾਦਾ ਪਹਿਰਨ ਖਾਣ ਵਿਚ, ਜੋ ਹੈ ਮਹਾਂ ਅਨੰਦ।
ਸਮਝੋ ਇਸ ਨੂੰ ਪਿਆਰਿਓ ਤੇ ਹੋਵੇ ਸ੍ਵੈ-ਛੰਦ।

ਮੇਰੇ ਵੀਰੋ, ਤੁਸਾਂ ਤੇ ਮੈਨੂੰ ਬਹੁਤਾ ਮਾਣ।
ਪੰਥ ਕੱਲ੍ਹਾ ਦਾ ਤੁਸੀਂ ਹੋ, ਤੁਸੀਂ ਹੀ ਅਸਲ ਮੁਹਾਣ।
ਸੱਚ, ਸੁੱਚ, ਸੰਜਮ ਪ੍ਰੇਮ ਦਾ ਕਰਨਾ ਜੇ ਪਰਚਾਰ।
ਨਾਮ ਬਾਣੀ ਦੇ ਆਸਰੇ ਰਹੋ ਸਾਦਗੀ ਧਾਰ।

ਡੂੰਘੀ ਮਿਹਨਤ ਨਾਲ ਪੜ੍ਹ, ਫੜੋ ਦੇਸ਼ ਦੀ ਵਾਗ।
ਕਿਰਤ ਵਰਤ ਕਰ ਧਰਮ ਦੀ, ਰਹੋ ਸਦਾ ਬੇ-ਦਾਗ਼।
ਪੱਛਮ ਦੀ ਤਹਿਜ਼ੀਬ ਨਾ, ਕੁਝ ਵਿਗਾੜੇ ਹੋਰ
ਮਜ਼ਹਬ ਰਹਿੰਦਾ ਕਾਇਮ ਪਰ, ਦਏ ਇਮਾਨ ਨਿਚੋੜ।"

ਪੂਰਬ ਵੰਨੇ ਮੂੰਹ ਕਰ ਕੇ ਤੁਰ ਪਓਗੇ ਮੀਤ
'ਨੂਰ' ਚੁਤਰਫੀਂ ਫੈਲਸੀ ਖੁਸ਼ ਹੋਸਨ ਜਗਜੀਤ।
ਇੰਜ ਸਿਖਾ, ਮੁੜ ਪਿਆਰ ਕਰ ਲੰਗਰ ਆਪ ਛਕਾ।
ਸ੍ਰੀ ਸਤਿਗੁਰੂ ਜਗਜੀਤ ਸਿੰਘ, ਕੀਤੇ ਯੁਵਕ ਦਿਸ਼ਾ।

◆



Sri Satguru Jagjit Singh Ji eLibrary NamdhariElibrary@gmail.com

## ਸੌਣ ਤੋਂ ਪਹਿਲੋਂ

**–ਅਜੀਤ ਸਿੰਘ ਲਾਇਲ**

ਰਾਤੀਂ ਸੌਣ ਤੋਂ ਪਹਿਲਾਂ ਤੁਸਾਂ ਨੂੰ ਯਾਦ ਕੀਤਾ ਸੀ
ਖ਼ੁਆਬਾਂ ਵਿਚ ਆਉਣੇ ਦਾ ਤੁਸਾਂ ਇਕਰਾਰ ਕੀਤਾ ਸੀ।
ਬੂਹੇ ਪਲਕਾਂ ਦੇ ਢੋਏ ਮੈਂ ਉਡੀਕਾਂ ਕਰਨ ਸਾਂ ਲੱਗਾ।
ਤੇਰੀ ਯਾਦ ਵਿਚ ਪ੍ਰੀਤਮ ਮੈਂ ਹਉਕੇ ਭਰਨ ਸਾਂ ਲੱਗਾ।

ਵਗੇ ਅੱਥਰੂ ਸੀ ਅੱਖੀਆਂ 'ਚੋਂ ਨਦੀ ਦੇ ਨੀਰ ਦੇ ਵਾਂਗੂੰ
ਚੁਭੇ ਯਾਦਾਂ ਦੇ ਨਸ਼ਤਰ ਨੁਕੀਲੇ ਤੀਰ ਦੇ ਵਾਂਗੂੰ।
ਕਦੇ ਕੋਈ ਬੋਲ ਤੇਰਾ ਮਨ ਮੇਰੇ ਨੂੰ ਝੁਨਝੁਨਾਉਂਦਾ ਹੈ
ਕਦੇ ਕੋਈ ਬਚਨ ਸੁਣ ਤੇਰਾ ਮਨ ਵੀ ਗੁਣਗੁਣਾਉਂਦਾ ਹੈ।

ਕਦੇ ਕੋਈ ਅਦਾ ਤੇਰੀ ਗਹਿਰੇ ਭੇਦ ਦੱਸਦੀ ਏ
ਰੂਹਾਨੀ ਸੋਚ ਤੇਰੀ ਜ਼ਿੰਦਗੀ ਨੂੰ ਰੇਤ ਦੱਸਦੀ ਏ।
ਝੂਠੀ ਪ੍ਰੀਤ ਹੈ ਜੱਗ ਦੀ ਸੱਚੀ ਪ੍ਰੀਤ ਹੈ ਰੱਬ ਦੀ
ਹਯਾਤੀ ਏਸ ਨੂੰ ਕਰਮਾਂ ਦਾ ਸੰਦੜਾ ਖੇਤ ਦੱਸਦੀ ਏ।

ਕਦੇ ਮੈਨੂੰ ਜ਼ਰਾ ਸਮਝਾਉਣ ਲਈ ਤੂੰ ਜ਼ਲਜ਼ਲੇ ਦੇਵੇਂ
ਕਦੇ ਮਨ ਨੂੰ ਹੁਲਾਰਾ ਦੇਣ ਲਈ ਤੂੰ ਵਲਵਲੇ ਦੇਵੇਂ।
ਬਹਾਨਾ ਰੋਸ ਦਾ ਕਰਕੇ ਕਦੇ ਨਾਰਾਜ਼ ਹੋ ਜਾਵੇਂ
ਕਦੇ ਸੰਗੀਤ ਦੀ ਜਾਂ ਸਾਜ਼ ਦੀ ਆਵਾਜ਼ ਹੋ ਜਾਵੇਂ।

ਕਦੇ ਅਸਮਾਨ ਨੂੰ ਛੁਹਵੇਂ ਕਦੇ ਪਾਤਾਲ ਲੁਕ ਜਾਵੇਂ
ਕਦੇ ਮਨ ਮੇਰੇ ਦੀ ਕਿਸੇ ਨੁੱਕਰ 'ਚ ਛੁਪ ਜਾਵੇਂ
ਕਦੇ ਠੰਢੀਆਂ ਹਵਾਵਾਂ ਵਾਂਗ ਤੂੰ ਅਠਖੇਲੀਆਂ ਕਰਦੈਂ
ਕਦੇ ਪ੍ਰੀਤਾਂ ਵਧਾਵਣ ਲਈ ਤੂੰ ਵਾਂਗ ਬੇਲੀਆਂ ਕਰਦੈਂ।

ਕਦੇ ਇਕਰਾਰ ਕਰਦਾ ਹੈਂ ਕਦੇ ਇਨਕਾਰ ਕਰਦਾ ਹੈਂ
ਕਦੇ ਫਿਰ ਭੀਲਣੀ ਜਹੀ ਪ੍ਰੀਤ ਦਾ ਇਜ਼ਹਾਰ ਕਰਦਾ ਹੈਂ

◆

(ਸਾਜ਼ ਨਿਵਾਜ਼, ਪੰਨਾ 6)



Sri Satguru Jagjit Singh Ji eLibrary NamdhariElibrary@gmail.com

## ਹੇ ਬੇਅੰਤ ਅਨੰਤ ਗੁਰੂ

–ਹਰਪਾਲ ਸਿੰਘ ਸੋਧੀ

ਹੇ ਬੇਅੰਤ ਅਨੰਤ ਗੁਰੂ, ਸੁਰਾਂ 'ਚ ਤੇਰਾ ਵਾਸ ਹੈ।
ਸੰਗੀਤ ਦਾ ਸਰਵਰ ਹੈਂ ਤੂੰ ਚਾਤ੍ਰਿਕ ਦੀ ਪਿਆਸ ਹੈਂ।

ਗੂੰਜਦਾ ਬ੍ਰਹਿਮੰਡ 'ਚ ਸਾਰੇ ਰਾਗ ਨਾਦ ਹੈ ਤੇਰਾ।
ਪਪੀਹੇ ਦੀ ਪੀ ਹੂ ਪੀ ਹੂ, ਵਜਦਾ ਸਾਜ਼ ਹੈ ਤੇਰਾ।

ਝਰਨਾ ਝਰ ਝਰ ਵਗਦਾ ਜਿਵੇਂ ਛੰਦ ਤੇਰੇ ਗਾ ਰਿਹਾ।
ਗੀਤ ਜੋ ਸੁਣਦਾ ਫ਼ਿਜ਼ਾ 'ਚ ਤੂੰ ਹੀ ਗੁਣ ਗੁਣਾ ਰਿਹਾ।

ਚਹਿਕਣਾ ਚਿੜੀਆਂ ਦਾ ਵੀ ਤਰਬਕਾਰੀ ਖਾਸ ਹੈ।
ਸਰ ਸਰਾਉਂਦੀ ਹਵਾ ਕਹੇ ਸਦਾ ਤੂੰ ਆਸ ਪਾਸ ਹੈਂ।

◆

(ਸਤਿਜੁਗ, 1 ਅਪ੍ਰੈਲ ਤੋਂ 30 ਅਪ੍ਰੈਲ, ਜਿਲਦ 28, ਨੰਬਰ 6-7, ਪੰਨਾ 51)



Sri Satguru Jagjit Singh Ji eLibrary NamdhariElibrary@gmail.com

# ਤੂੰ ਹੀ ਤੂੰ

–ਸਾਧੂ ਸਿੰਘ ਕਿਸਾਨ

ਮੈਂ ਆਪਣੇ ਜਾਣ ਬੁੱਝ ਕੇ ਚੁੱਪ ਦਿਲਦਾਰ ਨੂੰ ਆਹਨਾ ਆਂ
ਮੇਰਾ ਯਾਰ ਵੀ ਤੂੰ ਮੇਰਾ ਪਿਆਰ ਵੀ
ਤੂੰ ਮੇਰਾ ਦੀਨ ਵੀ ਤੂੰ ਈਮਾਨ ਵੀ ਤੂੰ।
ਮੇਰਾ ਜਿਸਮ ਵੀ ਤੂੰ ਮੇਰਾ ਇਸਮ ਵੀ ਤੂੰ
ਮੇਰਾ ਕਲਬੂਤ ਵੀ ਤੂੰ ਜਿੰਦ ਜਾਨ ਵੀ।
ਮੇਰਾ ਕਾਅਬਾ ਕਿਬਲਾ ਮਸਜਿਦ ਮੰਦਰ
ਅੰਜੀਲ ਵੀ ਤੂੰ ਕੁਰਆਨ ਵੀ ਤੂੰ।
ਮੈਂਡੇ ਜ਼ਿਕਰ ਵੀ ਤੂੰ ਮੈਂਡਾ ਫ਼ਿਕਰ ਵੀ ਤੂੰ
ਮੈਂਡਾ ਜ਼ੌਕ ਵੀ ਤੂੰ ਵਰਦਾਨ ਵੀ ਤੂੰ।
ਮੇਰੇ ਸਾਂਵਲ ਤੂੰ ਮੇਰੇ ਮਿੱਠੜੇ
ਤੂੰ ਮੇਰੇ ਮਨ ਮੋਹਨ ਜਾਨਾਨ ਵੀ ਤੂੰ।
ਮੈਂਡਾ ਮੁਰਸ਼ਦ ਹਾਜੀ ਪੀਰ ਤਰੀਕਤ
ਮੇਰਾ ਸੇਖ਼ ਹਕਾਇਕ ਖ਼ਾਨ ਵੀ ਤੂੰ।

ਮੇਰੀ ਆਸ ਉਮੀਦ ਦੇ ਖਟਿਆ ਵਟਿਆ
ਮੇਰਾ ਤਕੀਆ ਮਾਣ ਤੇ ਤਾਣ ਵੀ ਤੂੰ।
ਮੇਰਾ ਦੁੱਖ ਸੁਖ ਹੱਸਣ ਖੇਲਣ ਤੂੰ ਮੇਰਾ ਦਰਦ ਵੀ
ਤੂੰ ਦਿਰਮਾਨ ਵੀ ਤੂੰ।
ਮੇਰੀ ਸ਼ਰਮ ਵੀ ਤੂੰ ਮੇਰਾ ਧਰਮ ਵੀ ਤੂੰ
ਮੇਰਾ ਭਰਮ ਵੀ ਤੂੰ ਮੇਰਾ ਗਿਆਨ ਵੀ ਤੂੰ।
ਮੇਰੀਆਂ ਖੁਸ਼ੀਆਂ ਦਾ ਅਸਬਾਬ ਵੀ ਤੂੰ
ਮੇਰੇ ਵਸਲਾਂ ਦਾ ਸਾਮਾਨ ਵੀ ਤੂੰ।
ਮੇਰਾ ਹੁਸਨ ਤੇ ਭਾਗ ਸੁਹਾਗ ਵੀ ਤੂੰ
ਮੇਰਾ ਬਖ਼ਤ ਵੀ ਨਾਮੋ ਨਿਸ਼ਾਨ ਵੀ ਤੂੰ।
ਮੇਰਾ ਵੇਖਣ ਭਾਲਣ ਜਾਚਣ ਸੋਚਣ
ਸਮਝਣ ਜਾਣ ਸੰਜਾਣ ਵੀ ਤੂੰ।



Sri Satguru Jagjit Singh Ji eLibrary NamdhariElibrary@gmail.com

ਮੇਰੇ ਠੰਢੜੇ ਸਾਹ ਤੇ ਮੂੰਹ ਮੁਲਾਹਜ਼ਾ
ਮੇਰਾ ਨਾਜ਼ ਨਹੋਰੇ ਤੇ ਤਾਨ ਵੀ ਤੂੰ।
ਮੈਂਡੀ ਮਹਿੰਦੀ ਕੱਜਲ ਮੁਸ਼ਾਗ ਵੀ ਤੂੰ
ਮੈਂਡੀ ਸੁਰਖੀ ਬੀੜਾ ਪਾਨ ਵੀ ਤੂੰ।
ਮੇਰੀ ਵਹਿਸ਼ਤ ਜੋਸ਼ ਜਨੂੰਨ ਵੀ ਤੂੰ
ਮੇਰੀ ਗਿਰੀਆਂ ਆਹੋ ਫਗਾਨ ਵੀ ਤੂੰ।
ਮੇਰਾ ਅੰਦਰ ਬਾਹਰ ਅਵਲ ਆਖ਼ਰ
ਜ਼ਾਹਰ ਵੀ ਤੂੰ ਪਿਨਹਾਨ ਵੀ ਤੂੰ।
ਮੇਰਾ ਬਾਦਲ ਬਰਖਾ ਕਣੀਆਂ ਗਾਜਾਂ
ਬਾਰਸ਼ ਤੂੰ ਬਾਗ਼ਾਨ ਵੀ ਤੂੰ।

ਮੇਰੀ ਜ਼ਿੰਦਗੀ ਤੂੰ ਮੇਰੀ ਬੰਦਗੀ
ਤੂੰ ਮੇਰਾ ਦੀਨ ਵੀ ਧਰਮ ਈਮਾਨ ਵੀ ਤੂੰ।
ਮੇਰੀ ਮਸਜਿਦ ਤੂੰ ਮੇਰਾ ਮੰਦਰ
ਤੂੰ ਮੇਰੀ ਗੀਤਾ ਗ੍ਰੰਥ ਕੁਰਾਨ ਵੀ ਤੂੰ।
ਮੇਰਾ ਸੁਬਹ ਤੂੰ ਮੇਰੀ ਸ਼ਾਮ ਵੀ
ਤੂੰ ਮੇਰਾ ਸਿਖਰ ਦੁਪਹਿਰਾ ਹਾਣ ਵੀ ਤੂੰ।
ਮੇਰੀ ਲੱਗਦੀ ਤੂੰ ਮੇਰੀ ਪੁੱਗਦੀ
ਤੂੰ ਮੇਰੀ ਲੱਗੀਆਂ ਤੋੜ ਨਿਭਾਣ ਵੀ ਤੂੰ।
ਮੇਰੀ ਇਜ਼ਤ ਤੂੰ ਮੇਰੀ ਲੱਜ਼ਤ
ਤੂੰ ਮੇਰੀ ਵਹਿਸ਼ਤ ਦਾ ਸਾਮਾਨ ਵੀ ਤੂੰ।
ਮੇਰਾ ਤਨ ਵੀ ਤੂੰ ਧਨ ਵੀ ਤੂੰ
ਮੇਰਾ ਮਨ ਕੀਤੋ ਪਰਵਾਨ ਵੀ ਤੂੰ।
ਮੇਰਾ ਦਿਲ ਵੀ ਤੂੰ ਦਿਲਦਾਰ ਵੀ ਤੂੰ
ਮੇਰੇ ਦਰਦਾਂ ਦਾ ਦਿਰਮਾਨ ਵੀ ਤੂੰ।
ਮੇਰਾ ਅੱਵਲ ਤੂੰ ਮੇਰਾ ਆਖ਼ਰ ਤੂੰ
ਮੇਰੀ ਉਮਰਾਂ ਦਾ ਅਰਮਾਨ ਵੀ ਤੂੰ।



Sri Satguru Jagjit Singh Ji eLibrary NamdhariElibrary@gmail.com

ਮੇਰਾ ਜੋਸ਼ ਵੀ ਤੂੰ ਮੇਰਾ ਹੋਸ਼ ਤੂੰ
ਮੇਰੀ ਮਸਤੀ ਦਾ ਸੁਲਤਾਨ ਵੀ ਤੂੰ।
ਮੇਰਾ ਜੀਵਨ ਤੂੰ ਮੇਰਾ ਮਰਨ ਵੀ ਤੂੰ
ਮੇਰੀ ਮੌਤ ਦਾ ਹਰ ਇਮਕਾਨ ਵੀ ਤੂੰ।
ਮੇਰੀ ਕਲਮ ਵੀ ਤੂੰ ਮੇਰਾ ਇਲਮ ਵੀ ਤੂੰ
ਡੁਬ ਹਿਜਰੀਂ ਕਲਮ ਚਲਾਨ ਵੀ ਤੂੰ।
ਮੇਰੀ ਪ੍ਰੀਤ ਵੀ ਤੂੰ ਮੇਰਾ ਪ੍ਰੀਤਮ ਤੂੰ
ਮੇਰਾ ਕਮਲਾ ਕੈਸ ਕਿਸਾਨ ਵੀ ਤੂੰ।

◆

**(ਵਰਿਆਮ, ਨਵੰਬਰ 2002)**



Sri Satguru Jagjit Singh Ji eLibrary NamdhariElibrary@gmail.com

## ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

**-ਅਮਰੀਕ ਸਿੰਘ**

ਗੁਰੂ ਪ੍ਰਤਾਪ ਆਪ ਥਾਪ ਦਿੱਤਾ ਇਨ੍ਹਾਂ ਤਾਈਂ,
ਮੁੱਕਾ ਸੰਤਾਪ ਸਾਡਾ ਬਿਰਹਾ ਬੁਖਾਰ ਦਾ।
ਸੀਨੇ ਵਿਚ ਲੱਗਾ ਫੱਟ ਘੱਟ ਕੀਤਾ ਝੱਟ ਪੱਟ,
ਚਿਹਰੇ ਲਟ ਲਟ ਤੱਕ ਚਿਹਰਾ ਦਿਲਦਾਰ ਦਾ।
ਦੂਰ ਦੂਰ ਤੀਕ ਜਾਂ ਹਜ਼ੂਰ ਦਾ ਜ਼ਹੂਰ ਹੋਇਆ,
ਨੂਰੋ ਨੂਰ ਹੋਇਆ ਤੱਕ ਭਾਣਾ ਕਰਤਾਰ ਦਾ।
ਮੁੱਢ ਦੀ ਏ ਰੀਤ ਪ੍ਰੀਤ ਨਾਲ ਠੰਢਾ ਸੀਤ ਕਰੇ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

ਰਿੱਧ ਸਿੱਧ ਸੰਗ ਸੁਮਰਿਧ ਕੀਤਾ ਇਸ ਬਿਧ,
ਬਖਸ਼ ਗਿਆਨ ਮੈਲ ਮਨਾਂ ਦੀ ਉਤਾਰਦਾ।
ਉਸਰੇ ਜਾਂ ਮਹਿਲ ਚਹਿਲ ਪਹਿਲ ਹੋਈ ਗੈਲ ਗੈਲ,
ਸਹਿਲ ਸਹਿਲ ਵੇਖੋ ਰੂਪ ਜਗ ਦਾ ਨਿਖਾਰਦਾ।
ਕੰਦਰਾਂ ਜਹੇ ਅੰਦਰਾਂ ਨੂੰ ਮੰਦਰਾਂ ਦਾ ਰੂਪ ਦਿੱਤਾ,
ਉਸਰਿਆਂ ਢਾ ਢਾ ਢੇਰ ਨਵੇਂ ਹੈ ਉਸਾਰਦਾ।
ਏਥੇ ਓਥੇ, ਜਿਥੇ ਕਿੱਥੇ ਵਿੱਥੇ ਖੂੰਜੇ ਲੱਭ ਲੱਭ,
ਡਿੱਗੇ ਢੱਠੇ ਤੇਜ਼ ਮੱਠੇ ਸਭ ਨੂੰ ਨਿਖਾਰਦਾ।
ਉਹਦੇ ਅਹਿਸਾਨਾਂ ਵਾਲਾ ਦਈਏ ਇਵਜ਼ਾਨਾ ਕਿਵੇਂ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

ਕੋਝਿਆਂ ਕਸੂਤਿਆਂ ਤੇ ਵਿੰਗਿਆਂ ਤਰੇਢਿਆਂ ਨੂੰ,
ਡਿੱਗਿਆਂ ਤੇ ਢੱਠਿਆਂ ਨੂੰ ਪਕੜ ਉਭਾਰਦਾ।
ਦਾਦੇ ਪੜਦਾਦੇ ਲਗੜ ਦਾਦੇ ਰਾਗ ਜਾਣਦੇ ਨਾ,
ਉਨ੍ਹਾਂ ਤਾਨ ਸੈਣ ਦੇ ਬਰਾਬਰ ਖਲਾਰਦਾ।
ਐਰੇ ਗ਼ੈਰੇ ਨੱਥੂ ਖ਼ੈਰੇ ਖੇਤਾਂ ਤੇ ਜਾਂ ਲਾਏ ਪਹਿਰੇ,
ਠਹਿਰੇ ਨ ਅਗੇਰੇ ਦਮ ਕੋਈ ਵੀ ਨਾ ਮਾਰਦਾ।



Sri Satguru Jagjit Singh Ji eLibrary NamdhariElibrary@gmail.com

ਛੇੜੇ ਜਾਂ ਸੰਗੀਤ ਛੀਤ ਖੁੱਲ੍ਹਦੀ ਪ੍ਰੀਤ ਵਾਲੀ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

ਕਿਹੜੀ ਕਿਹੜੀ ਸਿਫ਼ਤ ਕਰਾਂ, ਕਿਹੜੇ ਕਿਹੜੇ ਗੁਣ ਗਿਣਾਂ,
ਆਉਂਦਾ ਨਹੀਂ ਅੰਤ ਓਸ ਗੁਣਾਂ ਦੇ ਭੰਡਾਰ ਦਾ।
ਸਾਡੇ ਸੁੱਖਾਂ ਲਈ ਹੁਣ ਆਪ ਦੁੱਖ ਝੱਲ ਰਿਹੈ,
ਚੁੱਪ ਚੁੱਪ ਰਹਿੰਦੇ ਮੁੱਖੋਂ ਕੁਝ ਨਹੀਂ ਉਚਾਰਦਾ।
ਆਪਣੀ ਰਜ਼ਾ ਦੇ ਵਿਚ ਰਾਜ਼ੀ ਰਹੇ ਜਮ ਜਮ,
ਮਿਲੇ ਸ਼ਰਫ਼ ਸਦਾ ਸਾਨੂੰ ਉਸ ਦੇ ਦੀਦਾਰ ਦਾ,
ਦੱਸ ਅਮਰੀਕ ਠੀਕ ਠੀਕ ਨਹੀਂ ਗੱਲ ਮੇਰੀ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

ਬੀਤੇ ਨੇ ਪੰਜਾਹ ਵਰ੍ਹੇ ਕੰਮ ਕੀਤੇ ਬੜੇ ਬੜੇ,
ਰੀਤੇ ਭਾਂਡੇ ਭਰੇ ਭਰੇ ਸਭ ਨੂੰ ਪਿਆਰ ਦਾ।
ਕੰਗਲਿਆਂ ਰੰਗਲਿਆਂ ਬੰਗਲੀਂ ਹੈ ਵਾਸ ਕੀਤਾ,
ਜੰਗਲੀਂ ਵਸੰਦਿਆਂ ਨੂੰ ਮਹਿਲਾਂ 'ਚ ਖਲਾਰਦਾ।
ਦੂਈ ਤੇ ਦਵੈਤ ਦੀ ਹਮੈਤ ਤੋਂ ਕੁਰਹਿਤ ਕੀਤੀ,
ਹੋਈ ਏ ਇਨੈਤ ਸਾਡੀ ਵਿਗੜੀ ਸਵਾਰਦਾ।
ਪਤਿਤ ਪੁਨੀਤ ਕਰੇ ਦੋਖੀਆਂ ਤੇ ਜੀਤ ਕਰੇ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

◆

**(ਵਰਿਆਮ, 2020)**



Sri Satguru Jagjit Singh Ji eLibrary NamdhariElibrary@gmail.com

# ਸਾਨੂੰ ਜਿਊਣ ਦੀ ਜਾਚ ਸਿਖਾ ਗਏ

-ਬਲਵੰਤ ਸਿੰਘ ਸਨੇਹੀ

ਸਤਿਗੁਰੂ ਜਗਜੀਤ ਸਿੰਘ, ਜੱਗ ਤੋਂ ਜਾਣ ਵੇਲੇ
ਅੰਬਰ ਧਰਤ ਨੂੰ ਗ਼ਮ ਲਗਾ ਗਏ ਉਹ।
ਪੀੜਾਂ ਨਾਲ ਪਰੁੰਨੇ ਹੋਏ ਚੰਨ ਤਾਰੇ,
ਦੁੱਖਾ ਡੂੰਘਿਆਂ ਸਾਗਰੀ ਪਾ ਗਏ ਉਹ।
ਕਾਲੀ ਰਾਤ ਨੂੰ ਮਚਿਆ ਹਨੇਰ ਐਸਾ,
ਪੌਣਾਂ ਤਾਈ ਗਮਗੀਨ ਬਣਾ ਗਏ ਉਹ।
ਰੋਏ ਪਸ਼ੂ ਪੰਛੀ, ਬਾਰ ਬਾਰ ਰੋਏ,
ਤੱਕ ਜੁਦਾਈ ਦੇ ਕੱਸ ਕੇ ਲਗਾ ਗਏ ਉਹ।
ਭਾਵੇਂ ਤਨ ਕਰਕੇ ਸਾਥੋਂ ਵਿਛੜੇ ਸੀ,
ਖੁਸ਼ਬੂ ਦਿਲਾਂ ਵਿਚ ਸਾਡੇ ਸਮਾ ਗਏ ਉਹ।
ਸੇਵਾ ਨਾਮ ਸਿਮਰਨ, ਬਾਣੀ ਨਾਲ ਰਮ ਕੇ,
ਸਾਨੂੰ ਜਿਊਣ ਦੀ ਜਾਚ ਸਿਖਾ ਗਏ ਉਹ।

ਦਿਨ ਰਾਤ ਸਾਡੇ 'ਤੇ ਉਪਕਾਰ ਕੀਤੇ,
ਅੱਜ ਵੀ ਲੋਕਾਈ ਭਰਦੀ ਹੰਘਾਰਿਆ ਨੂੰ।
ਅਮਰ ਬਾਣੀ ਵਾਲੇ ਜਗਾ ਦੀਪ ਲੱਖਾਂ,
ਕੀਤਾ ਘਰ ਘਰ ਰੌਸ਼ਨ ਉਜਾਰਿਆਂ ਨੂੰ
ਦੀਨ ਦੁਨੀਆਂ ਦੀ ਕੀਤੀ ਖੂਬ ਸੇਵਾ,
ਲਾਇਆਂ ਗਲ਼ ਨਾਲ ਦਰਦਾਂ ਦੇ ਮਾਰਿਆ ਨੂੰ।
ਊਚ ਨੀਚ ਵਾਲੇ ਕੱਟਕੇ ਬੰਧਨਾਂ ਨੂੰ,
ਲੜ ਸਤਿਗੁਰੂ ਦੇ ਲਾਇਆ ਸਾਰਿਆਂ ਨੂੰ।
ਰਿਣੀ ਰਹੇਗੀ ਭੂਮੀ ਭੈਣੀ ਸਾਹਿਬ ਜੀ ਦੀ,
ਪੂਜਣਯੋਗ ਸਥਾਨ ਉਸਨੂੰ ਬਣਾ ਗਏ ਉਹ।
ਸੇਵਾ, ਨਾਮ ਸਿਮਰਨ, ਬਾਣੀ ਨਾਲ ਰਮਕੇ,
ਸਾਨੂੰ ਜਿਊਣ ਦੀ ਜਾਚ ਸਿਖਾ ਗਏ ਉਹ।



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਸਦਕੇ,
ਦੇਸਾਂ ਪ੍ਰਦੇਸਾਂ ਵਿੱਚ ਉਨ੍ਹਾਂ ਪਰਚਾਰ ਕੀਤਾ।
ਕਾਮ, ਕਰੋਧ, ਲੋਭ, ਮੋਹ, ਹੰਕਾਰ ਵਰਗੇ,
ਭੇੜਿਆਂ ਵਿਕਾਰਾਂ ਨੂੰ ਤਾਰ ਤਾਰ ਕੀਤਾ।
ਸਾਰੇ ਪ੍ਰਾਣੀਆਂ ਵਿੱਚ ਵਸਦੀ ਜੋਤ ਇਕੋ,
ਇਕੋ ਜੇਹਾ ਸਭਨਾਂ ਨਾਲ ਪਿਆਰ ਕੀਤਾ।
ਨਾਮ ਬਾਣੀ ਵਾਲੇ ਲਾ ਕੇ ਉਨ੍ਹਾਂ ਚੱਪੂ,
ਭਵ ਸਾਗਰਾਂ 'ਚੋਂ, ਬੇੜਾ ਪਾਰ ਕੀਤਾ।
ਤਮਤੀ ਸਾਜ਼ਾ ਨਾਲ, ਰਾਗਾਂ ਵਿਚ ਗਾਈ ਬਾਣੀ,
ਤਪਦੇ ਹਿਰਦਿਆਂ 'ਚ ਠੰਢਾ ਵਰਤਾ ਗਏ ਉਹ।
ਸੇਵਾ ਨਾਮ ਸਿਮਰਨ, ਬਾਣੀ ਨਾਲ ਰਮਕੇ,
ਸਾਨੂੰ ਜਿਊਣ ਦੀ ਜਾਚ ਸਿਖਾ ਗਏ ਉਹ।

ਜਿਸ ਤਰ੍ਹਾਂ ਤਨ ਨੂੰ ਲੋੜ ਹੈ ਭੋਜਨਾਂ ਦੀ,
ਮਨ ਨੂੰ ਲੋੜ ਪੈਂਦੀ ਸਿਰਫ ਨਾਮ ਦੀ ਹੈ।
ਸਿਮਰਨ ਕੀਤਾ ਨਾ ਜਿਸ ਘੜੀ ਉਸਦਾ,
ਉਹ ਘੜੀ ਵਿਅਰਥ ਹੀ ਜਾਂਵਦੀ ਹੈ।
ਕਰਨਾ ਚਾਹੀਦਾ ਸਿਮਰਨ ਤੀਜੇ ਪਹਿਰ ਉਠਕੇ,
ਪੜ੍ਹਨੀ ਜ਼ਰੂਰੀ ਬਾਣੀ ਸੁਬ੍ਹਾਂ, ਸ਼ਾਮ ਦੀ ਹੈ।
ਸੱਚੇ ਸੁੱਚੇ, ਸੰਜਮ, ਸਦਾ, ਸਚਿਆਰ ਬਣਕੇ,
ਚਾਹੀਦੀ ਕਿਰਤ ਕਰਨੀ, ਜੋ ਉਸਨੂੰ ਭਾਂਵਦੀ ਹੈ।
ਉਸਦੇ ਅਸੂਲਾਂ ਨੂੰ ਢਾਲਕੇ ਜ਼ਿੰਦਗੀ ਵਿੱਚ
ਪਾਰਸ ਜੀਵਨ ਆਪਣਾ ਬਣਾ ਗਏ ਉਹ।
ਸੇਵਾ, ਨਾਮ, ਸਿਮਰਨ, ਬਾਣੀ ਨਾਲ ਰਲਕੇ,
ਸਾਨੂੰ ਜਿਊਣ ਦੀ ਜਾਚ ਸਿਖਾ ਗਏ ਉਹ।

ਹੁਣ ਸਾਡਾ ਵੀ ਏਹੋ ਹੈ ਫਰਜ਼ ਬਣਦਾ,
ਅਧੂਰੇ ਕੰਮਾਂ ਨੂੰ ਸਿਰੇ ਚੜ੍ਹਵਣਾ ਹੈ।



Sri Satguru Jagjit Singh Ji eLibrary NamdhariElibrary@gmail.com

ਬਾਣੀ ਗਾ ਕੇ ਸੱਚੇ ਸਤਿਗੁਰਾਂ ਦੀ,
ਦੇਸਾਂ ਵਿਦੇਸ਼ਾ ਵਿਚ ਨਾਮ ਕਮਾਵਣਾ ਹੈ।
ਸੱਚ, ਸੁੱਚੇ ਮਾਰਗ ਤੇ ਚਲਦਿਆਂ ਹੀ
ਸਹੀ ਮੰਜਿਲ ਵਲ ਪੈਰ ਵਧਾਵਣਾਂ ਹੈ।
ਕਰਕੇ ਸਿਜਦਾ ਭੂਮੀ ਸਤਿਗੁਰਾਂ ਦੀ ਨੂੰ,
ਗੁਰੂ ਜਗਜੀਤ ਸਿੰਘ ਨੂੰ ਦਿਲ'ਚ ਵਸਾਵਣਾ ਹੈ।
ਹਮੇਸ਼ਾ ਮਨੁੱਖਤਾ ਦੀ ਭਲਾਈ ਖਾਤਿਰ,
'ਸਨੇਹੀ' ਜੀਵਨ ਲੇਖੇ ਲਗਾ ਗਏ ਉਹ।
ਸੇਵਾ, ਨਾਮ ਸਿਮਰਨ, ਬਾਣੀ ਨਾਲ ਰਮਕੇ,
ਸਾਨੂੰ ਜਿਊਣ ਦੀ ਜਾਚ ਸਿਖਾ ਗਏ ਉਹ।

•

**(ਵਰਿਆਮ, ਅਪ੍ਰੈਲ 2016, ਪੰਨਾ 31)**



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਵਿਚ

-ਲਖਵਿੰਦਰ ਸਿੰਘ ਬਾਜਵਾ

-1-

ਫਿਰ ਮੁੜ ਕੇ ਇਕ ਟੁੱਟਦਾ ਡਿੱਠਾ ਨੀਲ ਗਗਨ ਤੋਂ ਤਾਰਾ
ਇਸ ਗੁਲਸ਼ਣ 'ਚੋਂ ਉਹ ਫੁੱਲ ਕਿਰਿਆ ਜੋ ਸੀ ਬਹੁਤ ਪਿਆਰਾ
ਜਿਸ ਫੁੱਲ ਵਿਚੋਂ ਆਉਂਦੀ ਵੇਖੀ ਚੰਦਨ ਦੀ ਖੁਸ਼ਬੋਈ
ਜਿਸ ਤਾਰੇ ਵਿਚ ਕਿਰਨ ਅਨੋਖੀ ਆਫ਼ਤਾਬ ਦੀ ਕੋਈ
ਜਦ ਟੁੱਟੇ ਕੋਈ ਅਰਸ਼ੋ ਤਾਰਾ ਰੋਵੇ ਧਰਤੀ ਅੰਬਰ
ਰੋਵਣ ਨਦੀਆਂ ਨਾਲੇ ਝੀਲਾਂ ਕੁਦਰਤ ਰਚੇ ਅਡੰਬਰ
ਰੋਣ ਕਿਸੇ ਨੂੰ ਕੁਣਬੇ ਕੱਠੇ ਕਿਸੇ ਨੂੰ ਰੋਏ ਸ਼ਰੀਕਾ
ਕਿਸੇ ਨੂੰ ਪਿੰਡ ਜ਼ਿਲ੍ਹਾਂ ਜਾਂ ਸੂਬਾ ਜਾਂ ਫਿਰ ਦੇਸ਼ ਸਰੀਕਾ
ਕਿਸੇ ਨੂੰ ਦੁਨੀਆਂ ਧਰਤ ਅਕਾਸ਼ਾ ਤਬਕ ਜ਼ਿਮੀਂ ਦੇ ਚਾਰੇ
ਵਣ ਤ੍ਰਿਣ ਨਦੀਆਂ ਪਰਬਤ ਝੀਲਾਂ ਰੋਂਦੇ ਸਾਗਰ ਖਾਰੇ
ਐਪਰ ਇਸ ਤਾਰੇ ਦੇ ਟੁੱਟਿਆ ਐਸ਼ਾ ਮਾਤਮ ਛਾਇਆ
ਸਾਰੇ ਹੀ ਬ੍ਰਹਿਮੰਡ ਨੇ ਵੇਖੋ ਇਸ ਦਾ ਸੋਗ ਮਨਾਇਆ
ਜਦ ਉਹ ਬ੍ਰਹਮੀ ਸ਼ਕਤੀ ਅੰਦਰ ਵਾਂਗ ਤਰੇਲ ਸਮੋਇਆ
ਫਿਰ ਉਸੇ ਸ਼ਕਤੀ ਚੋਂ ਆ ਇਕ ਤਾਰਾ ਪ੍ਰਗਟ ਹੋਇਆ
ਫਿਰ ਗੁਲਸ਼ਣ ਦੇ ਗੁੰਚੇ ਆਏ ਖਿੜਿਆਂ ਫੁੱਲ ਅਨੋਖਾ
ਇਸ ਤੇ ਉਸ ਵਿਚ ਫਰਕ ਨਾ ਕੋਈ ਸਿਰਫ ਨਜ਼ਰ ਦਾ ਧੋਖਾ

-2-

ਰਾਤ ਭਰ ਚੰਨ ਦਾ ਮਾਤਮ ਮਨਾਇਆ ਸੀ ਤਾਰਿਆ ਨੇ
ਸੋਗ ਦਾ ਕਾਲਾ ਸੱਥਰ ਵਿਛਾਇਆ ਸੀ ਤਾਰਿਆ ਨੇ
ਕਹਿਰ ਦੀ ਮਸਿਆ ਦਾ ਹਨੇਰਾ ਪਸਰਿਆ ਜਾਂ ਚੁਫੇਰੇ
ਰਾਤ ਭਰ ਜਾਗ ਕੇ ਕੁਝ ਹਨੇਰਾ ਘਟਾਇਆ ਸੀ ਤਾਰਿਆ ਨੇ
ਜੁਗ ਜਿੰਨੀ ਹੋ ਗਈ ਲੰਬੀ ਗਮਾਂ ਦੀ ਰਾਤ ਜਾਂ
ਸਾਡਾ ਸਾਥ ਫਿਰ ਵੀ ਨਿਭਾਇਆਂ ਸੀ ਤਾਰਿਆਂ ਨੇ



Sri Satguru Jagjit Singh Ji eLibrary NamdhariElibrary@gmail.com

ਮੱਸਿਆ ਤੋਂ ਬਾਅਦ ਚੌਦਾਂ ਦਿਨ ਤਾਂ ਉਡੀਕ ਅੜਿਆਂ
ਧੀਰਜ ਇਸ ਤਰ੍ਹਾਂ ਸਾਨੂੰ ਧਰਾਇਆਂ ਸੀ ਤਾਰਿਆਂ ਨੇ
ਜਦੋਂ ਸਬਰ ਨਾ ਹੋਇਆ ਖ਼ਬਰ ਦੇ ਆਉਣ ਤੀਕਰ ਵੀ
ਮਨ ਵਿਚ ਕੁਝ ਭੁਲੇਖਾ ਏਦਾਂ ਵੀ ਪਾਇਆ ਸੀ ਤਾਰਿਆ ਨੇ
ਅਸੀਂ ਵਿਧਾਤਾ ਤੇ ਸਵਾਲ ਕੀਤੇ ਨੇ ਉਂਗਲ ਉਠਾ ਕੇ ਵੀ
ਆਈ ਰਾਤ ਪੁੰਨਿਆ ਦੀ ਤਾਂ ਚੰਨ ਫਿਰ ਤੋਂ ਉਦੈ ਹੋਇਆ
ਭਾਜਵਾ ਸਿਰ ਉਸ ਨੂੰ ਫਿਰ ਨਿਵਾਜਿਆਂ ਸੀ ਤਾਰਿਆਂ ਨੇ।

◆

(ਵਰਿਆਮ, ਫਰਵਰੀ 2013)



Sri Satguru Jagjit Singh Ji eLibrary NamdhariElibrary@gmail.com

## ਉਦੈ ਪ੍ਰਕਾਸ਼ ਹੋ ਗਿਆ

–ਕਰਨੈਲ ਸਿੰਘ ਅਸਪਾਲ

ਗੁਰਾਂ ਨਾਲ ਜੋਤ ਨਾਲ ਜੋਤ ਨੂੰ ਜਗਾਇਆ ਉਦੈ
ਪ੍ਰਕਾਸ਼ ਹੋ ਗਿਆ,
ਗੁਰੂ ਜਗਜੀਤ ਰੂਪ ਹੈ ਵਟਾਇਆ, ਉਦੈ
ਪ੍ਰਕਾਸ਼ ਹੋ ਗਿਆ,
ਮੱਘਰ ਉਨਤੀ ਅਤੇ ਦਿਨ ਵੀਰ ਵਾਰ ਸੀ,
ਬ੍ਰਹਮਲੀਨ ਹੋਏ ਗੁਰੂ ਉਦਾਸ ਸੰਸਾਰ ਸੀ,
ਆਪੇ ਗੁਰਾਂ ਨੇ ਇਹ ਖੇਲ ਰਚਾਇਆ, ਓਦੈ ਪ੍ਰਕਾਸ਼ ਹੋ ਗਿਆ
ਗੁਰੂ ਜਗਜੀਤ ਰੂਪ ਹੈ ਵਟਾਇਆ...

ਫੇਰ ਮਾਤਾ ਚੰਦ ਕੌਰ ਕੀਤਾ ਫੁਰਮਾਣ ਏ,
ਗੱਦੀ ਉਤੇ ਓਦੈ ਸਿੰਘ ਜੀ ਸੁਭਾਏ ਮਾਣ ਏ,
ਸੰਤ ਜਗਤਾਰ ਸਿੰਘ ਆਸਣ ਵਿਛਾਇਆ, ਉਦੈ ਪ੍ਰਕਾਸ਼ ਹੋ ਗਿਆ
ਗੁਰੂ ਜਗਜੀਤ ਰੂਪ ਹੈ ਵਟਾਇਆ...

ਸ੍ਰੀ ਓਦੈ ਸਿੰਘ ਜਦੋਂ ਆਸਣ ਤੇ ਬਹਿ ਗਏ,
ਡੋਲੀ ਹੋਈ ਸੰਗਤਾਂ ਦੇ ਦਿਲ ਵੱਸ ਪੈ ਗਏ,
ਜਿਵੇਂ ਖਿਜ਼ਾ 'ਚ ਬਹਾਰ ਲੈ ਕੇ ਆਇਆ, ਉਦੈ ਪ੍ਰਕਾਸ਼ ਹੋ ਗਿਆ,
ਗੁਰੂ ਜਗਜੀਤ ਰੂਪ ਹੈ...

ਸਬੇ ਸੰਗਤਾਂ ਦੇ ਦਿਲ ਫੁੱਲਾਂ ਵਾਂਗ ਖਿੱਲ ਗਏ,
ਜਿਵੇਂ ਕਿ ਕੰਗਾਲਾਂ ਨੂੰ ਹੈ ਹੀਰੇ ਲਾਲ ਮਿਲ ਗਏ,
ਜਿਵੇਂ ਪਿਆਸਿਆ ਨੂੰ ਖੂਹ ਹੈ ਥਿਆਇਆ ਉਦੈ ਪ੍ਰਕਾਸ਼ ਹੋ ਗਿਆ,
ਗੁਰੂ ਜਗਜੀਤ ਰੂਪ ਹੈ...

ਨੌਂ ਪੋਹ ਨੂੰ ਭੇਣੀ ਸੰਗਤ ਆਈ ਬੇਸ਼ੁਮਾਰ ਦੀ
ਗੁਰਾਂ ਜੀ ਦਾ ਭੋਗ ਹੈ ਤੇ ਰਸਮ ਦਸਤਾਰ ਦੀ,



Sri Satguru Jagjit Singh Ji eLibrary NamdhariElibrary@gmail.com

ਦੇਸਾਂ ਵਦੇਸ਼ਾਂ ਤੋਂ ਹੈ ਸਿੱਖਾਂ ਹਿੱਸਾ ਪਾਇਆ, ਉਦੈ ਪ੍ਰਕਾਸ਼ ਹੋ ਗਿਆ,
ਗੁਰੂ ਜਗਜੀਤ ਰੂਪ ਹੈ...

ਸਬੇ ਧਰਮਾਂ ਤੋਂ ਪੱਗਾਂ ਭੇਣੀ ਸਾਹਿਬ ਆਈਆਂ ਨੇ,
ਹਾਜ਼ਰੀਆਂ ਕਈਆਂ, ਸਾਧਾ ਸੰਤਾ ਨੇ ਲੁਆਈਆਂ ਨੇ,
ਅੱਖੀਂ ਡਿੱਠਾ ਅਸਪਾਲ ਨੇ ਸੁਨਾਇਆ, ਓਦੈ ਪ੍ਰਕਾਸ਼ ਹੋ ਗਿਆ
ਗੁਰੂ ਜਗਜੀਤ ਰੂਪ ਹੈ ਵਟਾਇਆ, ਉਦੈ ਪ੍ਰਕਾਸ ਹੋ ਗਿਆ

◆

(ਵਰਿਆਮ, ਫਰਵਰੀ 2013, ਪੰਨਾ 27)



Sri Satguru Jagjit Singh Ji eLibrary NamdhariElibrary@gmail.com

## ਯਾਦ ਰਹਿਣਗੇ ਸਦਾ ਉਪਕਾਰ ਤੇਰੇ

–ਹਜ਼ਾਰਾ ਸਿੰਘ

ਰਿਜਕ-ਦਾਤਾ ਸੀ ਰੁਲਦਿਆਂ ਫਿਰਦਿਆਂ ਦਾ,
ਸਭਨਾਂ ਲਈ ਸੀ ਖੁੱਲ੍ਹੇ ਭੰਡਾਰ ਤੇਰੇ।
ਫਿਰ ਵੀ ਘਟੇ ਨਾ ਅੰਬਰੀਂ ਜਾ ਲੱਗੇ,
ਆਟੇ ਦਾਲਾਂ ਦੇ ਲੱਗੇ ਅੰਬਾਰ ਤੇਰੇ।
ਕਈ ਮੰਗਤੇ ਮਹਾਂ ਧਨਵਾਨ ਹੋ ਗਏ,
ਭੀਖ ਮੰਗਣ ਜੋ ਆਏ ਦਰਬਾਰ ਤੇਰੇ।
ਲੱਖਾਂ ਕਰੋੜਾਂ ਤੇ ਅਰਬਾਂ ਦੀ ਕੀ ਗਿਣਤੀ,
ਉਪਕਾਰ ਨੇ ਬੇਸ਼ੁਮਾਰ ਤੇਰੇ।
ਨਾਜ਼ਮ ਸਣੇ ਵਜ਼ੀਰਾਂ ਸੀ ਏਸੇ ਕਰਕੇ,
ਸੇਵਾਦਾਰ ਤੇ ਆਗਿਆ ਕਾਰ ਤੇਰੇ।
ਸਾਡੇ ਵਾਸਤੇ ਜਿਹੜੇ ਵਰਦਾਨ ਬਣ ਗਏ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਜਵਾਂਹੇ, ਲੇਂਧੜੇ, ਭੱਖੜੇ, ਪੁੱਠ-ਕੰਡੇ,
ਸੁੱਕੇ ਮੇਵਿਆਂ ਵਿਚ ਬਲਦਾ ਦਿੱਤੇ।
ਸਣੇ ਅੱਕ, ਧਤੂਰੇ ਤੇ ਕੌੜ-ਤੁੰਮੇ,
ਟਪਕੇ ਅੰਬਾਂ ਤੋਂ ਮਿੱਠੇ ਬਣਾ ਦਿੱਤੇ।
ਕਈ ਪਿੰਗਲੇ ਪਰਬਤੀਂ ਚਾੜ੍ਹ ਦਿੱਤੇ
ਗੁੰਗਿਆਂ ਕੋਲੋਂ ਵੀ ਗੀਤ ਗਵਾ ਦਿੱਤੇ।
ਗਿੱਦੜਾਂ ਵੱਲ ਜੇ ਮੇਹਰ ਦੀ ਨਜ਼ਰ ਕੀਤੀ,
ਗਿੱਦੜਾਂ ਕੋਲੋਂ ਵੀ ਸ਼ੇਰ ਮਰਵਾ ਦਿੱਤੇ।
ਕਿੱਲੇ ਨਿਕਲ ਗਏ ਉਨ੍ਹਾਂ ਦੀਆਂ ਧੌਣਾਂ ਵਿਚੋਂ,
ਜਿਹਨਾਂ ਜਿਹਨਾਂ ਵੀ ਕੀਤੇ ਦੀਦਾਰ ਤੇਰੇ।
ਆਪਣੇ ਆਪ 'ਚ ਨਿਰੇ ਕ੍ਰਿਸ਼ਮੇ ਜੋ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।



Sri Satguru Jagjit Singh Ji eLibrary NamdhariElibrary@gmail.com

ਪਾਠ-ਸ਼ਾਲਾ, ਗਊ-ਸ਼ਾਲਾ ਤੇ ਧਰਮ-ਸ਼ਾਲਾ,
ਇਨ੍ਹਾਂ ਵਿਚ ਵੀ ਬੜੇ ਸੁਧਾਰ ਕੀਤੇ।
ਥਾਂ-ਥਾਂ ਵਿਦਿਆ ਜੋਤੀ ਪੁਰਜਵਲ ਕੀਤੀ,
ਅਨਪੜ੍ਹਤਾ ਤੇ ਕਰੜੇ ਵਾਰ ਕੀਤੇ।
ਝੂਠ ਬੋਲਣ ਦੇ ਆਦੀ ਕੱਟੜਪੰਥੀ,
ਸੱਚ ਬੋਲਣ ਦੇ ਲਈ ਤਿਆਰ ਕੀਤੇ।
ਭੁੱਲੇ ਭਟਕੇ, ਫਸੇ ਭਵ-ਸਾਗਰਾਂ 'ਚ,
ਲੜ ਲਾ ਗੁਰਬਾਣੀ ਦੇ, ਪਾਰ ਕੀਤੇ।
ਦਗਦੇ ਹੋਏ ਅੰਗਿਆਰਾਂ ਤੇ ਤੁਰਦਿਆਂ ਵੀ,
ਜਜ਼ਬਾਤ ਰਹੇ ਠੰਢੇ ਠਾਰ ਕੀਤੇ।
ਖ਼ਾਕੀ ਨੂਰੀ 'ਚੋਂ ਪਾੜਾ ਘਟਾਉਣ ਵਾਲੇ,
ਯਾਦ ਰਹਿਣਗੇ ਸਦਾ ਉਪਕਾਰ ਕੀਤੇ।

ਅੰਬਰਾਂ ਵਿਚਲੇ ਤਾਰੇ ਤਾਂ ਗਿਣੇ ਜਾਸਨ,
ਗਿਣ ਹੋਣੇ ਨਾ ਤੇਰੇ ਉਪਕਾਰ ਮੈਥੋਂ।
ਜਿਹੜੇ ਕੀਤੇ ਸੁਧਾਰ ਤੂੰ ਪ੍ਰਿਥਵੀ ਤੇ,
ਗਿਣ ਹੋਣੇ ਨਾ ਸਾਰੇ ਸੁਧਾਰ ਮੈਥੋਂ।
ਵਿਦਵਾਨਾਂ ਦੇ ਵਿਚ ਬਦਲਾਏ ਜਿੰਨੇ,
ਗਿਣ ਹੋਣੇ ਨਾ ਜੋਭਲ ਗੁਵਾਰ ਮੈਥੋਂ।
ਜਿੰਨੇ ਖ਼ਾਰਾਂ ਨੂੰ ਫੁੱਲਾਂ ਦਾ ਰੂਪ ਦਿੱਤੈ
ਗਿਣ ਹੋਣੇ ਨਾ ਸਾਰੇ ਉਹ ਖ਼ਾਰ ਮੈਥੋਂ।
ਬਾਦਸ਼ਾਹਾਂ ਦੇ ਵਿਚ ਸਰਦਾਰ ਸੀ ਤੂੰ,
ਲੂਲੇ ਪਿੰਗਲੇ ਮੰਗਤੇ ਯਾਰ ਤੇਰੇ।
ਦੁਨੀਆ ਭਰ 'ਚ ਜਿਨ੍ਹਾਂ ਦੀ ਸਿਫ਼ਤ ਹੋਈ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।
ਵਧੀਆ ਜ਼ਿੰਦਗੀ ਵਿਚ ਸ਼ੁਮਾਰ ਹੈ ਜੋ,
ਸਾਡੀ ਜ਼ਿੰਦਗੀ ਤੇਰੇ ਉਪਕਾਰ ਕਰਕੇ।



Sri Satguru Jagjit Singh Ji eLibrary NamdhariElibrary@gmail.com

ਸਾਡਾ ਅਸਰ ਵਿਕਾਰ ਸੰਸਾਰ ਭਰ 'ਚ,
ਅਸਲ ਵਿਚ ਹੈ ਤੇਰੇ ਵਕਾਰ ਕਰਕੇ।
ਜਿਹੜਾ ਜੱਗ 'ਚ ਸਾਡਾ ਅਧਾਰ ਬਣਿਆ,
ਅਸਲ ਵਿਚ ਹੈ ਤੇਰੇ ਅਧਾਰ ਕਰਕੇ।
ਹਰ ਥਾਂ ਹੀ ਜਿਹੜਾ ਇਤਬਾਰ ਸਾਡਾ,
ਇਹ ਵੀ ਬਣਿਆ ਤੇਰੇ ਇਤਬਾਰ ਕਰਕੇ।
ਅੱਜ ਸਾਡੇ ਵਿਚਾਰ ਨਾ ਲੋਕ ਸੁਣਦੇ,
ਜੇ ਕਰ ਸੁਣੇ ਨਾ ਹੁੰਦੇ ਵਿਚਾਰ ਤੇਰੇ।
ਸਾਨੂੰ ਜੱਗ 'ਚ ਉੱਚਾ ਉਠਾਉਣ ਵਾਲੇ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਜੇਕਰ ਚਿੱਟੀ ਕ੍ਰਾਂਤੀ ਦੀ ਗੱਲ ਕਰੀਏ,
ਫਿਰ ਵੀ ਨਵੀਂ ਮਿਸਾਲ ਵਿਖਾਲ ਦਿੱਤੀ।
ਜਿਹੜੀ ਗਊਆਂ ਤੋਂ ਮਣ-ਮਣ ਦੁੱਧ ਲੈਂਦੀ,
ਉਹ ਜੁਗਤ ਵੀ ਸਾਨੂੰ ਸਿਖਾਲ ਦਿੱਤੀ।
ਹਰੀਆਂ ਸਬਜ਼ੀਆਂ ਦੇਸ਼-ਵਿਦੇਸ਼ ਘੱਲ ਕੇ,
ਅਰਥ ਵਿਵਸਥਾ ਉੱਚੀ ਉਠਾਲ ਦਿੱਤੀ।
ਨਾਮਧਾਰੀ ਬੀਜਾਂ ਦੀਆਂ ਕੀ ਸਿਫ਼ਤਾਂ,
ਸਾਰੇ ਜੱਗ 'ਚ ਧਾਂਕ ਬਿਠਾ ਦਿੱਤੀ।
ਅਰਥ ਸ਼ਾਸਤਰ ਨੀਤੀ-ਨਿਪੁੰਨ ਕਹਿ ਕੇ,
ਗੁਣ ਗਾਉਂਦਾ ਏ ਤਦੇ ਸੰਸਾਰ ਤੇਰੇ।
ਵਿਦੇਸ਼ੀ ਮੁਦਰਾ ਬਾਹਰੋਂ ਲਿਆ ਦਿੱਤੀ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਸਦਾ-ਚਾਰੀ ਦੀ ਨਿਰਮਲ ਆਤਮਾ ਤੇ,
ਦੁਰਾਚਾਰੀ ਪ੍ਰਛਾਵਾਂ ਨਾ ਪੈਣ ਦਿੱਤਾ।
ਰਸਤਾ ਆਪਣਾ ਰੱਖਿਆ ਸਦਾ ਸਿੱਧਾ,
ਛਲ-ਕਪਟ ਦਾ ਰੁਕ ਨਾ ਲੈਣ ਦਿੱਤਾ।



Sri Satguru Jagjit Singh Ji eLibrary NamdhariElibrary@gmail.com

ਚਿੱਟੇ ਝੰਡੇ ਨੂੰ ਰੱਖਿਆ ਸਦਾ ਉੱਚਾ,
ਝੱਖੜਾਂ ਵਿਚ ਵੀ ਨੀਵਾਂ ਨਾ ਲਹਿਣ ਦਿੱਤਾ।
ਬੜੇ ਫਸਵੇਂ-ਫਸਵੇਂ ਦੰਗਲਾਂ 'ਚ,
ਸਿਦਕੀ ਸਿੱਖਾਂ ਨੂੰ ਕਦੀ ਨਾ ਢਹਿਣ ਦਿੱਤਾ।
ਬੜੇ-ਬੜੇ ਤਜ਼ਰਬੇ ਕਾਰ ਨੇਤਾ,
ਬਣੇ ਤਦੇ ਹੀ ਜਾਂ-ਨਿਸਾਰ ਤੇਰੇ।
ਸਾਡੇ ਵਾਸਤੇ ਰਾਹ ਦਸੇਰੇ ਨੇ ਜੋ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਰਾਜਨੀਤੀ ਦੀਆਂ ਘੁੰਮਣ ਘੇਰੀਆਂ 'ਚੋਂ,
ਸਦਾ ਆਪਣਾ ਪੱਖ ਬਚਾਈ ਰੱਖਿਆ,
ਆਕੜ-ਖਾਨਾਂ ਦੀਆਂ ਧੌਣਾਂ ਮਰੋੜੀਆਂ ਵੀ,
ਦਰ ਤੇ ਝੁਕਿਆਂ ਨੂੰ ਗਲੇ ਲਗਾਈ ਰੱਖਿਆ।
ਜਿਥੇ ਕਿਤੇ ਦਬਾਉਣ ਦੀ ਲੋੜ ਸਮਝੀ,
ਧਰਤੀ ਹੇਠਲਾ ਲਾਵਾ ਦਬਾਈ ਰੱਖਿਆ।
ਸਦਾ ਸੱਚ-ਨਿਆਂ ਦੀ ਮਦਦ ਕੀਤੀ,
ਵਿਰੁੱਧ ਝੂਠ ਦੇ ਝੰਡਾ ਉਠਾਈ ਰੱਖਿਆ।
ਲੱਖਾਂ ਪਰਖਾਂ ਵਿਚ ਵੀ ਖਰੇ ਉੱਤਰੇ,
ਨੇਤ੍ਰ ਪਾਰਖੂ ਤੇਜ਼ ਤਰਾਰ ਤੇਰੇ।
ਅਗਨੀ ਵਿਚ ਵੀ ਠੰਢ ਵਰਤਾਉਣ ਵਾਲੇ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਤੇਰਾਂ ਦਿਸੰਬਰ ਵੀਹ ਸੌ ਬਾਰਾਂ ਈਸਵੀ,
ਜਿਹੜਾ ਪਾਇਆ ਜੁਦਾਈ ਦਾ ਸੱਲ ਸਾਨੂੰ।
ਏਸ ਤਰ੍ਹਾਂ ਦੇ ਸੱਲ੍ਹ ਨੂੰ ਕਿਵੇਂ ਜਰਨਾ,
ਪਾਉਣ ਸਮੇਂ ਨਾ ਦੱਸਿਆਂ ਵੱਲ ਸਾਨੂੰ।
ਧਰਤੀ ਕੰਬੀ ਅਸਮਾਨ ਵੀ ਰੋਣ ਲੱਗਾ,
ਦਿਸਿਆ ਥਾਂ-ਥਾਂ ਆਇਆ ਤਰਥੱਲ ਸਾਨੂੰ।



Sri Satguru Jagjit Singh Ji eLibrary NamdhariElibrary@gmail.com

ਸਾਨੂੰ ਹੋਰ ਤਾਂ ਕੋਈ ਨਾ ਗੱਲ ਔੜੀ,
ਬੱਸ ਰੋਣ ਦਾ ਚੜ੍ਹ ਗਿਆ ਝੱਲ ਸਾਨੂੰ।
ਅਸੀਂ ਤੇਰੀ ਜੁਦਾਈ ਦਾ ਸੱਲ ਜਰਿਆ,
ਯਾਦ ਕਰਕੇ ਲਾਡ ਮਲ੍ਹਾਰ ਤੇਰੇ।
ਮਾਂ ਦੇ ਕੀਤੇ ਮਲ੍ਹਾਰ ਬੇ-ਸ਼ੱਕ ਭੁੱਲਣ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਅਸੀਂ ਚਾਹੁੰਦੇ ਹਾਂ ਸਾਰੇ ਸੰਸਾਰ ਭਰ 'ਚ,
ਤੇਰੇ ਮਿਸ਼ਨ ਦਾ ਥਾਂ-ਥਾਂ ਪ੍ਰਚਾਰ ਹੋਵੇ।
ਜ਼ਬਰ-ਜ਼ੁਲਮ ਦੀ ਥਾਂ-ਥਾਂ ਅੱਗ ਬਲਦੀ,
ਨਾਮ-ਬਾਣੀ ਦੇ ਆਸਰੇ ਠਾਰ ਹੋਵੇ।
ਠੰਢੀ ਜੰਗ ਵੀ ਖ਼ਤਰਾ ਮਨੁੱਖਤਾ ਲਈ,
ਇਹਦੇ ਬਾਰੇ ਵੀ ਠੋਸ ਵਿਚਾਰ ਹੋਵੇ।
ਜੰਗ ਠੰਢੀ ਹੋਵੇ ਭਾਵੇਂ ਹੋਵੇ ਤੱਤੀ,
ਠੱਲ੍ਹ ਦੋਹਾਂ ਦੇ ਰਾਹ 'ਚ ਮਾਰ ਹੋਵੇ।
ਲੋਕਾਂ ਲਈ ਰੁਜ਼ਗਾਰ ਦੁਰ-ਲਭ ਨਾ ਰਹੇ,
ਹਰ ਕਿਸੇ ਦੇ ਲਈ ਰੁਜ਼ਗਾਰ ਹੋਵੇ।
ਸਾਰੀ ਦੁਨੀਆਂ ਦੇ ਕੰਨਾਂ 'ਚ ਸ਼ਹਿਦ ਘੋਲਣ,
ਚਿਰੰਜੀਵ ਤੇ ਸੱਚੇ ਪ੍ਰਚਾਰ ਤੇਰੇ।
ਅਮਨ-ਪੂਜਾਂ ਲਈ ਪੋਹ-ਫੁਟਾਲਾ ਨੇ ਜੋ,
ਯਾਦ ਰਹਿਣਗੇ ਸਦਾ ਪ੍ਰਚਾਰ ਤੇਰੇ।
ਅਨਪੜ੍ਹ-ਮੰਡਾਂ ਦਾ ਕਾਫ਼ਲਾ ਤੁਰ ਪਿਆ ਹੈ।
ਦੱਸਣ ਵਾਸਤੇ ਕੀਤੇ ਸੁਧਾਰ ਤੇਰੇ।
ਹਾਕੀ ਖੇਡ 'ਚ ਮਾਰੀਆਂ ਜਿਨ੍ਹਾਂ ਮੱਲਾਂ,
ਜੱਗ ਜੇਤੂ ਜਾਂ-ਨਿਸਾਰ ਤੇਰੇ।
ਜੱਗ ਜਾਹਰ ਕਰਾਉਣ ਨੂੰ ਪਏ ਕਾਹਲੇ,
ਬੇ-ਗਿਣਤ ਹੀ ਕਾਰ ਵਿਹਾਰ ਤੇਰੇ।



Sri Satguru Jagjit Singh Ji eLibrary NamdhariElibrary@gmail.com

ਤੇਰੇ ਡੰਕੇ ਦਾ ਅਸਰ ਵਿਖਾਉਣ ਤੁਰ ਪਏ।
ਨੇਕ-ਨੀਯਤ ਝੰਡਾ ਬਰਦਾਰ ਤੇਰੇ।
ਜੱਗ ਨੂੰ ਨੇਕੀ ਦੇ ਰਸਤੇ ਪਾਉਣ ਤੁਰ ਪਏ,
ਨੇਕੀ ਧਰਮ ਦੇ ਸਿਪਾਹਿ-ਸਲਾਰ ਤੇਰੇ।
ਧਰਤ, ਅਕਾਸ਼ ਪਤਾਲ ਨੇ ਜਦੋਂ ਤਾਈਂ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

◆

**(ਸਤਿਜੁਗ, ਸਤਿਗੁਰੂ ਜਗਜੀਤ ਸਿੰਘ ਸ਼ਤਾਬਦੀ ਅੰਕ, 2020, ਪੰਨਾ 177)**



Sri Satguru Jagjit Singh Ji eLibrary NamdhariElibrary@gmail.com

## ਸਭੇ ਕਲਾ ਸਮਰੱਥ ਸੈਂ ਤੂੰ

–ਲਖਵਿੰਦਰ ਸਿੰਘ ਬਾਜਵਾ

ਤੇਰਿਆਂ ਵਿਛੋੜਿਆਂ 'ਚ ਸੰਗਤਾਂ ਉਦਾਸ ਹੋਈਆਂ,
ਵਿੰਨਦੇ ਨੇ ਬਿਰਹੋਂ ਦੇ ਬਾਣ ਨਰ ਨਾਰਾਂ ਨੂੰ।
ਯਾਦਾਂ ਦੇ ਪੰਖਰੂ ਫਲ ਹੌਸਲੇ ਦਾ ਟੁੱਕਦੇ ਨੇ,
ਦੱਸ ਖਾਂ ਉਡਾਈਏ ਕਿੰਜ ਗ਼ਮਾਂ ਦੀਆਂ ਡਾਰਾਂ ਨੂੰ।
ਜਦੋਂ ਬਹੀਏ ਛੇੜ ਭੈਣੀ ਕਰੁਣਾਮਈ ਸੁਰ ਕੱਢੇ,
ਕੱਸੇ ਕੌਣ ਮਨ ਦੀ ਰਬਾਬ ਦੀਆਂ ਤਾਰਾਂ ਨੂੰ।
ਠੰਡੀਆਂ ਨੇ ਆਹਵਾਂ ਬੇਕਰਾਰ ਦਿਲ ਨੈਣ ਤਰ,
ਪੋਂਹਦੀ ਨਾ ਦਵਾਈ ਕੋਈ ਹਿਜਰ ਦੇ ਬੀਮਾਰਾਂ ਨੂੰ।
ਗੁਰ ਜਗਜੀਤ ਸੱਭੇ ਕਲਾ ਸਮਰੱਥ ਸੈਂ ਤੂੰ,
ਦੱਸ ਖਾਂ ਭੁਲਾਈਏ ਕਿਵੇਂ ਤੇਰੇ ਉਪਕਾਰਾਂ ਨੂੰ।

ਦਰ ਉੱਤੇ ਆਇਆ ਖਾਲੀ ਗਿਆ ਨਾ ਸਵਾਲੀ ਕੋਈ,
ਰਹਿਮਤਾਂ ਦਾ ਰਹਿੰਦਾ ਸਦਾ ਖੁੱਲ੍ਹਿਆਂ ਭੰਡਾਰਾ ਸੀ।
ਜੱਗ ਦੇ ਨਜ਼ਾਰੇ ਭਾਵੇਂ ਨੈਣਾਂ ਤਾਈਂ ਕੀਲਦੇ ਨੇ,
ਪਰ ਤੇਰੇ ਦੀਦ ਵਾਲਾ ਵੱਖਰਾ ਨਜ਼ਾਰਾ ਸੀ।
ਤੇਰੇ ਦਰ ਉੱਤੇ ਆ ਕੇ ਮੁੱਕਦੀ ਭਟਕਣਾ ਹੈ,
ਢੂੰਡ ਭਾਲ ਵੇਖਿਆ ਮੈਂ ਭਾਵੇਂ ਜੱਗ ਸਾਰਾ ਸੀ।
ਰੂਹਾਂ ਤਾਈ ਦੇਂਵਦਾ ਸਕੂਨ ਸੰਗੀਤ ਤੇਰਾ,
ਜਦੋਂ ਤੂੰ ਛੁਹਾ ਕੇ ਪੋਟੇ ਛੇੜਦਾ ਸੈਂ ਤਾਰਾਂ ਨੂੰ।
ਗੁਰੂ ਜਗਜੀਤ ਸੱਭੇ ਕਲਾ ਸਮਰੱਥ ਸੈਂ ਤੂੰ,
ਦੱਸ ਖਾਂ ਭੁਲਾਈਏ ਕਿਵੇਂ ਤੇਰੇ ਉਪਕਾਰਾਂ ਨੂੰ।

ਕਲਜੁਗ ਘੋਰ ਨੇ ਵਿਚਾਰ ਕੀਤੇ ਆਣ ਕਾਲੇ,
ਕਾਲੇ ਕਾਰੋਬਾਰ ਕਾਲੇ ਵਰਤੋਂ ਵਿਹਾਰ ਸੀ।
ਮਨਾਂ ਉੱਤੇ ਕਾਲਖਾਂ ਬਣਾ ਕੇ ਤਹਿਆਂ ਜੰਮ ਗਈਆਂ,
ਕਾਲੇ ਧਨ ਨਾਲ ਕਾਲੇ ਹੋਂਵਦੇ ਵਪਾਰ ਸੀ।
ਪਰ ਉਪਦੇਸ਼ ਤੇਰਾ ਕਾਲਖਾਂ ਉਤਾਰ ਸੱਭੇ,



Sri Satguru Jagjit Singh Ji eLibrary NamdhariElibrary@gmail.com

ਉੱਜਲ ਬਣਾ ਕੇ ਦੇਂਦਾ ਜੀਵਨ ਸਵਾਰ ਸੀ।
ਸੱਚੀ ਸੁੱਚੀ ਕਿਰਤ ਕਮਾਈ ਦੀ ਸਿਖਾਈ ਜਾਚ,
ਰੰਕੋਂ ਬਣਾ ਕੇ ਰਾਜੇ ਦੱਸਿਆ ਹਜ਼ਾਰਾਂ ਨੂੰ।
ਗੁਰੂ ਜਗਜੀਤ ਸੱਭੇ ਕਲਾ ਸਮਰੱਥ ਸੈਂ ਤੂੰ,
ਦੱਸ ਖਾਂ ਭੁਲਾਈਏ ਕਿਵੇਂ ਤੇਰੇ ਉਪਕਾਰਾਂ ਨੂੰ।

ਭੈ ਭੀਤ ਕੀਤਾ ਜੱਗ ਜੰਗ ਦਿਆਂ ਫ਼ਿਕਰਾਂ ਨੇ,
ਰਾਤਾਂ ਵਾਲੀ ਨੀਂਦ ਹੋਈ ਸਭ ਦੀ ਹਰਾਮ ਹੈ।
ਵੱਸਦੀ ਲੋਕਾਈ ਕਹਿਣ ਅਸਲੇ ਦੇ ਢੇਰ ਉੱਤੇ,
ਜਾਪੇ ਮਹਿਫ਼ੂਜ਼ ਕੋਈ ਸ਼ਹਿਰ ਨਾ ਗ੍ਰਾਮ ਹੈ।
ਭੈਣ ਜੋ ਮਨੁੱਖ ਮਾਰੂ ਵੱਡੀਆਂ ਵਰਾਸ਼ਾਂ ਖੋਲ੍ਹ,
ਦਿਸਦੀ ਖਲੋਤੀ ਸਾਹਵੇਂ ਹਰ ਸੁਭਾ ਸ਼ਾਮ ਹੈ।
ਸ਼ਾਂਤੀ ਵਾਲਾ ਦੂਤ ਬਣ ਅਮਨ ਸੰਦੇਸ਼ ਦਿੱਤਾ,
ਮੰਨਿਆ ਜਹਾਨ ਸਾਰੇ ਤੇਰਿਆਂ ਵਿਚਾਰਾਂ ਨੂੰ।
ਗੁਰੂ ਜਗਜੀਤ ਸੱਭੇ ਕਲਾ ਸਮਰੱਥ ਸੈਂ ਤੂੰ,
ਦੱਸ ਖਾਂ ਭੁਲਾਈਏ ਕਿਵੇਂ ਤੇਰੇ ਉਪਕਾਰਾਂ ਨੂੰ।

ਖੇਤੀਬਾੜੀ ਖੇਡਾਂ ਬਾਗਬਾਨੀ ਵਿਚ ਮੱਲਾਂ ਮਾਰ,
ਕਰ ਦਿੱਤੀ ਦੁਨੀਆ ਹੈਰਾਨ ਨਾਮਧਾਰੀਆਂ।
ਤੇਰੇ ਸੰਗੀਤਕਾਰਾਂ ਛੋਹਿਆ ਹੈ ਬੁਲੰਦੀਆਂ ਨੂੰ,
ਮਨ ਮੋਹ ਲਏ ਰੀਤਾਂ ਤੇਰੀਆ ਪਿਆਰੀਆਂ।
ਉੱਚੇ ਸੁੱਚੇ ਜੀਵਨ ਦੀ ਜਾਚ ਜੋ ਸਿਖਾਈ ਸਾਨੂੰ,
ਓਸੇ ਦੀਆਂ ਦਾਸ ਅੱਜ ਦੌਲਤਾਂ ਨੇ ਸਾਰੀਆਂ।
ਸਾਡੇ ਲਈ ਨਿਹਮਤਾਂ ਦੇ ਖੋਲ੍ਹ ਤੂੰ ਭੰਡਾਰ ਦਿੱਤੇ,
ਬੁੱਧ ਦਿੱਤੀ ਬਾਜਵੇ ਜਿਹੇ ਮੂਰਖ ਗਵਾਰਾਂ ਨੂੰ।
ਗੁਰੂ ਜਗਜੀਤ ਸੱਭੇ ਕਲਾ ਸਮਰੱਥ ਸੈਂ ਤੂੰ,
ਦੱਸ ਖਾਂ ਭੁਲਾਈਏ ਕਿਵੇਂ ਤੇਰੇ ਉਪਕਾਰਾਂ ਨੂੰ।

(ਵਰਿਆਮ, ਨਵੰਬਰ 2020)



Sri Satguru Jagjit Singh Ji eLibrary NamdhariElibrary@gmail.com

# ਗੁਰੂ ਜਗਜੀਤ ਸਿੰਘ ਮੀਤ ਸਨ ਸਭਨਾਂ ਦੇ

**-ਹਰਭਜਨ ਸਿੰਘ ਰਾਜਾ**

ਗੁਰੂ ਜਗਜੀਤ ਸਿੰਘ ਮੀਤ ਸਨ ਸਭਨਾਂ ਦੇ
ਹਰ ਇਕ ਜ਼ੀਵ ਜੰਤ ਉਨ੍ਹਾਂ ਨੂੰ ਪਿਆਰਾ ਸੀ।
ਹਰ ਵੇਲੇ ਹਰ ਜੀ ਦਾ ਨਾਮ ਰਹਿੰਦਾ ਰਸਨਾ 'ਤੇ
ਹਰ ਜੀ ਦਾ ਨਾਮ ਦਿਲੋਂ ਕਦੇ ਨਾ ਵਸਾਰਾ ਸੀ।

ਹਰ ਦੀ ਰਜਾ ਵਿਚ ਰਹਿੰਦੇ ਸੀ ਉਹ ਹਰ ਪਲ
ਹਰੀ ਹਰ ਜਪ ਜਪ ਸਮਾਂ ਹੀ ਗੁਜ਼ਾਰਾ ਸੀ।
ਹਰ ਦੇ ਸਮਾਨ ਸਦਾ ਰਹਿੰਦੇ ਸੀ ਉਹ ਹਰ ਵੇਲੇ
ਹਰ ਦੇ ਸਮਾਨ ਸਦਾ ਚਿਹਰੇ ਦਾ ਨਜ਼ਾਰਾ ਸੀ।

ਹਰ ਵਾਂਗ ਚਾਲ ਆਪ ਚਲਦੇ ਸੀ ਹਰ ਵੇਲੇ
ਹਰ ਦੇ ਸਮਾਨ ਸਦਾ ਸੁੱਖ ਦਾ ਪਸਾਰਾ ਸੀ।
ਜਿਸ ਮੋਰ ਤਾਈਂ ਹੱਥੀਂ ਆਪ ਸੀ ਚੁਗਾਈ ਚੋਗ
ਗਿਆ ਮੁਕਤ ਨਾ ਉਹ ਜੰਮਿਆ ਦੁਬਾਰਾ ਸੀ।

ਆਬੇ ਹਯਾਤ ਚੋਂਵਦਾ ਸੀ ਰਸਨਾ ਤੋਂ ਉਸ ਵੇਲੇ
ਅੰਮ੍ਰਿਤ ਵੇਲੇ ਗਾਂਦੇ ਜਦੋਂ ਆਸਾ ਜੀ ਦਾ ਵਾਰਾ ਸੀ।
ਫੇਰਦੇ ਸੀ ਪੋਟੇ ਜਦੋਂ ਤਾਊਸ ਦੀਆਂ ਤਾਰਾਂ ਉੱਤੇ
ਅਮੀਂ ਰਸ ਵਾਲਾ ਪੈਂਦਾ ਓਸ 'ਚੋਂ ਫੁਹਾਰਾ ਸੀ।

ਹਰ ਵੇਲੇ ਹਰ ਜਪੋ ਹਰ ਉਪਦੇਸ਼ਦੇ ਸੀ
ਜਿਸ ਨਾਲ ਖੁੱਲ੍ਹ ਜਾਂਦਾ ਦਸਵਾਂ ਦੁਆਰਾ ਸੀ।
ਹਰ ਜੀ ਤਾਂ ਹਰ ਤਾਈਂ ਇਕੋ ਜਿਹਾ ਜਾਣਦੇ ਸੀ
ਚਾਹੇ ਕੋਈ ਛੜਾ ਚਾਹੇ ਵਿਆਹਿਆ ਜਾਂ ਕੁਆਰਾ ਸੀ।

ਹਰ ਜੀ ਦਾ ਉਹੀ ਇਨਸਾਨ ਹੋਇਆ ਓਸ ਵੇਲੇ
ਹਰ ਜੀ ਦਾ ਆਨ ਜਿਸ ਕਰਿਆ ਦੀਦਾਰਾ ਸੀ।



Sri Satguru Jagjit Singh Ji eLibrary NamdhariElibrary@gmail.com

ਮੁਕਤੀ ਦਾ ਜਾਮ ਪੀ ਕੇ ਹਰ ਜੀ ਦੇ ਨੇਤਰਾਂ 'ਚੋਂ
ਹੋ ਗਿਆ ਦੀਵਾਨਾ ਭਾਵੇਂ ਕਿੰਨਾ ਹੰਕਾਰਾ ਸੀ।

ਹਰ ਦੇ ਦਵਾਰੇ ਉੱਤੇ ਆਇਆ ਜੋ ਵੀ ਇਕ ਵਾਰ
ਛੱਡਿਆ ਨਾ ਫੇਰ ਉਹਨੇ ਹਰ ਦਾ ਦਵਾਰਾ ਸੀ।
ਹਰ ਇਨਸਾਨ ਦੇ ਹਰਦੇ ਹਰ ਦੁੱਖ
ਆਪਣੇ ਸਰੀਰ ਭਾਵੇਂ ਕਸ਼ਟ ਹੀ ਸਹਾਰਾ ਸੀ।

ਦੀਨਾਂ ਦੇ ਦਿਆਲ ਹਰ ਸਭ ਦੀ ਸੰਭਾਲ ਕੀਤੀ
ਬਣ ਕੇ ਕੁਬੇਰ ਦਿੱਤਾ ਸਭ ਨੂੰ ਭੰਡਾਰਾ ਸੀ।
ਰਾਜੇ ਦੀ ਕਲਮ ਇਕ ਕਰ ਕੀ ਬਿਆਨ ਸਕੇ
ਭਰ ਭਰ ਵੰਡੇ ਬੁੱਕ ਲਾਇਆ ਨਾਹੀ ਲਾਰਾ ਸੀ।

◆

**(ਵਰਿਆਮ, 2020)**



Sri Satguru Jagjit Singh Ji eLibrary NamdhariElibrary@gmail.com

## ਯਾਦਾਂ ਗੁਰੂ ਜਗਜੀਤ ਸਿੰਘ ਦੀਆਂ

-ਪੂਰਨ ਸਿੰਘ ਨਿਰਾਲਾ

ਯਾਦਾਂ ਗੁਰ ਜਗਜੀਤ ਦੀਆਂ, ਦਿਲ ਵਿੱਚ ਰਹਿਣ ਸਮੋਈਆਂ।
ਪੁਸ਼ਪ ਜੇਹੇ ਮਨਮੀਤ ਦੀਆਂ, ਆਉਂਦੀਆਂ ਨੇ ਖੁਸ਼ਬੋਈਆਂ।

ਉਸ ਦੀਆਂ ਮਿੱਠੀਆਂ ਬਾਤਾਂ, ਸਾਂਭੀਆਂ ਜਿਵੇਂ ਸੁਗਾਤਾਂ,
ਸਾਰੀ ਜ਼ਿੰਦਗੀ ਭੁੱਲ ਨਹੀਂ ਸਕਦੇ ਰਹਿਮ ਦੀਆਂ ਦਿਨ ਰਾਤਾਂ,
ਤੰਦਾਂ ਉਹੀ ਪ੍ਰੀਤ ਦੀਆਂ, ਦਿਲ ਵਿੱਚ ਰਹਿਣ ਸਮੋਈਆਂ।
ਪੁਸ਼ਪ ਜਿਹੇ ਮਨਮੀਤ ਦੀਆਂ.........

ਹਰ ਬੋਲ ਗੁਰਾਂ ਦਾ ਪਿਆਰਾ, ਮੀਠਾ ਜਿਵੇਂ ਸ਼ੁਹਾਰਾ,
ਯਾਦ ਉਸਦੀ ਆਉਂਦੀ, ਦਿਲ ਦਾ ਬਣ ਸਹਾਰਾ,
ਯਾਦਾਂ ਮਨ ਦੇ ਮੀਤ ਦੀਆਂ, ਦਿਲ ਵਿਚ ਰਹਿਣ ਸਮੋਈਆਂ।
ਪੁਸ਼ਪ ਜਿਹੇ ਮਨਮੀਤ ਦੀਆਂ ............

ਪਿਆਰ ਨਾਲ ਜੋ ਕਹਿੰਦੇ ਸਨ ਉਹ ਵੀ ਮੰਨ ਲੈਂਦੇ,
ਜਿਸ ਦੇ ਤਾਈਂ ਨਜ਼ਾਰੇ ਉਹੀ ਨਜ਼ਾਰੇ ਕਹਿੰਦੇ,
ਦੇ ਕੇ ਨਰ ਦਾ ਜੀਤ ਦੀਆਂ, ਦਿਲ ਵਿਚ ਰਹਿਣ ਸਮੋਈਆਂ।
ਪੁਸ਼ਪ ਜੇਹੇ ਮਨਮੀਤ ਦੀਆਂ..........

ਸੱਚ ਦਾ ਰਾਹ ਸਮਝਾਉਂਦੇ, ਸੀ ਭੁੱਲੇ ਰਾਹੇ ਪਾਉਂਦੇ,
ਉਸਦੀ ਰੀਤ ਪੁਰਾਣੀ, ਬਾਈ ਲਾਲੋ ਜਿਉਂ ਵਡਿਆਉਂਦੇ,
ਪਲ ਪਲ ਕਰਕੇ ਬੀਤ ਦੀਆਂ, ਦਿਲ ਵਿੱਚ ਰਹਿਣ ਸਮੋਈਆਂ।
ਪੁਸ਼ਪ ਜੇਹੇ ਮਨਮੀਤ ਦੀਆਂ......

ਉਸ ਦੇ ਚੋਜ ਨਿਆਰੇ, ਦੁਖੀਆਂ ਦੇ ਬਣੇ ਸਹਾਰੇ,
ਪੂਰਨ ਜੇਹੇ ਡੁੱਬਦੇ ਲੱਖਾਂ, ਦਿੱਤੇ ਸੀ ਲਾ ਕਿਨਾਰੇ,
ਕਿਆ ਸੁਰਾਂ ਸੰਗੀਤ ਦੀਆਂ, ਦਿਲ ਵਿੱਚ ਰਹਿਣ ਸੁਮੋਈਆਂ,
ਪੁਸ਼ਪ ਜੇਹੇ ਮਨਮੀਤ ਦੀਆਂ, ਆਉਂਦੀਆਂ ਨੇ ਖੁਸ਼ਬੋਈਆਂ।

**(ਮਹਿਮਾ ਸਤਿਗੁਰ ਦੀ, ਤਸਵੀਰ ਪ੍ਰਕਾਸ਼ਨ, ਸਿਰਸਾ, 2018, ਪੰਨਾ 22)**



Sri Satguru Jagjit Singh Ji eLibrary NamdhariElibrary@gmail.com

## ਕਾਵਿ-ਸ਼ਰਧਾਜਲੀ

-ਗੁਰਭਜਨ ਸਿੰਘ ਗਿੱਲ

ਉਹ ਸੀ ਇੱਕ ਦਰਿਆ।
ਨਿਰਮਲ ਨੀਰ ਸਦੀ ਭਰ ਵਗਿਆ,
ਕੰਢਿਆਂ ਤੱਕ ਭਰਿਆ।

ਦੋਧੇ ਚਿੱਟੇ ਵਸਤਰਧਾਰਾ।
ਸੁਰ ਤੇ ਸ਼ਬਦ ਸੰਵਾਰਨਹਾਰਾ।
ਤਪੀ ਤਪੀਸਰ ਅਪਰਮਪਾਰਾ,
ਰੂਹ ਦੇ ਕਸ਼ਟ ਨਿਵਾਰਨਹਾਰਾ।
ਜਿਸ ਦੀ ਕਰਮ ਦ੍ਰਿਸ਼ਟੀ ਸਦਕਾ,
ਕਣ-ਕਣ ਸੁਰ ਭਰਿਆ।
ਉਹ ਸੀ ਇੱਕ ਦਰਿਆ।

ਮੋਰ ਮਟਕਦੇ ਆਉਂਦੇ ਕੋਲ।
ਤਲੀਓਂ ਚੋਗਾ ਚੁਗਣ ਅਬੋਲ।
ਰੂਹ ਅੰਦਰ ਵਿਸਮਾਦ ਅਤੋਲ।
ਸੁਣਦੇ ਬਹਿ ਕੇ ਬਚਨ ਅਮੋਲ
ਪੈਲਾਂ ਪਾਉਣ ਵਜਦ ਵਿੱਚ ਆ ਕੇ,
ਨੈਣੀ ਜਲ ਭਰਿਆ।
ਉਹ ਸੀ ਇੱਕ ਦਰਿਆ।

ਖੇਡ ਮੈਦਾਨੇ ਦੇ ਸਿਲਬਰੀਆਂ।
ਮਿਹਰਵੰਤ ਨੇ ਮਿਹਰਾਂ ਕਰੀਆਂ।
ਨਾਲ ਮੈਡਲਾਂ ਝੋਲੀਆਂ ਭਰੀਆਂ।
ਖੁਸ਼ਕ ਉਮੀਦਾਂ ਹੋਈਆਂ ਹਰੀਆਂ।
ਸ਼ੁਭ ਕਰਮਨ ਦਾ ਪੰਥ ਦਿਸੇਰਾ, ਕਦੇ ਵੀ ਨਾ ਟਰਿਆ।
ਉਹ ਸੀ ਇੱਕ ਦਰਿਆ।



Sri Satguru Jagjit Singh Ji eLibrary NamdhariElibrary@gmail.com

ਗਊਸ਼ਾਲਾ ਵਿੱਚ ਆਪ ਗੋਪਾਲਾ।
ਨਾਮ ਪੁਕਾਰ ਧੀਆਂ ਪੁੱਤ ਵਾਲਾ।
ਕੰਡ ਤੇ ਥਾਪੜਾ ਬਾਬਲ ਵਾਲਾ।
ਵੰਡਿਆਂ ਸਭ ਨੂੰ ਪਿਆਰ
ਪਿਆਲਾ।
ਕਥਨੀ ਤੋਂ ਵੀ ਬਹੁਤ ਅਗੇਰੇ,
ਵਾਹ ਓ ਸਰਵਰਿਆ
ਉਹ ਸੀ ਇੱਕ ਦਰਿਆ।

ਸਬਦ ਸਾਧਕਾਂ ਦਾ ਦੁੱਖਹੰਤਾ।
ਸੁਰ ਦਾ ਭੇਤੀ, ਖੁਦ ਸੁਰਵੰਤਾ।
ਸਿਮਰਨ ਸੇਵਾ ਜਾਪ ਜਪੰਤਾ।
ਰਸਨਾ ਤੋਂ ਰੱਜ ਕੇ ਰਸਵੰਤਾ।
ਰਾਮ, ਹਰੀ, ਪਰਤਾਪੀ ਸੂਰਜ,
ਉਦੈ ਹੋਣ ਤੋਂ ਅਸਤਣ ਤੀਕਰ,
ਚਾਨਣ ਹੀ ਝਰਿਆ।
ਉਹ ਸੀ ਇੱਕ ਦਰਿਆ।

ਹਿੰਮਤ ਨਾਲ ਹਨ੍ਹੇਰੇ ਪੂੰਝੇ।
ਰਾਗ ਨਾਦ ਸੰਗ ਦੁਰਮਤਿ ਹੂੰਝੇ।
ਸਾਜ਼ ਆਵਾਜ਼ ਜਦੋਂ ਵੀ ਗੂੰਜੇ।
ਅਨ੍ਹਦ ਨਾਦ ਸੁਣੇ ਹਰ ਖੂੰਜੇ।
ਕਲਾ ਦ੍ਰਿਸ਼ਟੀਵੇਤਾ ਰਾਹਬਰ,
ਜਿਸ ਥਾਂ ਹੱਥ ਧਰਿਆ।
ਉਹ ਸੀ ਇੱਕ ਦਰਿਆ।

ਭੁੱਲਦੀ ਨਾ ਮੈਨੂੰ ਛੋਹ ਵਿਸਮਾਦੀ।
ਪਿਆਰ ਪਿਆਲਾ ਆਦਿ।



Sri Satguru Jagjit Singh Ji eLibrary NamdhariElibrary@gmail.com

ਸਬਦਾਂ ਦੀ ਅੰਜੁਲੀ ਹੈ ਭੇਟਾ,
ਮੈਥੋਂ ਜੋ ਸਰਿਆ।
ਉਹ ਸੀ ਇੱਕ ਦਰਿਆ।

ਨਿਰਮਲ ਨੀਰ ਸਦੀ ਭਰ ਵਗਿਆ,
ਕੰਢਿਆ ਤੱਕ ਭਰਿਆ।

◆

(ਸਤਿਜੁਗ, 1 ਅਪ੍ਰੈਲ ਤੋਂ 30 ਅਪ੍ਰੈਲ 2020)



Sri Satguru Jagjit Singh Ji eLibrary NamdhariElibrary@gmail.com

# ਸਾਨੂੰ ਜਿਊਣ ਦੀ ਜਾਚ ਸਿਖਾ ਗਏ ਓ

-ਫਕੀਰ ਚੰਦ ਤੁਲੀ

ਸਤਿਗੁਰੂ ਰਾਮ ਸਿੰਘ ਮਾਲਾ ਦੇ ਮਣਕਿਆਂ ਤੋਂ
ਭਾਰਤ ਵਰਸ਼ ਦਾ ਵਕਤ ਭੁਆਂ ਗਏ ਓ
ਸਤਿਗੁਰੂ ਰਾਮ ਸਿੰਘ ਢੋਲਕ ਤੇ ਛੈਣਿਆਂ ਤੋਂ,
ਸੁੱਤਾ-ਸੁੱਤਾ ਪੰਜਾਬ ਜਗਾ ਗਏ ਓ

ਸੁੱਚ-ਸੋਧ ਤੇ ਸੇਵਾ ਤੇ ਸਰਲਤਾ ਤੋਂ,
ਗੁਰੂ ਜਗਜੀਤ ਸਿੰਘ ਸਾਨੂੰ ਸਮਝਾ ਗਏ ਓ
ਸਾਨੂੰ ਮਰਨ ਦੀ ਜਾਚ ਸਿਖਾ ਗਏ ਓ,
ਸਾਨੂੰ ਜਿਊਣ ਦੀ ਜਾਚ ਸਿਖਾ ਗਏ ਓ

ਅਸੀਂ ਜਨਮ-ਜਨਮਾਤਰਾਂ ਭਟਕਦੇ ਰਹੇ,
ਐਪਰ ਗੁਰੂ ਨਾ ਖਾਧਾ ਵਸਾਹ ਸਾਡਾ
ਬਾਰ-ਬਾਰ ਸਾਨੂੰ ਮੌਕੇ ਬਖਸ਼ ਕੇ ਤੇ,
ਗੁਰੂ ਸਦਾ ਉਡੀਕਦਾ ਰਾਹ ਸਾਡਾ

ਕੱਲਾ ਸਿੱਖ ਈ ਨਹੀਂ ਹੈ ਜੱਗ ਅੰਦਰ
ਜੀਂਦਾ ਗੁਰੂ ਦੇ ਨਾਲ ਉਮਾਹ ਹੁੰਦਾ
ਓਨਾ ਸਤਿਗੁਰੂ ਸਿੱਖ ਲਈ ਤੜਪਦਾ ਹੈ,
ਜਿੰਨਾ ਸਿੱਖ ਲਈ ਗੁਰੀ ਲਈ ਚਾਅ ਹੁੰਦਾ

ਲਾਜ ਮਰੇ, ਜੋ ਨਾਮ ਨਾ ਲਏ,
ਐਪਰ ਜਿਹੜੇ ਜੱਪ ਤੋਂ ਘੋਲ-ਘੁਮਾ ਗਏ ਓ
ਸਾਨੂੰ ਮਰਨ ਦੀ ਜਾਚ ਸਿਖਾ ਗਏ ਓ,
ਸਾਨੂੰ ਜਿਉਣ ਦਾ ਜਾਚ ਸਿੱਖਾ ਗਏ ਓ

ਵੀਹ-ਸੌ-ਬਾਰਾਂ ਦੇ ਤੇਰਾਂ ਦਸੰਬਰਾ ਵੇ,
ਕੀ ਦਸੰਬਰਾਂ, ਜੰਦਰਾ ਮਾਰ ਛੱਡਿਆ



Sri Satguru Jagjit Singh Ji eLibrary NamdhariElibrary@gmail.com

ਤੇਰੇ ਦਸੰਬਰਾ, ਕਮਲਿਆ ਵੇ, ਕਮਲੀ ਕੀਤੀ ,
ਕੀ ਕਮਲੀ ਨੂੰ ਮਾਰ ਛੱਡਿਆ

ਤੇਰੇ ਦਸੰਬਰਾ ਸ਼ਾਮ ਤੋਂ ਰਾਮ ਬਣ ਗਏ,
ਤੇਰੇ ਰਾਮ ਤੋਂ /ਉਦੇ/ਜੱਗ-ਜੀਤ ਬਣ ਗਏ
ਕਾਲੀ-ਰਾਤ ਤੋਂ ਚਿੱਟੇ ਜਏ ਦੁੱਧ ਵਰਗੇ,
ਸਤਿਗੁਰ ਉਦੇ ਸਿੰਘ, ਮਹਾਂ-ਪ੍ਰਤੀਤ ਬਣ ਗਏ

ਜਿੱਤ ਜਿੱਤ ਕੇ ਗੁਰੂ ਜਗਜੀਤ ਸਿੰਘ ਨੇ,
ਧਰਤੀ, ਉਦੇ ਕੀਤਾ, ਉਦੇ ਵਸਾ ਗਏ ਓ
ਸਾਨੂੰ ਮਰਨ ਦੀ ਜਾਚ ਸਿੱਖਾ ਗਏ ਓ,
ਸਾਨੂੰ ਜੀਊਣ ਦੀ ਜਾਚ ਸਿੱਖਾ ਗਏ ਓ।

ਟਾਈਮ ਛੇ ਅਠਾਈ ਤੋਂ, ਟਾਇਮ,
ਮੁੱਕਿਆ, ਮੁੱਕਿਆ ਇੰਦਰ ਨੇ ਖੜਕ-ਖੜਕਾਰ ਰੋਏ
ਗੜ-ਗੜ ਇੰਦਰ, ਵੈਰਾਗ ਵਿਚ ਕੂਕ ਮਾਰੀ,
ਕੂਕਾਂ ਮਾਰ ਬੀਬਾ ਜ਼ਾਰ-ਜ਼ਾਰ ਰੋਏ

ਰੋਂਦਾ ਇੰਦਰ ਆਖੇ ਜਦ ਵੀ ਮੀਂਹ ਪੈਣਾ,
ਅੰਮ੍ਰਿਤ ਮੀਂਹ ਨੇ, ਭੈਣੀ ਵਿਚ ਵੱਸਣਾ ਹੈ
ਇੰਦਰਾਧ੍ਰੋਣ ਚੱਡ, ਗੁਰੂ ਜਗਜੀਤ ਬੋਲੇ,
ਲਹਿਰਾਂ-ਬਹਿਰਾਂ-ਬਸੰਤ ਨੇ ਬਖਸ਼ਣਾ ਹੈ

ਰੋਏ ਕਦੇ ਨਹੀਂ ਰੋਏ, ਜਗਜੀਤ ਸਤਿਗੁਰੂ,
ਸਭ ਕੁੱਝ ਸੰਗਤਾਂ ਦੇ ਲੇਖੇ ਨਾ ਗਏ ਓ
ਸਾਨੂੰ ਮਰਨ ਦੀ ਜਾਚ ਸਿਖਾ ਗਏ ਓ,
ਸਾਨੂੰ ਜਿਊਣ ਦੀ ਜਾਚ ਸਿਖਾ ਗਏ ਓ

ਕੱਟਣ ਲਈ ਸਰਾਪ-ਸੰਤਾਪ ਸਾਰੇ,
ਜੱਪ ਤੇ ਜਾਪ ਬਗੈਰ ਨਾ ਰਾਹ ਕੋਈ



Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਕਰੇ ਕਿ ਇਸ ਤਰ੍ਹਾਂ ਹੋ ਜਾਵੇ,
ਜੱਪ ਤੇ ਜਾਪ ਬਿਨ ਆਏ ਨਾ ਸਾਹ ਕੋਈ

ਭਜਨ, ਭੋਜਨ ਦੇ ਵਾਂਗਰਾਂ, ਹੋਏ ਲਾਜ਼ਮ,
ਭਜਨ ਬਿਨਾਂ ਨਾ ਭੋਜਨ ਤੱਕ ਜਾਇਆ ਜਾਵੇ
ਕ੍ਰਿਪਾ ਸਤਿਗੁਰੂ ਕਰੇ ਤਾਂ ਭਜਨ ਹੁੰਦਾ,
ਭਜਨ ਹੋਏ ਤਾਂ ਸਤਿਗੁਰੂ ਪਾਇਆ ਜਾਵੇ

ਦੁਖਾ-ਸੁੱਖਾਂ ਤੋਂ ਪਰੇ ਆਨੰਦ ਏਥੇ,
ਜੱਪ ਤੇ ਜਾਪ ਤੋਂ ਰੰਗ ਚੜ੍ਹਾ ਗਏ ਓ
ਸਾਨੂੰ ਮਰਨ ਦੀ ਜਾਚ ਸਿਖਾ ਗਏ ਓ,
ਸਾਨੂੰ ਜਿਊਣ ਦੀ ਜਾਚ ਸਿਖਾ ਗਏ ਓ

ਜਗਤ-ਮਾਤ ਸਾਡੀ ਚੰਦ ਕੌਰ ਮਾਤਾ,
ਇਹ ਹੈ ਕਾਮਧੇਨੂੰ, ਅੰਮ੍ਰਿਤ ਗਰਸਦੀ ਹੈ
ਭੁੱਖਾਂ ਅਤੇ ਪਿਆਸਾ ਨਾ ਰਿਹਾ ਕੋਈ,
ਕਲਪ-ਬਿਰਛ ਤੋਂ ਸਿੱਖਾਂ ਨੂੰ ਬਖਸ਼ਦੀ ਹੈ

ਗੁਰ ਜਗਜੀਤ ਸਿੰਘ ਓਹਲੇ ਤੇ ਰੱਖ ਓਹਲਾ,
ਓਹਲੇ-ਓਹਲੇ ਵਿਚ ਉਦੇ ਵਰਗਾ ਗਏ ਓ
ਸਾਨੂੰ ਮਰਨ ਦੀ ਜਾਚ ਸਿਖਾ ਗਏ ਓ,
ਸਾਨੂੰ ਜਿਉਣ ਦੀ ਜਾਚ ਸਿਖਾ ਗਏ ਓ।

◆

(ਵਰਿਆਮ, ਨਵੰਬਰ 2014)



Sri Satguru Jagjit Singh Ji eLibrary NamdhariElibrary@gmail.com

# ਸਾਨੂੰ ਮਾਣ ਸੀ ਗੁਰੂ ਜਗਜੀਤ 'ਤੇ

**–ਸੋਹਲ**

ਸਾਨੂੰ ਮਾਣ ਸੀ ਗੁਰੂ ਜਗਜੀਤ ਉਤੇ, ਨਾਲੇ ਉਸ ਦੀਆਂ ਸੋਚਾਂ ਦਾ
ਆਪਣੇ ਤਨ 'ਤੇ ਸਭ ਕੁਝ ਜਰਿਆ, ਭਲਾ ਸੋਚਿਆ ਲੋਕਾਂ ਦਾ

ਅਮਨ ਚੈਨ ਨਾਲ ਸਾਰੇ ਵਸਣ, ਸਿਮਰਨ ਸਾਰਾ ਜੱਗ ਕਰੇ
ਈਰਖਾਂ ਸਭ ਦੀ ਮੁੱਕ ਜਾਏ ਵਿਚੋਂ, ਪਿਆਰ ਵਧ ਜਾਏ ਲੋਕਾਂ ਦਾ

ਮੁੱਕ ਜਾਣ ਕਾਮ ਕ੍ਰੋਧ ਦੇ ਝਗੜੇ, ਪਿਆਰ ਵਧ ਜਾਏ ਲੋਕਾਂ ਦਾ
ਸਾਨੂੰ ਮਾਣ ਸੀ ਗੁਰੂ ਜਗਜੀਤ ਉਤੇ, ਨਾਲੇ ਉਸ ਦੀਆਂ ਸੋਚਾਂ ਦਾ

ਇੰਨੀਆਂ ਗਹਿਰੀਆਂ ਸੋਚਾਂ ਸੋਚੇ, ਸਾਗਰ ਵੀ ਘੱਟ ਗਹਿਰਾ
ਲੋਕ ਪਰਲੋਕ ਦਾ ਮਾਲਕ ਸੀ ਉਹੋ, ਹਰ ਥਾਂ ਉਸਦਾ ਪਹਿਰਾ

ਨਰਕਾਂ ਵਿਚੋਂ ਕੱਢਿਆਂ ਸਭ ਨੂੰ, ਮਾਲਕ ਗਹਿਰੀਆਂ ਸੋਚਾਂ ਦਾ
ਸਾਨੂੰ ਮਾਣ ਸੀ ਗੁਰੂ ਜਗਜੀਤ ਉਤੇ, ਨਾਲੇ ਉਸ ਦੀਆਂ ਸੋਚਾਂ ਦਾ

ਆਪਣੇ ਸਮੇਂ ਵਿੱਚ ਵਿੱਛੜੇ ਸਾਰੇ, ਮੁੜ ਕੇ ਘਰ ਨੂੰ ਮੋੜ ਲਏ
ਕਰਕੇ ਨਜ਼ਰ ਮੇਹਰ ਦੀ ਉਸ ਨੇ, ਵਿਛੜੇ ਸਾਰੇ ਜੋੜ ਲਏ

ਸਾਰੇ ਮੁੜ ਕੇ ਚਰਨੀਂ ਲਾ ਲਏ, ਖੋਲ੍ਹ ਕੇ ਰਸਤਾ ਰੋਕਾਂ ਦਾ
ਸਾਨੂੰ ਮਾਣ ਸੀ ਗੁਰੂ ਜਗਜੀਤ ਉਤੇ, ਨਾਲੇ ਉਸ ਦੀਆਂ ਸੋਚਾਂ ਦਾ

ਮਨ ਆਪਣੇ ਨੂੰ ਨਿਰਮਲ ਕਰਕੇ, ਜੋ ਵੀ ਇੱਥੇ ਝੁਕ ਜਾਂਦਾ
ਗੇੜ ਚੁਰਾਸੀ ਵਾਲਾ ਉਸਦਾ, ਜਨਮ ਜਨਮ ਦਾ ਮੁੱਕ ਜਾਂਦਾ

ਸਤਿਗੁਰੂ ਬੜਾ ਦਿਆਲੂ 'ਸੋਹਲ', ਮਾਲਕ ਸਾਰਿਆ ਲੋਕਾਂ ਦਾ
ਸਾਨੂੰ ਮਾਣ ਸੀ ਗੁਰੂ ਜਗਜੀਤ ਉਤੇ, ਨਾਲੇ ਉਸ ਦੀਆਂ ਸੋਚਾਂ ਦਾ

◆

**(ਵਰਤਮਾਨ ਹਿੰਦੁਸਤਾਨ, ਨਵੀਂ ਦਿੱਲੀ, ਦਸੰਬਰ 2015)**



Sri Satguru Jagjit Singh Ji eLibrary NamdhariElibrary@gmail.com

## ਮਹਿਰਮ ਦਿਲਾਂ ਦਾ ਸਾਨੂੰ ਛੱਡ ਤੁਰਿਆ

-ਗੁਰਮੀਤ ਕੌਰ ਮੀਤ

ਉੱਚ ਸਿਖਰਾਂ ਤੇ ਪੰਥ ਪਹੁੰਚਾਣ ਵਾਲਾ,
ਸਾਡਾ ਵਾਲੀ ਗੁਰ ਜਗਜੀਤ ਤੁਰ ਗਿਆ।
ਬੇਸਹਾਰਿਆਂ ਨੂੰ ਗਲ ਨਾਲ ਲਾਉਣ ਵਾਲਾ,
ਅੱਜ ਸੰਗਤਾਂ ਦਾ ਸਜਣ ਮੀਤ ਤੁਰ ਗਿਆ।

ਰਹਿ ਗਈ ਵਿੱਚ ਭੁਲੇਖੇ ਇਹ ਸੋਚਦੀ ਮੈਂ,
ਸਤਿਗੁਰੂ ਅਪੋਲੋ ਵਿੱਚ ਚੋਣ ਰਚਾਈ ਜਾਂਦੇ।
ਮਾੜੇ ਸਮੇਂ ਤੋਂ ਦੁਨੀਆਂ ਨੂੰ ਬਚਾਵਣ ਖਾਤਰ,
ਬੱਚੇ ਬੁੱਢੇ ਤਾਈਂ ਨਾਮ ਜਪਾਈਂ ਜਾਂਦੇ।

ਖਬਰੇ ਕਿਉਂ ਰੁੱਸਿਆਂ, ਕੀ ਅਸਾਂ ਕਸੂਰ ਕੀਤਾ,
ਦਿਨ 13 ਦਿਸੰਬਰ ਦਾ ਆਇਆ ਕਾਹਨੂੰ
ਹੋਣੀ ਹੋ ਲੱਥੀ ਵਰਤ ਗਿਆ ਅੱਜ ਭਾਂਣਾ,
ਇਕ ਚੰਦਰਾ ਸੁਨੇਹਾ ਕਿਉਂ ਆਇਆ ਸਾਨੂੰ।

ਚਾ ਗਿਆ ਹਨੇਰਾ ਸਾਡੀ ਅੱਖੀਆਂ ਦੇ ਸਾਹਮਣੇ,
ਬਦ ਕਿਸਮਤੀ ਨੇ ਸਾਨੂੰ ਦਿਨ ਇਹ ਦਿਖਾਇਆ।
ਕਦੀ ਪੁੱਛਾ ਕਿਸੇ ਨੂੰ, ਕਦੀ ਕਿਸੇ ਨੂੰ ਪੁੱਛਾ,
ਸ਼ਾਲਾ ਕੋਈ ਤੇ ਆਖੈ ਝੂਠ ਕਿਸੇ ਨੇ ਫੈਲਾਇਆ।

ਰੋਂਦੇ ਧੋਂਦਿਆਂ ਮੰਨਣਾ ਪੈ ਗਿਆ ਭਾਂਣਾ,
ਬਾਝ ਸਤਿਗੁਰੂ ਅਸੀਂ ਅਨਾਥ ਹੋ ਗਏ।
ਸ਼ਿਫਤਾਂ ਭਰਿਆਂ ਉਹ ਸੋਮਾ ਰਹਿਮਤਾਂ ਦਾ,
ਕਿੱਥੋਂ ਲੱਭਾਂਗੇ ਫੇਰ ਸੋਚ ਸੋਚ ਰੋ ਪਏ।

ਰੋਕ ਸਕਿਆ ਨਹੀਂ ਸਾਡਾ ਪਿਆਰ ਉਹਨੂੰ,
ਮਹਿਰਮ ਦਿਲਾਂ ਦਾ ਸਾਨੂੰ ਛੱਡ ਤੁਰਿਆ।



Sri Satguru Jagjit Singh Ji eLibrary NamdhariElibrary@gmail.com

ਕਿਹੜੇ ਗੁਨਾਹਾਂ ਦਾ ਸਾਨੂੰ ਸਰਾਪ ਮਿਲਿਆ,
ਫੀਤਾ ਫੀਤਾ ਕਰਕੇ ਦਿਲ ਮੇਰਾ ਰੱਬ ਤੁਰਿਆ।

ਰੱਖਿਆ ਹੱਥ ਫੇਰ ਸਿਰ 'ਤੇ ਪਾਤਸ਼ਾਹ ਜੀ,
ਮੇਰੇ ਦਿਲ ਨੂੰ ਉਹਨਾਂ ਧਰਵਾਸ ਦਿੱਤਾ।
ਗਿਆ ਦੂਰ ਨਹੀਂ ਮੈ ਤੁਹਾਥੋਂ ਕਿਧਰੇ,
ਤੁਹਾਡੇ ਦਿਲਾਂ ਦੇ ਵਿੱਚ ਮੈਂ ਵਾਸ ਕੀਤਾ।

ਯਾਦ ਕਰੋਗੇ ਜਦੋਂ, ਮੈਂ ਕੋਲ ਹੋਸਾਂ,
ਮੇਰੀ ਯਾਦ ਵਿੱਚ ਤੁਸਾਂ ਨੇ ਰੋਵਣਾ ਨਹੀਂ।
ਸੱਚ ਸੁੱਚ ਮਰਿਆਦਾ ਜੋ ਨਿਯਮ ਮੇਰੇ,
ਨਿਯਮਾਂ ਵਿੱਚ ਰਹਿਣਾ ਮੀਤ ਧੀਰਜ ਖੋਵਣਾ ਨਹੀਂ।

◆

**(ਵਰਤਮਾਨ ਹਿੰਦੁਸਤਾਨ (ਮਾਸਿਕ), ਜਨਵਰੀ 2013, ਪੰਨਾ 19)**



Sri Satguru Jagjit Singh Ji eLibrary NamdhariElibrary@gmail.com

## ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ

–ਗੁਰਮੁਖ ਸਿੰਘ ਰਤਨ

ਦਿਲ ਦੇ ਸਾਗਰ 'ਚੋਂ ਤੇਰੀ ਯਾਦ ਅੰਦਰ,
ਤੇਰਾ ਪਿਆਰ ਅੱਥਰੂ ਬਣ ਬਣ ਵਹੀ ਜਾਂਦਾ।
ਸੁਣਿਆਂ ਜਦੋਂ ਤੁਸੀਂ ਦੇਹ ਦਾ ਓਹਲਾ ਕੀਤਾ,
ਜੀਅੜਾ ਕਰਕ ਕਲੇਜੜੇ ਸਹੀ ਜਾਂਦਾ।
ਕਾਹਤੋਂ ਸਾਨੂੰ ਯਤੀਮ ਬਣਾ ਟੁਰਿਓਂ,
ਸਾਡਾ ਹੌਸਲਾ ਪਲ ਪਲ ਢਹੀ ਜਾਂਦਾ।
ਹੌਕੇ ਬਣ ਗਿਆ ਏ ਦਰਦੀਆਂ ਦਰਦ ਤੇਰਾ,
ਹਲਾਤ ਦਿਲ ਦੀ ਆਪੀ ਕਹੀਂ ਜਾਂਦਾ।
ਸਮਾਂ ਟੁਰਿਆ ਜਾਂਦਾ ਕਦੇ ਨਹੀਂ ਰੁਕਦਾ,
ਨਾ ਹੀ ਸਮੇਂ ਨੇ ਕੀਤਾ ਲਿਹਾਜ਼ ਆਪੀਂ
ਕਿਸੇ ਨੂੰ ਨਹੀਂ ਪਤਾ ਕੀ ਹੋਣ ਵਾਲਾ,
ਖੋਹਲਿਆ ਤੁਸਾਂ ਨਹੀਂ ਕਿਸੇ ਨਾਲ ਰਾਜ਼ ਆਪੀਂ।

ਕੁਝ ਦਿਨਾਂ ਤੱਕ ਅਪੋਲੋ ਹਸਪਤਾਲ ਰਹਿਕੇ,
ਚੰਗੇ ਮਾੜਿਆਂ ਤਾਈਂ ਆਪੀਂ ਤਾਰਿਆ ਏ।
ਦੁਨਿਆਵੀਂ ਤਰਫ਼ ਤੇ ਆਪ ਬੀਮਾਰੀ ਲੈ ਕੇ,
ਰੂਪ ਆਪ ਬੀਮਾਰ ਦਾ ਧਾਰਿਆਂ ਏ।
ਸਿੱਖ ਸੇਵਕ ਸਨ ਜਾਂ ਕੋਈ ਹੋਰ ਜਿਹੜੇ,
ਉਥੇ ਪੁੱਜ ਕੇ ਉਨ੍ਹਾਂ ਤਾਈਂ ਠਾਰਿਆ ਏ।
ਆਪਣੀ ਰਜ਼ਾ ਨਾਲ ਦੇਹ ਦਾ ਓਹਲਾ ਕੀਤਾ,
ਤੇਰੇ ਕੌਤਕ ਅੱਗੇ ਹਰ ਕੋਈ ਹਾਰਿਆਂ ਏ।
ਇਹ ਸੀ ਗੁਰੂ ਜਗਜੀਤ ਬਿਅੰਤ ਆਪੀਂ,
ਜੇ ਉਹਦੇ ਦਿਲ ਆਇਆ ਕਰ ਵਿਖਾਲਿਆ ਏ।
ਵਡ ਪ੍ਰਤਾਪੀ ਜੀ ਕੋਲ ਸਚਖੰਡ ਜਾਣੇ,
ਆਪਣੀ ਗੱਲ ਨੂੰ ਸਿਰੇ ਚੜ੍ਹਾਲਿਆ ਏ।



Sri Satguru Jagjit Singh Ji eLibrary NamdhariElibrary@gmail.com

ਕਈ ਚਿਰਾਂ ਤੋਂ ਆਪ ਸੀ ਚੁੱਪ ਵੱਟੀ,
ਕਈ ਡੂੰਘੀਆਂ ਸੋਚਾਂ ਵਿਚਾਰਦੇ ਰਹੇ।
ਅੱਖਾਂ ਮੀਟ ਕੇ ਸਭ ਕੁਝ ਵੇਖਦੇ ਰੇ,
ਤਾਹੀਓਂ ਹਰ ਪਾਸੇ ਝਾਤੀ ਮਾਰਦੇ ਰਹ।
ਚੀਨੀ ਵਾਲੇ ਦੇ ਚਰਨਾਂ ਨਾਲ ਜੁੜ ਕੇ,
ਹੱਥ ਜੋੜ ਕੇ ਅਰਜ਼ ਗੁਜ਼ਾਰਦੇ ਰਹੇ।
ਸੇਵਕ ਵਾਂਗ ਹੀ ਆਪਣੇ ਗੁਰਾਂ ਕੋਲੋਂ,
ਆਗਿਆ ਲੈ ਕੇ ਪੈਂਡਾਂ ਸੰਵਾਰਦੇ ਰਹੇ।
ਇਹ ਵੀ ਕੌਤਕ ਤੁਹਾਡਾ ਕੋਈ ਜਾਪਦਾ ਏ,
ਆਪੀਂ ਕਿਹਾ ਜਿਹੜਾ ਨਹੀਂ ਪਾਲਿਆ ਏ।
ਜਿਦਾਂ ਹੋਇਆ ਹੁਕਮ ਸਤਿਗੁਰੂ ਰਾਮ ਸਿੰਘ ਦਾ,
ਉਸੇ ਤਰ੍ਹਾਂ ਹੀ ਸਮਾਂ ਸੰਭਾਲਿਆ ਏ।

ਆਪਣੇ ਮਨ ਦੀਆਂ ਤੁਸੀਂ ਕਰ ਲਈਆਂ,
ਹਸਪਤਾਲ ਵਿਚ ਦੇਣ ਦੀਦਾਰ ਚਲ ਪਏ।
ਪਤਝੜ ਨਾਲੋਂ ਵੀਰਾਨੀਆਂ ਰਹਿ ਗਈਆਂ,
ਤੁਸੀਂ ਭੈਣੀ ਦੀ ਲੈ ਕੇ ਬਾਹਰ ਚੱਲ ਪਏ।
ਤੁਹਾਨੂੰ ਖਿੱਚ ਲੈਂਦੀ ਖਿੱਚ ਪਿਆਰ ਵਾਲੀ,
ਆਪੀਂ ਬਣਕੇ ਤੁਸੀਂ ਬੀਮਾਰ ਚਲ ਪਏ।
ਮੂੰਹ ਉੱਤੋਂ ਹਾਸੇ ਅਲੋਪ ਹੋਏ ਜਦੋਂ,
ਸੁਣਿਐ ਛੱਡ ਸਾਨੂੰ ਬਖਸ਼ਣਹਾਰ ਚਲ ਪਏ।
ਵਾਧੂ ਪਿਆਰ ਕਰਦੇ ਸੀ ਬੇਅੰਤ ਪਾਤਸ਼ਾਹ ਜੀ,
ਖ਼ਬਰੇ ਕਿੰਨੇ ਬੀਮਾਰਾਂ ਨੂੰ ਪਿਆਰਦੇ ਸਨ।
ਕੀਕਨ ਮੈਂ ਗਿਨਾਵਾਂ ਉਹ ਨਾਮ ਸਾਰੇ,
ਓਹ ਤਾਂ ਲੱਖਾਂ ਕਰੋੜਾਂ ਨੂੰ ਤਾਰਦੇ ਸਨ।

ਪੈ ਗਈ ਜਿਸ ਤੇ ਮੇਹਰ ਦੀ ਨਜ਼ਰ ਤੇਰੀ,
ਸੁੱਕੇ ਪੱਤੇ ਵੀ ਹੁੰਦੇ ਹਰੇ ਵੇਖੇ।



Sri Satguru Jagjit Singh Ji eLibrary NamdhariElibrary@gmail.com

ਭਾਵੇਂ ਭਰੀ ਗੁਨਾਹਾਂ ਦੀ ਝੱਲ ਸਿਰ ਤੇ,
ਤੇਰੇ ਕੋਲ ਆ ਕੇ ਓਹ ਵੀ ਤਰੇ ਵੇਖੇ।
ਦਾਣੇ ਦਾਣੇ ਤੋਂ ਸਨ ਮੁਹਤਾਜ ਜਿਹੜੇ,
ਕੋਠੇ ਉਹਨਾਂ ਦੇ ਦਾਣਿਆਂ ਭਰੇ ਵੇਖੇ।
ਤੇਰੀ ਪਾਰਖੂ ਨਜ਼ਰ ਦੀ ਗੱਲ ਕੀ ਸੀ,
ਹੈਂਕੜਬਾਜ ਵੀ ਤੇਰੇ ਅੱਗੇ ਡਰੇ ਵੇਖੇ।
ਇਹ ਹੈ ਗੁਰੂ ਜਗਜੀਤ ਦਾ ਦਰ ਐਸਾ,
ਜੋ ਵੀ ਮੰਗਿਆਂ ਏ ਸੋਈ ਪਾ ਲਿਆ ਏ।
ਜੀਹਨੂੰ ਵੇਖਿਆਂ ਸਰਧਾ ਪ੍ਰਤੀਤ ਵਾਲਾ 'ਰਤਨ',
ਚੁੱਕ ਕੇ ਸੀਨੇ ਨਾਲ ਲਾ ਲਿਆ ਏ।

◆

(ਵਰਤਮਾਨ ਹਿੰਦੁਸਤਾਨ (ਮਾਸਿਕ), ਜਨਵਰੀ 2013, ਪੰਨਾ 10)



Sri Satguru Jagjit Singh Ji eLibrary NamdhariElibrary@gmail.com

## ਬੋਲ ਵੀ ਉਸਦੇ ਹਾਣ ਦੇ ਨਹੀਂ

-ਸਤਨਾਮ ਸਿੰਘ ਕੋਮਲ

ਪਰ ਸਾਬਤ ਕਦਮ ਰੱਖੇ, ਰੱਖੀ ਕਾਇਮ ਹਿੰਮਤ
ਪੀੜਾਂ ਖਿੜੇ ਮੱਥੇ, ਸਦਾ ਸਹਾਰੀਆਂ ਨੇ।

ਡਰਦੇ ਨਹੀਂ ਸਿਰ ਪਾਈਆਂ ਮੁਸੀਬਤਾਂ ਤੋਂ
ਲਾਈਆਂ ਰੱਬ ਨਾਲ ਜਿਨ੍ਹਾਂ ਨੇ ਯਾਰੀਆਂ ਨੇ।

ਰਾਹਨੁਮਾਈ ਕੀਤੀ ਪੰਥ ਆਪਣੇ ਦੀ
ਬਖ਼ਸ਼ੀਆਂ ਸੱਚ ਖੰਡ ਲਈ ਰਾਹ ਦਾਰੀਆਂ ਨੇ।

ਰਹਿ ਕੇ ਹੁਕਮ ਅੰਦਰ ਜੀਵਨ ਬਤੀਤ ਕੀਤਾ
ਕੀਤੀਆਂ ਬੋਲਾਂ ਤੇ ਪਹਿਰੇ ਦਾਰੀਆਂ ਨੇ।

ਸਿਹਤ ਸਾਹਿਤ ਖੇਡਾਂ ਗੁਰਮਤਿ ਸੰਗੀਤ ਖੇੜੀ
ਨਿਰਮਲ ਪੰਥ ਦਾ, ਮੁੱਢਲਾ ਅੰਗ ਹੋ ਗਏ।

ਭਜਨ ਬੰਦਗੀ 'ਚ ਬੈਠੇ ਜੁੜ ਸਾਧ ਸੰਗਤ
ਰੰਗ ਲਈ ਆਤਮਾ, ਆਤਮ-ਰੰਗ ਹੋਣਗੇ।

ਉਹ ਸਾਜ਼ ਨੇ ਸਦਾ ਲਈ ਸੁਰ ਹੋ ਗਏ
ਛੋਹ ਹੰਮਲੀ ਜੇ ਦੀ ਤੇਰੇ ਪੋਟਿਆਂ ਦੀ।

ਸਿਰ ਜੋ ਵੀ ਨੇ ਤੇਰੇ ਦਰ ਝਕ ਆਏ
ਕਿਸਮਤ ਬਦਲ ਗਈ ਸਿੱਕਿਆਂ ਖੋਟਿਆਂ ਦੀ।

ਆਪਾਂ ਸੌਂਪਿਆ ਜਿਨ੍ਹਾਂ ਨਿਸ਼ੰਗ ਹੋ ਕੇ
ਫਿਕਰ ਲੱਥ ਆਈ ਲਾਹੇ ਤੋਟਿਆਂ ਦੀ।

ਧਿਰ ਨਿਧਰਿਆਂ ਦੀ ਥਾਂ ਨਿਥਾਣਿਆਂ ਦੀ
ਰਹੇ ਸਦਾ ਬਣਦੇ ਓਟ ਨਿਓਟਿਆਂ ਦੀ।



Sri Satguru Jagjit Singh Ji eLibrary NamdhariElibrary@gmail.com

ਤੰਤੀ ਸਾਜ਼ ਨੇ ਹੋਏ ਜਿਊਣ ਜੋਗੇ
ਨਵੀਂ ਗੁਰਮਤਿ ਸੰਗੀਤ ਨੂੰ ਦਿਸ਼ਾ ਦਿੱਤੀ।

ਸੂਝ ਬਖ਼ਸ਼ੀ ਹੈ ਰਾਗਾਂ ਦੀ ਰਾਗੀਆਂ ਨੂੰ
ਜੋੜ ਬਾਣੀ ਸੰਗ ਬਦਲ ਦਸ਼ਾ ਦਿੱਤੀ।

ਖੋਹਲੇ ਦਰ ਸੀ ਜੀਆਂ ਕਈ ਬਖਸ਼ਿਸ਼ਾਂ ਦੇ
ਕਈ ਪੁਸ਼ਤਾਂ ਕਈ, ਮਾਲਾ ਮਾਲ ਹੋ ਗਏ।

ਧੂੜ ਧਰਤ ਇਸ ਦੀ ਜਿਨ੍ਹਾਂ ਲਾਈ ਮੱਥੇ
ਵਤਨ ਦੋਖੀਆਂ, ਸਿਰ ਦਾ ਕਾਲ ਹੋ ਗਏ।

ਵਿਚ ਰਜ਼ਾ ਦੇ ਜੋ ਰਹਿਣ ਲਈ ਹੋਏ ਰਾਜੀ
ਉਸਦੀ ਜ਼ਿੰਦਗੀ ਦੇ ਹੱਕ ਸਵਾਲ ਹੋ ਗਏ।

ਛਿਪ ਜਾਣ ਦਾ ਨਹੀਂ ਇਤਬਾਰ ਆਉਂਦਾ
ਸੂਰਜ ਅਸਤਿਆਂ ਨੂੰ ਭਾਵੇਂ ਸਾਲ ਹੋ ਗਏ।

ਜੋ ਢਹਿ ਪਏ ਕੇ ਏਸ ਦਰ ਉੱਤੇ
ਖਾਕ ਦੁਨੀਆ ਦੀ ਓਹ ਫਿਰ ਛਾਣਦੇ ਨਹੀਂ।

ਕੋਮਲ ਕਲਮ ਤੋਂ ਨਹੀਂ ਇਨਸਾਫ਼ ਹੋਣਾ
ਮੇਰੇ ਬੋਲ ਵੀ ਉਸਦੇ ਹਾਣ ਦੇ ਨਹੀਂ।

◆



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਪ੍ਰੋ. ਹਰਮਿੰਦਰ ਸਿੰਘ ਬੇਦੀ ਪਿਛਲੇ ਚਾਰ ਦਹਾਕਿਆਂ ਤੋਂ ਹਿੰਦੀ ਕਵਿਤਾ ਦੇ ਨਾਮਵਰ ਕਵੀ ਅਤੇ ਪੰਜਾਬ ਦੀ ਹਿੰਦੀ ਕਵਿਤਾ ਦੇ ਚਸ਼ਮਦੀਦ ਗਵਾਹ ਹਨ। ਹਿੰਦੀ, ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਹੁਣ ਤੱਕ ਇਨ੍ਹਾਂ ਨੇ 50 ਪੁਸਤਕਾਂ ਦੀ ਰਚਨਾ ਕੀਤੀ ਹੈ। ਆਪ ਪੈਂਤੀ ਵਰ੍ਹੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਆਪਣੇ ਅਧਿਆਪਨ ਕਾਰਜ ਦੇ ਦੌਰਾਨ ਪ੍ਰੋਫੈਸਰ ਤੇ ਮੁਖੀ ਹਿੰਦੀ ਵਿਭਾਗ, ਡੀਨ ਭਾਸ਼ਾ ਫੈਕਲਟੀ, ਕਬੀਰ ਵਿਦਿਆਪੀਠ ਦੇ ਚੇਅਰ ਪਰਸਨ, ਸਤਿਗੁਰੂ ਰਾਮ ਸਿੰਘ ਚੇਅਰ ਦੇ ਮੁਖੀ, ਪ੍ਰੈੱਸ ਅਤੇ ਪ੍ਰਕਾਸ਼ਨ ਵਿਭਾਗ ਦੇ ਚੇਅਰਮੈਨ ਰਹੇ। 2017 ਵਿਚ ਭਾਰਤ ਦੇ ਰਾਸ਼ਟਰਪਤੀ ਵਲੋਂ ਆਪ ਨੂੰ ਕੌਮੀ ਹਿੰਦੀ ਸੇਵੀ ਸਨਮਾਨ ਦਿੱਤਾ ਗਿਆ। ਪ੍ਰੋ. ਹਰਮਿੰਦਰ ਸਿੰਘ ਬੇਦੀ ਭਾਰਤੀ ਸਮਾਜਿਕ ਅਨੁਸੰਧਾਨ ਪਰਿਸ਼ਦ (ICSSR) ਮਾਨਵ ਸੰਸਾਧਨ ਵਿਕਾਸ ਮੰਤ੍ਰਾਲਯ, ਭਾਰਤ ਸਰਕਾਰ ਦੇ ਮੈਂਬਰ ਹਨ। ਆਪ ਸੂਚਨਾ ਅਤੇ ਪ੍ਰਸਾਰਨ ਮੰਤਰਾਲਯ, ਭਾਰਤ ਸਰਕਾਰ ਦੇ ਹਿੰਦੀ ਸਲਾਹਕਾਰ ਸੰਮਿਤੀ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਹਨ। ਅੱਜ ਕੱਲ੍ਹ ਆਪ ਕੇਂਦਰੀ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼ ਦੇ ਚਾਂਸਲਰ ਹਨ।

ਪ੍ਰੋ. ਕੁਲਦੀਪ ਸਿੰਘ, ਚੇਅਰ ਪ੍ਰੋਫੈਸਰ ਬਾਬਾ ਸਤਿਗੁਰੂ ਰਾਮ ਸਿੰਘ ਚੇਅਰ ਅਤੇ ਮੁਖੀ ਇਤਿਹਾਸ ਵਿਭਾਗ, ਕੇਂਦਰੀ ਯੂਨੀਵਰਸਿਟੀ ਪੰਜਾਬ, ਬਠਿੰਡਾ ਦੇ ਅਹੁਦੇ 'ਤੇ ਸੇਵਾ ਨਿਭਾ ਰਹੇ ਹਨ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬ ਦੇ ਆਧੁਨਿਕ ਇਤਿਹਾਸ ਦਾ ਅਧਿਐਨ ਕਰ ਰਹੇ ਹਨ। ਖਾਸ ਕਰਕੇ ਬਰਤਾਨਵੀ ਰਾਜ ਵਿਚ ਨਾਮਧਾਰੀ ਅੰਦੋਲਨ ਦੀ ਭੂਮਿਕਾ ਦੀ ਖੋਜ ਪੜਤਾਲ ਨੂੰ ਉਨ੍ਹਾਂ ਨੇ ਆਪਣੇ ਅਧਿਐਨ ਦਾ ਪ੍ਰਮੁੱਖ ਵਿਸ਼ਾ ਬਣਾਇਆ ਹੈ। ਆਪ ਕੇਂਦਰੀ ਯੂਨੀਵਰਸਿਟੀ ਪੰਜਾਬ, ਬਠਿੰਡਾ ਵਿਖੇ ਨਿਯੁਕਤੀ ਤੋਂ ਪਹਿਲਾ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਵਿਖੇ ਲੰਮਾ ਸਮਾਂ ਬਤੌਰ ਐਸੋਸੀਏਟ ਪ੍ਰੋਫੈਸਰ ਅਤੇ ਪ੍ਰਿੰਸੀਪਲ ਦੇ ਅਹੁਦੇ ਉਪਰ ਕੰਮ ਕਰਦੇ ਰਹੇ। ਦੇਸ਼ ਅਤੇ ਦੇਸ਼ ਤੋਂ ਬਹਾਰ ਅਮਰੀਕਾ ਤੇ ਕੈਨੇਡਾ ਦੀਆਂ ਨਾਮਧਾਰੀ ਵਿਸ਼ਵ ਸਿੱਖ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਮਾਣ ਸਨਮਾਨ ਪ੍ਰਾਪਤ ਹੋ ਚੁਕੇ ਹਨ। ਨਾਮਧਾਰੀ ਅੰਦੋਲਨ ਨਾਲ ਸੰਬੰਧਤ ਸੱਤ ਦੇ ਕਰੀਬ ਪੁਸਤਕਾਂ ਲਿਖ ਚੁੱਕੇ ਹਨ। ਉਹਨਾਂ ਦੀ ਪਹਿਲੀ ਕਾਵਿ-ਪੁਸਤਕ 'ਕਾਇਨਾਤ ਦੇ ਬੋਲ' ਹੈ, ਜਿਸ ਦਾ ਉਘੜਵਾਂ ਪੱਖ ਪ੍ਰਕਿਰਤੀ ਅਤੇ ਸਮਾਜਿਕ ਤੰਦਾਂ ਦੇ ਭੇਦ ਖੋਲ੍ਹਦਾ ਹੈ।

CENTRAL UNIVERSITY OF PUNJAB

**Baba Satguru Ram Singh Chair**
**Central University of Punjab**
**Bathinda**

Forever Learning

ISBN 978-93-5205-381-0

9 789352 053810

www.unistarbooks.com ₹ 400/-

Sri Satguru Jagjit Singh Ji eLibrary NamdhariElibrary@gmail.com